Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: **Gurjatinder Singh Randhawa**

Punjab Mail USA

REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444

Vol. 17, Issue- 752, 01 to 07 June, 2023, Ph: 916-320-9444, E-mail: punjabmailusa@yahoo.com, Web: punjabmailusa.com

## ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਨੂੰ ਦੂਜਾ ਮੌਕਾ ਦੇਵੇਗਾ ਕੈਨੇਡਾ

**■ ਦਾਖਲੇ ਦੇ ਪੇਸ਼ਕਸ਼ ਪੱਤਰ ਫਰਜ਼ੀ ਪਾਏ ਜਾਣ ਤੋਂ ਬਾਅਦ ਮਿਲੇ ਸੀ ਦੇਸ਼ ਨਿਕਾਲੇ ਦੇ ਨੋਟਿਸ**



ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ।




**ਟੋਰਾਂਟੋ, (ਪੰਜਾਬ ਮੇਲ)**- ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਕਿਹਾ ਕਿ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਫਰਜ਼ੀ ਪੇਸ਼ਕਸ਼ ਪੱਤਰਾਂ ਦੀਆਂ ਤਾਜ਼ਾ ਰਿਪੋਰਟਾਂ ਦੀ ਸਰਗਰਮੀ ਨਾਲ ਜਾਂਚ ਕਰ ਰਿਹਾ ਹੈ।

ਲਗਭਗ 700 ਭਾਰਤੀ ਵਿਦਿਆਰਥੀਆਂ ਨੂੰ ਵਿਦਿਅਕ ਸੰਸਥਾਵਾਂ ਵਿਚ ਦਾਖਲੇ ਦੇ ਪੇਸ਼ਕਸ਼ ਪੱਤਰ ਫਰਜ਼ੀ ਪਾਏ ਜਾਣ ਤੋਂ ਬਾਅਦ ਦੇਸ਼ ਨਿਕਾਲੇ ਦੇ ਨੋਟਿਸ ਜਾਰੀ ਕੀਤੇ ਗਏ ਸਨ। ਕੈਨੇਡਾ ਧੋਖਾਧੜੀ ਦਾ ਸ਼ਿਕਾਰ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੀ ਸਥਿਤੀ ਦਾ ਪ੍ਰਦਰਸ਼ਨ ਕਰਨ ਅਤੇ ਆਪਣੇ ਕੇਸ ਦੇ ਸਮਰਥਨ ਲਈ ਸਬੂਤ ਪੇਸ਼ ਕਰਨ ਦਾ ਮੌਕਾ ਦੇਵੇਗਾ। ਇਹ ਕੈਨੇਡੀਅਨ ਬਾਰਡਰ ਸਕਿਓਰਿਟੀ ਏਜੰਸੀ (ਸੀ.ਬੀ.ਐੱਸ.ਏ.) ਦੁਆਰਾ 700 ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੇ ਨੋਟਿਸ ਜਾਰੀ ਕੀਤੇ ਜਾਣ ਦੇ ਮਹੀਨਿਆਂ ਬਾਅਦ ਆਇਆ ਹੈ ਕਿਉਂਕਿ ਵਿਦਿਅਕ ਸੰਸਥਾਵਾਂ ਵਿਚ ਉਨ੍ਹਾਂ ਦੇ ਦਾਖਲੇ ਦੇ ਪੇਸ਼ਕਸ਼ ਪੱਤਰ ਜਾਅਲੀ ਪਾਏ ਗਏ ਸਨ। ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਕਿਹਾ ਕਿ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ. ਸੀ.ਸੀ.) ਫਰਜ਼ੀ ਸਵੀਕ੍ਰਿਤੀ

■ ਬਾਕੀ ਖਬਰ ਸਫਾ 15 'ਤੇ

## ਮਾਨ ਕੈਬਨਿਟ 'ਚ ਦੋ ਨਵੇਂ ਮੰਤਰੀ ਸ਼ਾਮਲ

**■ ਗੁਰਮੀਤ ਸਿੰਘ ਖੁੱਡੀਆਂ ਅਤੇ ਬਲਕਾਰ ਸਿੰਘ ਨੇ ਚੁੱਕੀ ਸਹੁੰ**
**■ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਪੰਜਾਬ ਕੈਬਨਿਟ ਤੋਂ ਅਸਤੀਫ਼ਾ**



ਬਲਕਾਰ ਸਿੰਘ, ਗੁਰਮੀਤ ਸਿੰਘ ਖੁੱਡੀਆਂ ਅਤੇ ਪੰਜਾਬ ਗਵਰਨਰ ਬਨਵਾਰੀ ਲਾਲ ਪੁਰੋਹਿਤ।

**ਚੰਡੀਗੜ੍ਹ, (ਪੰਜਾਬ ਮੇਲ)**- ਮੁੱਖ ਮੰਤਰੀ ਭਗਵੰਤ ਮਾਨ ਦੀ ਕੈਬਨਿਟ 'ਚ 2 ਨਵੇਂ ਚਿਹਰੇ ਸ਼ਾਮਲ ਹੋ ਗਏ ਹਨ। ਇੱਥੇ ਪੰਜਾਬ ਰਾਜ ਭਵਨ ਵਿਖੇ ਮੁੱਖ ਮੰਤਰੀ ਮਾਨ ਨੇ ਆਪਣੀ ਕੈਬਨਿਟ 'ਚ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਅਤੇ ਲੰਬੀ ਤੋਂ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਨੂੰ ਸ਼ਾਮਲ ਕਰ ਲਿਆ ਹੈ। ਦੋਹਾਂ ਮੰਤਰੀਆਂ ਵਲੋਂ ਰਾਜ ਭਵਨ ਵਿਖੇ ਮੰਤਰੀ ਅਹੁਦੇ ਦੀ ਸਹੁੰ ਚੁੱਕ ਲਈ ਗਈ ਹੈ।

ਮੁੱਖ ਮੰਤਰੀ ਭਗਵੰਤ ਮਾਨ ਬਾਦਲ ਪਰਿਵਾਰ ਨੂੰ ਟੱਕਰ ਦੇਣ ਲਈ ਨਵਾਂ ਦਾਅ ਖੇਡਣ ਜਾ ਰਹੇ ਹਨ। ਉਨ੍ਹਾਂ ਵੱਲੋਂ ਹਲਕਾ ਲੰਬੀ ਤੋਂ ਪੰਜ ਵਾਰ ਦੇ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾਉਣ ਵਾਲੇ ਗੁਰਮੀਤ ਸਿੰਘ ਖੁੱਡੀਆਂ ਨੂੰ ਵਿਸ਼ੇਸ਼ ਤੌਰ 'ਤੇ ਕੈਬਨਿਟ ਵਿਚ ਸ਼ਾਮਲ ਕੀਤਾ ਗਿਆ ਹੈ।

ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਨਾਲ ਮਾਲਵਾ ਖ਼ਿੱਤੇ 'ਚ ਪਾਰਟੀ ਨੂੰ ਮਜ਼ਬੂਤੀ ਮਿਲੇਗੀ ਤੇ ਨਾਲ ਹੀ ਬਾਦਲ ਪਰਿਵਾਰ ਦੇ ਗੜ੍ਹ ਵਿਚ ਉਨ੍ਹਾਂ ਨੂੰ ਕਰੜੀ ਚੁਣੌਤੀ ਦਿੱਤੀ ਜਾਏਗੀ। ਸਿਆਸੀ ਮਾਹਿਰਾਂ ਦਾ ਵੀ ਮੰਨਣਾ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਦੇਹਾਂਤ ਮਗਰੋਂ ਬਾਦਲ ਪਰਿਵਾਰ ਨੂੰ ਇਸ ਖ਼ਿੱਤੇ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਪਵੇਗਾ ਕਿਉਂਕਿ ਬਹੁਤ ਸਾਰੇ ਲੋਕ ਭਾਵਨਾਤਮਿਕ ਤੌਰ 'ਤੇ ਪ੍ਰਕਾਸ਼ ਸਿੰਘ ਬਾਦਲ ਨਾਲ ਜੁੜੇ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਨੂੰ ਆਪਣੀ ਕੈਬਨਿਟ 'ਚ ਸ਼ਾਮਲ ਕਰਨ ਦਾ ਫ਼ੈਸਲਾ ਕਰਕੇ ਜਲੰਧਰ ਨੂੰ ਮਾਣ ਦਿੱਤਾ ਹੈ।

■ ਬਾਕੀ ਖਬਰ ਸਫਾ 15 'ਤੇ

## ਰਾਹੁਲ ਗਾਂਧੀ 10 ਦਿਨਾਂ ਅਮਰੀਕਾ ਦੌਰੇ ਲਈ ਸਾਨ ਫਰਾਂਸਿਸਕੋ ਪਹੁੰਚੇ




ਸਾਨ ਫਰਾਂਸਿਸਕੋ ਪੁੱਜੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦਾ ਸਵਾਗਤ ਕਰਦੇ ਹੋਏ ਸਥਾਨਕ ਆਗੂ।

**ਸਾਨ ਫਰਾਂਸਿਸਕੋ, (ਪੰਜਾਬ ਮੇਲ)**- ਕਾਂਗਰਸ ਨੇਤਾ ਰਾਹੁਲ ਗਾਂਧੀ ਅਮਰੀਕਾ ਦੇ 3 ਸ਼ਹਿਰਾਂ ਦੇ ਦੌਰੇ ਲਈ ਸਾਨ ਫਰਾਂਸਿਸਕੋ ਪਹੁੰਚੇ। ਇਸ ਦੌਰਾਨ ਉਹ ਭਾਰਤੀ ਭਾਈਚਾਰੇ ਦੇ ਲੋਕਾਂ ਅਤੇ ਅਮਰੀਕੀ ਸੰਸਦ ਮੈਂਬਰਾਂ ਨਾਲ ਮੁਲਾਕਾਤ ਕਰਨਗੇ।

ਰਾਹੁਲ ਗਾਂਧੀ ਦਾ ਹਵਾਈ ਅੱਡੇ 'ਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਅਤੇ ਸੰਗਠਨ ਦੇ ਹੋਰ ਮੈਂਬਰਾਂ ਨੇ ਸਵਾਗਤ ਕੀਤਾ। ਰਾਹੁਲ ਵੱਲੋਂ ਸਾਨ ਫਰਾਂਸਿਸਕੋ ਦੀ ਵੱਕਾਰੀ ਸਟੈਨਫੋਰਡ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਉਹ ਵਾਸ਼ਿੰਗਟਨ ਵਿਚ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਨਗੇ ਤੇ ਸੰਸਦ ਮੈਂਬਰਾਂ ਅਤੇ ਸੰਸਥਾਵਾਂ ਨਾਲ ਜੁੜੇ ਲੋਕਾਂ ਨਾਲ ਮੀਟਿੰਗਾਂ ਕਰਨਗੇ। ਅਮਰੀਕੀ ਦੌਰੇ ਦੌਰਾਨ 52 ਸਾਲਾ ਕਾਂਗਰਸ ਨੇਤਾ ਦੇ ਭਾਰਤੀ-ਅਮਰੀਕੀਆਂ ਨੂੰ ਸੰਬੋਧਨ ਕਰਨ ਅਤੇ ਵਾਲ ਸਟਰੀਟ ਦੇ

■ ਬਾਕੀ ਖਬਰ ਸਫਾ 15 'ਤੇ

## ਘੱਲੂਘਾਰਾ ਹਫ਼ਤੇ ਦੇ ਮੱਦੇਨਜ਼ਰ ਪੰਜਾਬ 'ਚ ਵਧਾਈ ਗਈ ਸੁਰੱਖਿਆ



**■ ਡੀ.ਜੀ.ਪੀ. ਨੇ ਪੁਲਿਸ ਅਫ਼ਸਰਾਂ ਨੂੰ ਜਾਰੀ ਕੀਤੀਆਂ ਸਖ਼ਤ ਹਦਾਇਤਾਂ**

**ਚੰਡੀਗੜ੍ਹ/ਜਲੰਧਰ (ਪੰਜਾਬ ਮੇਲ)**- ਘੱਲੂਘਾਰਾ ਹਫ਼ਤੇ ਨੂੰ ਨੇੜੇ ਵੇਖਦੇ ਹੋਏ ਪੰਜਾਬ ਪੁਲਿਸ ਨੇ ਸੂਬੇ ਭਰ ਵਿਚ ਸੁਰੱਖਿਆ ਵਧਾ ਦਿੱਤੀ ਹੈ। ਉੱਚ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਡੀ.ਜੀ.ਪੀ. ਗੌਰਵ ਯਾਦਵ ਦੀਆਂ ਹਦਾਇਤਾਂ 'ਤੇ ਸਾਰੇ ਪੁਲਿਸ ਕਮਿਸ਼ਨਰਾਂ ਤੇ ਐੱਸ.ਐੱਸ.ਪੀਜ਼ ਨੂੰ ਅਗਲੇ 10 ਦਿਨਾਂ ਤੱਕ ਸੂਬੇ ਭਰ 'ਚ ਸੁਰੱਖਿਆ ਦੇ ਵਿਆਪਕ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ। ਘੱਲੂਘਾਰਾ ਹਫ਼ਤਾ ਹਰ ਸਾਲ ਆਪ੍ਰੇਸ਼ਨ ਬਲਿਊ ਸਟਾਰ ਦੀ ਬਰਸੀ ਦੇ ਸਿਲਸਿਲੇ 'ਚ ਮਨਾਇਆ ਜਾਂਦਾ ਹੈ। ਵਰਣਨਯੋਗ ਹੈ ਕਿ ਪੰਜਾਬ ਵਿਚ 1 ਤੋਂ 6 ਜੂਨ ਦੇ ਵਿਚਕਾਰ

■ ਬਾਕੀ ਖਬਰ ਸਫਾ 15 'ਤੇ

## ਜੋਅ ਬਾਇਡਨ ਅਤੇ ਕੇਵਿਨ ਮੈਕਕਾਰਥੀ ਵਿਚਾਲੇ ਕਰਜ਼ੇ ਦੀ ਸੀਮਾ ਨੂੰ ਲੈ ਕੇ ਹੋਇਆ ਸਮਝੌਤਾ!

**■ ਸਮਝੌਤੇ ਤਹਿਤ ਕਰਜ਼ੇ ਦੀ ਸੀਮਾ ਵਧਾ ਕੇ 31.4 ਟ੍ਰਿਲੀਅਨ ਡਾਲਰ ਕਰਨ 'ਤੇ ਬਣੀ ਸਹਿਮਤੀ**
**■ ਅਮਰੀਕਾ 'ਤੇ ਦੀਵਾਲੀਏਪਣ ਦਾ ਖ਼ਤਰਾ ਟਲਿਆ!**



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਸਮੇਤ ਪੂਰੀ ਦੁਨੀਆ ਲਈ ਰਾਹਤ ਦੀ ਖ਼ਬਰ ਹੈ। ਕਰਜ਼ੇ ਦੇ ਸੰਕਟ ਨਾਲ ਜੂਝ ਰਿਹਾ ਅਮਰੀਕਾ ਦੀਵਾਲੀਆ ਹੋਣ ਦੀ ਕਗਾਰ 'ਤੇ ਪਹੁੰਚ ਗਿਆ ਸੀ ਪਰ ਹੁਣ ਲੱਗਦਾ ਹੈ ਕਿ ਜਲਦੀ ਹੀ ਅਮਰੀਕਾ ਇਸ ਸੰਕਟ 'ਤੇ ਕਾਬੂ ਪਾ ਲਵੇਗਾ। ਦਰਅਸਲ ਰਾਸ਼ਟਰਪਤੀ ਜੋਅ ਬਾਈਡੇਨ, ਰਿਪਬਲਿਕਨ ਸੰਸਦ ਮੈਂਬਰ ਅਤੇ ਅਮਰੀਕੀ ਕਾਂਗਰਸ ਦੇ ਸਪੀਕਰ ਕੇਵਿਨ ਮੈਕਕਾਰਥੀ ਵਿਚਕਾਰ ਕਰਜ਼ੇ ਦੀ ਸੀਮਾ ਨੂੰ ਲੈ ਕੇ ਲਗਭਗ ਸਮਝੌਤਾ ਹੋ ਚੁੱਕਾ ਹੈ। ਇਸ ਸਮਝੌਤੇ ਤਹਿਤ ਕਰਜ਼ੇ ਦੀ ਸੀਮਾ ਵਧਾ ਕੇ 31.4 ਟ੍ਰਿਲੀਅਨ ਡਾਲਰ ਕਰਨ 'ਤੇ ਸਹਿਮਤੀ ਬਣੀ ਹੈ। ਇਸ ਦੇ ਨਾਲ ਹੀ ਅਮਰੀਕਾ 'ਚ ਕਰੀਬ ਇਕ ਮਹੀਨੇ ਤੋਂ ਚੱਲ ਰਿਹਾ ਟਕਰਾਅ ਵੀ ਖ਼ਤਮ ਹੋ ਜਾਵੇਗਾ। ਮੀਡੀਆ ਰਿਪੋਰਟਾਂ ਮੁਤਾਬਕ ਦੋਵਾਂ ਸਿਖਰਲੇ ਨੇਤਾਵਾਂ ਵਿਚਾਲੇ ਅਜੇ ਤੱਕ ਪੂਰਾ ਸਮਝੌਤਾ ਨਹੀਂ ਹੋਇਆ ਹੈ ਪਰ ਲਗਭਗ ਸਹਿਮਤੀ ਬਣ ਗਈ ਹੈ। ਅਜੇ ਕੁਝ ਚੀਜ਼ਾਂ 'ਤੇ ਗੱਲਬਾਤ

■ ਬਾਕੀ ਖਬਰ ਸਫਾ 13 'ਤੇ

## ਪੰਜਾਬ ਪੁਲਿਸ ਵੱਲੋਂ ਬੰਬੀਹਾ ਗੈਂਗ ਦੇ 10 ਸ਼ੂਟਰਾਂ ਦੀਆਂ ਤਸਵੀਰਾਂ ਜਾਰੀ

**■ ਗ੍ਰਿਫ਼ਤਾਰੀ ਲਈ ਪੰਜਾਬ ਪੁਲਿਸ ਵੱਲੋਂ ਕੀਤੀ ਜਾ ਰਹੀ ਛਾਪੇਮਾਰੀ**



**ਜਲੰਧਰ/ਅੰਮ੍ਰਿਤਸਰ (ਪੰਜਾਬ ਮੇਲ)**- ਹਾਲ ਹੀ ਵਿਚ ਅੰਮ੍ਰਿਤਸਰ ਦੇ ਬਾਬਾ ਬਕਾਲਾ ਸਾਹਿਬ ਦੇ ਕਸਬਾ ਸਠਿਆਲਾ ਵਿਖੇ ਹੋਏ ਕਾਲਜ ਦੇ ਸਾਬਕਾ ਪ੍ਰਧਾਨ ਜਰਨੈਲ ਸਿੰਘ ਕਤਲ ਕੇਸ ਨੂੰ ਲੈ ਕੇ ਪੰਜਾਬ ਪੁਲਿਸ ਨੇ ਬੰਬੀਹਾ ਗੈਂਗ ਦੇ 10 ਸ਼ੂਟਰਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਸ ਦੀ ਜਾਣਕਾਰੀ ਡੀ.ਜੀ.ਪੀ. ਗੌਰਵ ਯਾਦਵ ਨੇ ਟਵਿੱਟਰ ਜ਼ਰੀਏ ਦਿੱਤੀ ਹੈ। ਟਵਿੱਟਰ 'ਤੇ ਪੋਸਟ ਸ਼ੇਅਰ ਕਰਦੇ ਹੋਏ ਪੰਜਾਬ ਪੁਲਿਸ ਵੱਲੋਂ ਕਿਹਾ ਗਿਆ ਹੈ ਕਿ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਇਸ ਪੂਰੀ ਸਾਜਿਸ਼ ਦਾ ਪਰਦਾਫਾਸ਼ ਕੀਤਾ ਹੈ। ਜਰਨੈਲ ਸਿੰਘ ਦੇ ਕਤਲ ਕੇਸ ਨੂੰ ਅੰਜਾਮ ਦੇਣ ਲਈ ਬੰਬੀਹਾ ਗੈਂਗ ਦੇ 10 ਮੁਲਜ਼ਮ/ਸ਼ੂਟਰਾਂ ਨੇ ਭੂਮਿਕਾ ਨਿਭਾਈ ਸੀ। ਉਥੇ ਹੀ ਪੁਲਿਸ ਵੱਲੋਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

ਜ਼ਿਕਰਯੋਗ ਹੈ ਕਿ ਬਾਬਾ ਬਕਾਲਾ ਸਾਹਿਬ ਦੇ ਕਸਬਾ ਸਠਿਆਲਾ 'ਚ 24 ਮਈ ਨੂੰ ਕਾਲਜ ਦੇ ਸਾਬਕਾ ਪ੍ਰਧਾਨ ਜਰਨੈਲ ਸਿੰਘ ਦਾ ਸ਼ੂਟਰਾਂ ਨੇ ਸ਼ਰੇਆਮ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਹਮਲਾਵਰਾਂ ਨੇ ਜਰਨੈਲ ਸਿੰਘ ਨੂੰ 20 ਤੋਂ 25 ਦੇ ਕਰੀਬ ਗੋਲ਼ੀਆਂ ਮਾਰੀਆਂ ਸਨ। ਗੋਲ਼ੀਆਂ ਲੱਗਣ ਕਾਰਨ ਜਰਨੈਲ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਸਵਿੱਫਟ ਕਾਰ 'ਤੇ ਸਵਾਰ ਹੋ ਕੇ ਆਏ ਸਨ। ਜਰਨੈਲ ਸਿੰਘ ਵੇਟ ਲਿਫਟਰ ਵਜੋਂ ਵੀ ਜਾਣਿਆ ਜਾਂਦਾ ਸੀ।

■ ਬਾਕੀ ਖਬਰ ਸਫਾ 13 'ਤੇ

## 12 ਸਾਲਾਂ ਬਾਅਦ ਐੱਸ.ਜੀ.ਪੀ.ਸੀ. ਚੋਣਾਂ ਕਰਾਉਣ ਦੀਆਂ ਤਿਆਰੀਆਂ!

**■ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਚੋਣਾਂ ਲਈ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕਰਨ ਲਈ ਕਿਹਾ**

**ਅੰਮ੍ਰਿਤਸਰ, (ਪੰਜਾਬ ਮੇਲ)**- ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 12 ਸਾਲਾਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀਆਂ ਚੋਣਾਂ ਕਰਾਉਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕਰਨ ਲਈ ਆਖਿਆ ਹੈ।

ਹਾਸਲ ਜਾਣਕਾਰੀ ਮੁਤਾਬਕ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਐੱਸ.ਐੱਸ. ਸਾਰੋਂ ਨੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ ਤੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਕੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ ਬੋਰਡ ਗਠਨ ਕਰਨ ਵਾਸਤੇ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕੀਤਾ ਜਾਵੇ।

ਇਸ ਚਾਰ ਸਫ਼ਿਆਂ ਦੇ ਇਸ ਪੱਤਰ ਵਿਚ ਵੋਟਰ ਦੀ ਯੋਗਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਚੋਣਾਂ ਵਿਚ ਹਿੱਸਾ ਲੈਣ ਵਾਲੇ ਵੋਟਰ ਦੀ ਉਮਰ ਘੱਟੋ-ਘੱਟ 21 ਵਰ੍ਹੇ ਹੋਣੀ ਚਾਹੀਦੀ ਹੈ ਤੇ ਉਹ ਸਿਰ ਜਾਂ ਦਾੜ੍ਹੀ ਦੇ ਕੇਸ ਨਾ ਕਟਵਾਉਂਦਾ ਹੋਵੇ। ਪੱਤਰ ਵਿਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਆਖਿਆ ਗਿਆ ਕਿ ਇਹ ਜਲਦੀ ਸ਼ੁਰੂ ਕੀਤਾ ਜਾਵੇ।

ਗੁਰਦੁਆਰਾ ਕਮਿਸ਼ਨ ਵੱਲੋਂ ਭੇਜੇ ਤਾਜ਼ਾ ਪੱਤਰ ਵਿਚ ਨਵੇਂ ਵੋਟਰਾਂ ਦੇ ਨਾਂ ਦਰਜ ਕਰਨ ਦੇ ਹੁਕਮ ਦਿੱਤੇ ਗਏ ਹਨ ਪਰ ਨਵੇਂ ਨਾਂ ਦਰਜ ਕਰਵਾਉਣ ਲਈ ਇਸ ਵਿਚ ਸ਼ਰਤਾਂ ਰੱਖੀਆਂ ਗਈਆਂ ਹਨ। 21 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਸਿੱਖ ਆਪਣਾ ਨਾਂ ਦਰਜ ਕਰਵਾ ਸਕਦਾ ਹੈ, ਬਸ਼ਰਤੇ ਉਹ ਕੇਸ 'ਤੇ ਦਾੜ੍ਹੀ ਨਾ ਕੱਟਦਾ ਹੋਏ। ਸ਼ਰਾਬ ਦਾ ਸੇਵਨ ਨਾ ਕਰਦਾ ਹੋਏ ਤੇ ਸਿਗਰਟ-ਤੰਬਾਕੂ ਆਦਿ ਦਾ ਸੇਵਨ ਵੀ ਨਾ ਕਰਜਾ ਹੋਏ। ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਵਾਲਾ ਕੋਈ ਵੀ ਸਿੱਖ ਸਬੰਧਤ ਪਟਵਾਰੀ ਕੋਲ ਜਾ ਕੇ ਆਪਣਾ ਨਾਂ ਦਰਜ ਕਰਵਾ ਸਕਦਾ ਹੈ।

ਦਰਅਸਲ ਨਿਯਮਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਰ 5 ਸਾਲ ਬਾਅਦ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਪਰ

■ ਬਾਕੀ ਖਬਰ ਸਫਾ 13 'ਤੇ


VALLEJO TEEYAN
MELA 2023
Sunday, July 16th, 2023 from 12-6pm
Hosted By
Asha Sharma
Only for Ladies and Children
At Dan Foley Cultural Center
(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing
and Jewelry Booths.
Organizer
Sunita Verma
Come and enjoy a day filled with entertainment
and festiveties, including Punjabi Folk songs and
dances, Gidha, Boliyan and much more...
Copyright@Punjab Mail USA
To Participate Rent Space for a booth, or Sponsor, Please Contact:
SUNITA VERMA : 707-853-9006
Email: sonalideep@gmail.com


Flamingo
Banquet Hall, Sweets & Catering
Catering up to 5,000 Guests
anywhere in C.A.
Paul 510-325- 8433
"Let us make your event
a dream come true"
Touch Of Elegance Decor
Cristy 510-672-8118


EYEBROW ART BY RASHMI
Book your choice
"New" Jewelry
Henna
•Organic Skin Care Packages
• Organic Hair Care Sets
• Makeup
• Accessories
• Indian Bridal Jelwery
• Indian Wedding Packages
+More
101 W.American Canyon Rd. Ste 506
707-362-4594


CHINNA JEWELLERS INC
We Sell & Buy Gold & Silver Coins At
Wholesale Price, We Sell 22k Gold
Jewelry & Real Birth Stones
Inderjit Singh President
Cell 916-956-3094
Office & Fax 916-706-3447
inderjit803643@gmail.com
www.chinnajewellers.com
7454 Stockton Blvd, Suite-A Sacramento, CA 95823 USA

ਹੁੰਮਹੁਮਾ ਕੇ ਪਹੁੰਚੋ ਖੁੱਲ੍ਹਾ ਸੱਦਾ

# 13th Children Summer Sports Camp - 2023

# 13ਵਾਂ ਬੱਚਿਆਂ ਦਾ ਖੇਡ ਕੈਂਪ - 2023

## *8th July, Saturday*



Dedicated to
Late Bahadar Singh
Social Worker of Seattle

**Wilson Play Fields Kent WA. 13028 SE. 251st. Kent, WA - 98030**

**8 ਜੁਲਾਈ, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ**

ਕੋਈ ਫੀਸ ਨਹੀਂ, ਸਗੋਂ ਸਪੋਰਟਸ ਕਿੱਟ ਦੀ ਹਰੇਕ ਸਾਲ ਸੰਧੂ ਤੇ ਕਾਹਲੋਂ ਵੱਲੋਂ ਮੁਫਤ ਸੇਵਾ ਕੀਤੀ ਜਾ ਰਹੀ ਹੈ।

ਮਨਜੀਤ ਸਿੰਘ ਦੀ ਇੰਸ਼ੋਰੈਂਸ ਵੱਲੋਂ ਹਰੇਕ ਸਾਲ ਫ੍ਰੀ ਇੰਸ਼ੋਰੈਂਸ ਦੀ ਸੇਵਾ ਕੀਤੀ ਜਾਂਦੀ ਹੈ।

ਦਾਨੀਆਂ ਵੱਲੋਂ ਮੁਫਤ ਰੀਫਰੈਸ਼ਮੈਂਟ ਦੀ ਸੇਵਾ ਕੀਤੀ ਜਾਂਦੀ ਹੈ।

ਬਜ਼ੁਰਗਾਂ ਲਈ ਸੈਰ ਤੇ ਯੋਗਾ 6 ਤੋਂ 7 ਵਜੇ ਤੱਕ

*Every Saturday & Sunday 5-7 AM*

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪਿਛਲੇ 12 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਬੱਚਿਆਂ ਨੂੰ ਤੰਦਰੁਸਤ ਮਨੋਰੰਜਨ ਦੇ ਕੇ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੇ ਖੇਡਾਂ ਨਾਲ ਜੋੜਨ ਦੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਾਲ 8 ਜੁਲਾਈ, ਦਿਨ ਸ਼ਨਿੱਚਰਵਾਰ, 5 ਵਜੇ ਬੱਚਿਆਂ ਦੀ ਤੰਦਰੁਸਤੀ ਲਈ ਅਤੇ ਸੱਟ-ਫੇਟ ਤੋਂ ਬਚਾਅ ਲਈ ਅਰਦਾਸ ਕਰਕੇ ਬੱਚਿਆਂ ਦੇ ਖੇਡ-ਕੈਂਪ ਦਾ ਸ਼ੁੱਭ ਆਰੰਭ ਕੀਤਾ ਜਾ ਰਿਹਾ ਹੈ। ਆਪਣੇ ਬੱਚਿਆਂ ਨੂੰ ਕੈਂਪ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ।





ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਦਾ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

**ਸਵਾਗਤ ਕਰਤਾ : Sikhs of Seattle**

**ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

**ਗੁਰਚਰਨ ਸਿੰਘ ਢਿੱਲੋਂ : 206-412-1559**

*gsdhillon51@gmail.com*



Designed By Punjab Mail USA

# ਸਿਨਸਿਨਾਟੀ ਵਿਖੇ ਰੀਜਨਲ ਸਿੱਖ ਯੂਥ ਸਿਮਪੋਜ਼ੀਅਮ 2023 ਕਰਵਾਇਆ ਗਿਆ



ਸਿਨਸਿਨਾਟੀ (ਓਹਾਇਓ), (ਰਾਜ ਗੋਗਨਾ/ਪੰਜਾਬ ਮੇਲ)-ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵਲੋਂ ਕਰਵਾਏ ਜਾਂਦੇ ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਨ ਮੁਕਾਬਲੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਕਰਵਾਏ ਗਏ। ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਇਸ ਰੀਜਨਲ ਸਿਮਪੋਜ਼ੀਅਮ ਵਿਚ ਸਿਨਸਿਨਾਟੀ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 23 ਸਾਲ ਤੱਕ ਦੇ 26 ਬੱਚਿਆਂ ਨੇ ਭਾਗ ਲਿਆ। ਇਸ ਤੋਂ ਪਹਿਲਾਂ ਅਪ੍ਰੈਲ ਮਹੀਨੇ ਵਿਚ ਇਨ੍ਹਾਂ ਤਿੰਨਾ ਸ਼ਹਿਰਾਂ ਦੇ ਸਥਾਨਕ ਪੱਧਰ ਦੇ ਸਿਮਪੋਜ਼ੀਅਮ ਮੁਕਾਬਲੇ ਕਰਵਾਏ ਗਏ ਸਨ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਮਪੋਜ਼ੀਅਮ ਲਈ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਸਥਾਨਕ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਅਪ੍ਰੈਲ ਦੇ ਮਹੀਨੇ ਵਿਚ ਤਿੰਨਾਂ ਸ਼ਹਿਰਾਂ ਦੇ ਸਥਾਨਕ ਪੱਧਰ 'ਤੇ ਹੋਏ ਸਿਮਪੋਜ਼ੀਅਮ ਦੇ ਜੇਤੂ ਬੱਚੇ ਰੀਜਨਲ ਸਿਮਪੋਜ਼ੀਅਮ ਵਿਚ ਭਾਗ ਲੈਂਦੇ ਹਨ। ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਪਹਿਲਾਂ ਜਨਵਰੀ ਦੇ ਮਹੀਨੇ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਭਾਗ ਲੈਣ ਵਾਲਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਬੇਸਿਕ ਨੋਲੇਜ ਆਫ ਸਿੱਖਇਜ਼ਮ", ਦੂਜੇ ਨੂੰ "ਸਿੱਖ ਸਾਖੀਜ਼ ਫਾਰ ਯੂਥ", ਤੀਜੇ ਨੂੰ "ਦੀ ਟਰਬਨ" ਅਤੇ ਚੌਥੇ ਨੂੰ "ਗੁਰੂ ਗ੍ਰੰਥ ਸਾਹਿਬ - ਸੁਪਰੀਮ ਟਰੇਜ਼ਰ" ਕਿਤਾਬ ਦਿੱਤੀ ਗਈ, ਜਿਸ ਵਿਚੋਂ ਉਨ੍ਹਾਂ ਦਿੱਤੇ ਗਏ ਸਵਾਲਾਂ ਦੇ ਜਵਾਬ ਵਿਚ ਭਾਸਨ ਦਿੱਤੇ। ਗਰੁੱਪ 5 ਨੂੰ "ਸਿੱਖ ਜੀਵਨ ਜਾਚ /ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ" ਦਾ ਵਿਸ਼ਾ ਦਿੱਤਾ ਗਿਆ ਸੀ। ਇਸ ਸਾਲ ਸਿਨਸਿਨਾਟੀ ਤੋਂ 11, ਕਲੀਵਲੈਂਡ ਤੋਂ 10 ਅਤੇ ਪਿਟਸਬਰਗ ਤੋਂ 6 ਨੌਜਵਾਨਾਂ ਨੇ ਰੀਜਨਲ ਲਈ ਭਾਗ ਲਿੱਤਾ। ਸਿਮਪੋਜ਼ੀਅਮ ਦੀ ਆਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ।

# ਫਿਲਾਡੇਲਫੀਆ 'ਚ 21 ਸਾਲਾ ਭਾਰਤੀ ਮੂਲ ਦੇ ਵਿਦਿਆਰਥੀ ਦੀ ਹੱਤਿਆ


ਮ੍ਰਿਤਕ ਜੂਡ ਚਾਕੋ ਦੀ ਯਾਦਗਰੀ ਫੋਟੋ

**ਫਿਲਾਡੇਲਫੀਆ, (ਰਾਜ ਗੋਗਨਾ/ਪੰਜਾਬ ਮੇਲ)-** ਬੀਤੇ ਦਿਨੀਂ ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਦੇ ਸਹਿਰ ਫਿਲਾਡੇਲਫੀਆ ਵਿਚ 21 ਸਾਲਾ ਭਾਰਤੀ ਨੌਜਵਾਨ ਦੀ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਵਿਦਿਆਰਥੀ ਦੀ ਪਹਿਚਾਣ ਜੂਡ ਚਾਕੋ ਵਜੋਂ ਹੋਈ ਹੈ, ਜੋ ਭਾਰਤ ਦੇ ਕੇਰਲਾ ਰਾਜ ਦੇ ਕੋਲਮ ਜ਼ਿਲ੍ਹੇ ਦਾ ਰਹਿਣ ਵਾਲਾ ਸੀ, ਜਿਸ ਨੂੰ ਬੀਤੇ ਦਿਨੀਂ ਐਤਵਾਰ ਨੂੰ ਕੰਮ ਤੋਂ ਵਾਪਸ ਆਉਂਦੇ ਸਮੇਂ ਗੋਲੀ ਮਾਰ ਦਿੱਤੀ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੇ ਮਾਤਾ-ਪਿਤਾ 30 ਸਾਲ ਪਹਿਲਾਂ ਭਾਰਤ ਤੋ ਅਮਰੀਕਾ ਆਏ ਸਨ। ਪੁਲਿਸ ਅਧਿਕਾਰੀਆਂ ਦੇ ਹਵਾਲੇ ਨਾਲ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚਾਕੋ, ਇੱਕ ਵਿਦਿਆਰਥੀ ਸੀ, ਜੋ ਪਾਰਟ-ਟਾਈਮ ਵੀ ਕੰਮ ਕਰਦਾ ਸੀ, ਤੇ ਲੁੱਟ ਦੀ ਕੋਸ਼ਿਸ਼ ਦੌਰਾਨ ਦੋ ਵਿਅਕਤੀਆਂ ਨੇ ਹਮਲਾ ਕੀਤਾ ਸੀ।

ਉਨ੍ਹਾਂ ਦਾ ਅੰਤਿਮ ਸੰਸਕਾਰ ਸ਼ਨੀਵਾਰ ਨੂੰ ਫਿਲਾਡੇਲਫੀਆ ਦੇ ਮਲੰਕਾਰਾ ਕੈਥੋਲਿਕ ਚਰਚ 'ਚ ਕੀਤਾ ਜਾਣਾ ਹੈ। ਜ਼ਿਕਰਯੋਗ ਹੈ ਕਿ ਇਸ ਸਾਲ ਸਾਹਮਣੇ ਆਈ ਇਹ ਦੂਜੀ ਘਟਨਾ ਹੈ, ਜਿਸ ਵਿਚ ਅਮਰੀਕਾ ਵਿਚ ਭਾਰਤੀ ਮੂਲ ਦੇ ਵਿਦਿਆਰਥੀ ਨੂੰ ਨਿਸ਼ਾਨਾ ਬਣਾ ਕੇ ਮਾਰਿਆ ਗਿਆ।


## ਕਾਰਪੋਰਲ ਸ਼ਹੀਦ ਗੁਰਪ੍ਰੀਤ ਸਿੰਘ ਦੀ 12ਵੀਂ ਬਰਸੀ

11 ਜੂਨ 2023, ਦਿਨ ਐਤਵਾਰ, ਗੁਰਦੁਆਰਾ ਸਾਹਿਬ, ਰੋਜ਼ਵਿਲ



Designed By Punjab Mail USA

**Corporal Gurpreet Singh**

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ

ਸਿੱਖ ਕੌਮ ਦੇ ਮਹਾਨ ਸਪੂਤ ਕਾਰਪੋਰਲ ਗੁਰਪ੍ਰੀਤ ਸਿੰਘ ਅਮਰੀਕਾ ਦੀ ਫੌਜ ਵੱਲੋਂ ਲੜਦਾ ਹੋਇਆ ਅਫ਼ਗਾਨਿਸਾਨ ਵਿੱਚ ਸੰਨ 2011 ਵਿਚ ਸ਼ਹੀਦੀ ਪ੍ਰਾਪਤ ਕਰ ਗਿਆ ਸੀ। ਇਸ ਬਹਾਦੁਰ ਨੌਜਵਾਨ ਦੀ 12ਵੀਂ ਬਰਸੀ 11 ਜੂਨ 2023, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ, ਰੋਜ਼ਵਿਲ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਕਾਰਪੋਰਲ ਗੁਰਪ੍ਰੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕਰਨ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਸ਼ੁੱਕਰਵਾਰ, 06-9-2023**
**ਭੋਗ ਸ੍ਰੀ ਅਖੰਡ ਪਾਠ ਸਾਹਿਬ, ਐਤਵਾਰ, 06-11-2023**

**GURDWARA SRI SACHKHAND SAHIB**
**1090, Main Street, Roseville - 95678**

SPACE SPONSORED BY
Punjab Mail USA TV Channel, Newspaper, Radio





# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹੁਸ਼ਿਆਰਪੁਰ ਵਿਖੇ ਖੋਲ੍ਹਿਆ ਗਿਆ ਇੱਕ ਮੁਫਤ ਕੰਪਿਊਟਰ ਸੈਂਟਰ

## ਧਰਮਸ਼ਾਲਾ ਨੂੰ ਭੇਂਟ ਕੀਤੀ ਗਈ ਐਂਬੂਲੈਂਸ ਵੈਨ









ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹੁਸ਼ਿਆਰਪੁਰ ਵਿਖੇ ਖੋਲ੍ਹੇ ਗਏ ਮੁਫਤ ਕੰਪਿਊਟਰ ਸੈਂਟਰ ਦਾ ਉਦਘਾਟਨ ਕਰਨ ਸਮੇਂ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਖੁਰਾਲਗੜ੍ਹ ਸਾਹਿਬ ਨੂੰ ਐਂਬੂਲੈਂਸ ਭੇਂਟ ਕਰਨ ਸਮੇਂ ਡਾ. ਐੱਸ.ਪੀ. ਸਿੰਘ ਓਬਰਾਏ।

**ਹੁਸ਼ਿਆਰਪੁਰ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹੁਸ਼ਿਆਰਪੁਰ ਵਿਖੇ ਇੱਕ ਕੰਪਿਊਟਰ ਸੈਂਟਰ ਵਿੱਦਿਆ ਮੰਦਰ ਸਕੂਲ ਵਿਚ ਖੋਲ੍ਹਿਆ ਗਿਆ ਅਤੇ ਇੱਕ ਐਂਬੂਲੈਂਸ ਵੈਨ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮਸ਼ਾਲਾ, ਖੁਰਾਲਗੜ੍ਹ ਸਾਹਿਬ ਨੂੰ ਦਿੱਤੀ ਗਈ, ਜਿਸ ਦਾ ਉਦਘਾਟਨ ਸਾਂਝੇ ਤੌਰ ’ਤੇ ਕੈਬਨਿਟ ਮੰਤਰੀ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ, ਮਿਸ ਕੋਮਲ ਮਿੱਤਲ (ਡੀ.ਸੀ. ਹੁਸ਼ਿਆਰਪੁਰ) ਅਤੇ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਸਾਂਝੇ ਤੌਰ ’ਤੇ ਕੀਤਾ ਗਿਆ।

ਇਸ ਕੰਪਿਊਟਰ ਸੈਂਟਰ ਨੂੰ ਡੌਲੀ ਚੀਮਾ ਚਲਾਉਣਗੇ, ਜਿਹੜੀ ਕਿ ਇੱਕ ਸਮਾਜ ਸੇਵੀ ਅਤੇ ਕਾਰੋਬਾਰੀ ਮਹਿਲਾ ਹਨ। ਇਸ ਕੰਪਿਊਟਰ ਸੈਂਟਰ ’ਚ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਲੜਕੀਆਂ ਨੂੰ ਫਰੀ ਕੰਪਿਊਟਰ ਸਿੱਖਿਆ ਦਿੱਤੀ ਜਾਵੇਗੀ। ਦੱਸ ਦੇਈਏ ਕਿ ਇਸ ਸੈਂਟਰ ਵਿਚ ਤਕਰੀਬਨ 40 ਵਿਦਿਆਰਥਣਾਂ ਦੀ ਫਰੀ ਐਡਮਿਸ਼ਨ ਹੋ ਚੁੱਕੀ ਹੈ। ਵਿੱਦਿਆ ਮੰਦਰ ਸਕੂਲ ਤੋਂ ਸ਼੍ਰੀ ਅਨੁਰਾਗ ਸੂਦ, ਸਕੂਲ ਦੀ ਮੈਨੇਜਮੈਂਟ ਅਤੇ ਸਾਰੀ ਟੀਮ ਵੱਲੋਂ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਇਸ ਉਪਰਾਲੇ ਲਈ ਡਾ. ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਡਾ. ਐੱਸ.ਪੀ. ਸਿੰਘ ਓਬਰਾਏ ਜੋ ਮਨੁੱਖਤਾ ਦੀ ਸੇਵਾ ਕਰ ਰਹੇ ਹਨ, ਉਸ ਦੀ ਤੁਲਨਾ ਕਿਸੇ ਵਿਅਕਤੀ ਨਾਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਕਈ ਲੋਕਾਂ ਵਿਚ ਥੋੜ੍ਹਾ ਜਿਹਾ ਦਾਨ ਦੇ ਕੇ ਹਉਮੈ ਆ ਜਾਂਦੀ ਹੈ ਪਰ ਇੱਕ ਡਾ. ਐੱਸ.ਪੀ. ਸਿੰਘ ਓਬਰਾਏ ਹਨ ਜਿਹੜੇ ਕਿ ਆਪਣੀ ਆਮਦਨ ਵਿਚੋਂ 98 ਪ੍ਰਤੀਸ਼ਤ ਹਿੱਸਾ ਦਾਨ ਵਜੋਂ ਦਿੰਦੇ ਹਨ ਪਰ ਉਨ੍ਹਾਂ ਵਿਚ ਕਦੇ ਵੀ ਹਉਮੈ ਨਹੀਂ ਦੇਖੀ ਗਈ।

ਇਸ ਮੌਕੇ ਡੀ.ਸੀ. ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਨੇ ਕਿਹਾ ਕਿ ਮੈਂ ਪਹਿਲਾਂ ਐੱਸ.ਡੀ.ਐੱਮ. ਮੁਕੇਰੀਆਂ ਵਿਚ ਸੀ ਅਤੇ ਮੇਰੇ ਹਸਬੈਂਡ ਐੱਸ.ਡੀ.ਐੱਮ. ਦਸੂਹਾ ਵਿਚ ਸੀ। ਉਸ ਸਮੇਂ ਉਨ੍ਹਾਂ ਨੇ ਸ. ਓਬਰਾਏ ਤੋਂ ਇੱਕ ਡਾਇਲਸਿਸ ਮਸ਼ੀਨ ਦੀ ਮੰਗ ਕੀਤੀ, ਜੋ ਕਿ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਇੱਕ ਹਫਤੇ ਦੇ ਅੰਦਰ-ਅੰਦਰ ਹੀ ਲਗਾ ਦਿੱਤੀ ਗਈ। ਜਿਸ ਕਾਰਨ ਮੈਂ ਉਦੋਂ ਤੋਂ ਹੀ ਡਾ. ਓਬਰਾਏ ਜੀ ਤੋਂ ਬਹੁਤ ਪ੍ਰਭਾਵਿਤ ਹਾਂ। ਇਸ ਤੋਂ ਬਾਅਦ ਡੀ.ਸੀ. ਮੈਡਮ ਨੇ ਡਾ. ਓਬਰਾਏ ਨੂੰ ਓਲਡ ਏਜ ਹੋਮ ਅਤੇ ਅਨਾਥ ਬੱਚਿਆਂ ਦਾ ਸਕੂਲ ਦਿਖਾਇਆ, ਜਿਸ ਵਿਚ ਪਹਿਲਾਂ ਹੀ ਸਰਬੱਤ ਦਾ ਭਲਾ ਟਰੱਸਟ ਵੱਲੋਂ ਕਈ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਅਤੇ ਡਾ. ਓਬਰਾਏ ਨੇ ਅੱਗੇ ਵੀ ਹੋਰ ਕਈ ਸੇਵਾਵਾਂ ਕਰਨ ਵਿਚ ਆਪਣੀ ਰੁਚੀ ਦਿਖਾਈ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ. ਆਗਿਆ ਪਾਲ ਸਿੰਘ ਸਾਹਨੀ, ਅਵਤਾਰ ਸਿੰਘ ਸੈਕਟਰੀ, ਜਗਮੀਤ ਸਿੰਘ, ਗੁਰਪ੍ਰੀਤ ਸਿੰਘ, ਪ੍ਰਸ਼ੋਤਮ ਅਰੋੜਾ, ਸੰਜੀਵ ਅਰੋੜਾ, ਜੇ.ਐੱਸ. ਢਿੱਲੋਂ, ਦਿਲਰਾਜ ਸਿੰਘ, ਜੰਡਾ ਜੀ, ਨਰਿੰਦਰ ਸਿੰਘ ਅਤੇ ਨਰਿੰਦਰ ਤੂਰ ਤੋਂ ਇਲਾਵਾ ਕਈ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ।

# ਕੈਨੇਡਾ-ਅਮਰੀਕਾ ਸਰਹੱਦ ’ਤੇ 4 ਭਾਰਤੀਆਂ ਦੀ ਮੌਤ ਮਾਮਲੇ ’ਚ ਗ੍ਰਿਫ਼ਤਾਰ ਵਿਅਕਤੀ ਵੱਲੋਂ ਦੋਸ਼ ਮੰਨਣ ਤੋਂ ਇਨਕਾਰ

**ਹਿਊਸਟਨ, (ਪੰਜਾਬ ਮੇਲ)-** ਫਲੋਰੀਡਾ ਦੇ ਇਕ ਵਿਅਕਤੀ ਨੇ ਕੈਨੇਡਾ-ਅਮਰੀਕਾ ਸਰਹੱਦ ਤੋਂ ਕੁਝ ਕਦਮਾਂ ਦੀ ਦੂਰੀ ’ਤੇ ਪਿਛਲੇ ਸਾਲ ਇਕ ਭਾਰਤੀ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਦੇ ਮਾਮਲੇ ਵਿਚ ਮਨੁੱਖੀ ਤਸਕਰੀ ਦਾ ਦੋਸ਼ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਖ਼ੁਦ ਨੂੰ ਬੇਕਸੂਰ ਦੱਸਿਆ ਹੈ। ‘ਗ੍ਰੈਂਡ ਫੋਰਕਸ ਹੇਰਾਲਡ’ ਅਖ਼ਬਾਰ ਦੀ ਖ਼ਬਰ ਮੁਤਾਬਕ ਸਟੀਵ ਸ਼ੈਂਡ (48) ’ਤੇ ਜਨਵਰੀ 2022 ਦੀ ਕੜਾਕੇ ਦੀ ਸਰਦੀ ਦੌਰਾਨ ਗੈਰ-ਕਾਨੂੰਨੀ ਤਰੀਕੇ ਨਾਲ ਭਾਰਤ ਤੋਂ ਅਮਰੀਕਾ ਵਿਚ ਪ੍ਰਵਾਸੀਆਂ ਨੂੰ ਲਿਆਉਣ ਦਾ ਦੋਸ਼ ਹੈ।

ਜਦੋਂ ਮਿਨੀਸੋਟਾ ਮੈਜਿਸਟ੍ਰੇਟ ਜੱਜ ਲਿਓ ਬ੍ਰਿਸਬੋਇਸ ਨੇ ਸ਼ੈਂਡ ਨੂੰ ਪੁੱਛਿਆ ਕਿ ਉਹ ਦੋਸ਼ਾਂ ਬਾਰੇ ਕੀ ਕਹੇਗਾ, ਤਾਂ ਉਸ ਨੇ ਕਿਹਾ ਕਿ “ਮੈਂ ਇਨ੍ਹਾਂ ਦੋਸ਼ਾਂ ਨੂੰ ਸਵੀਕਾਰ ਨਹੀਂ ਕਰਦਾ।” ਸ਼ੈਂਡ ਨੂੰ ਜਨਵਰੀ 2022 ਵਿਚ ਉੱਤਰੀ ਮਿਨੀਸੋਟਾ ਦੇ ਇੱਕ ਦੂਰ-ਦੁਰਾਡੇ ਇਲਾਕੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।



## ਆਪਣੇ ਆਪ ਨੂੰ ਦੱਸਿਆ ਬੇਕਸੂਰ

ਕੈਨੇਡਾ ਪ੍ਰੈਸ ਨਿਊਜ਼ ਏਜੰਸੀ ਨੇ ਦੱਸਿਆ ਕਿ ਚਾਰ ਲੋਕਾਂ ਦੀਆਂ ਲਾਸ਼ਾਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੂੰ ਮੈਨੀਟੋਬਾ ਵਿਚ ਕੈਨੇਡਾ-ਅਮਰੀਕਾ ਦੀ ਸਰਹੱਦ ਤੋਂ ਲਗਭਗ 12 ਮੀਟਰ ਦੀ ਦੂਰੀ ’ਤੇ ਮਿਲੀਆਂ ਸਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਉਨ੍ਹਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 39 ਸਾਲਾ ਜਗਦੀਸ਼ ਪਟੇਲ, ਉਸ ਦੀ ਪਤਨੀ ਵੈਸ਼ਾਲੀਬੇਨ (37), 11 ਸਾਲਾ ਬੇਟੀ ਵਿਹਾਂਗੀ ਅਤੇ ਤਿੰਨ ਸਾਲਾ ਪੁੱਤਰ ਧਰਮਿਕ ਵਜੋਂ ਹੋਈ ਸੀ।

# ਮਨਟੀਕਾ ’ਚ ਪਤਨੀ ਨੂੰ ਕਤਲ ਕਰਨ ਦੀ ਕੋਸ਼ਿਸ਼ ’ਚ ਪੰਜਾਬੀ ਗ੍ਰਿਫ਼ਤਾਰ



**ਫਰਿਜ਼ਨੋ, (ਪੰਜਾਬ ਮੇਲ)-** ਕੈਲੀਫੋਰਨੀਆ ਵਿਚ ਪੰਜਾਬੀ ਭਾਈਚਾਰੇ ਅੰਦਰ ਇੱਕ ਤੋਂ ਬਾਅਦ ਇੱਕ ਵਾਪਰ ਰਹੀਆਂ ਘਰੇਲੂ ਹਿੰਸਾ ਦੀਆਂ ਘਟਨਾਵਾਂ ਰੁੱਕਣ ਦਾ ਨਾਮ ਨਹੀਂ ਲੈ ਰਹੀਆਂ। ਮਨਟੀਕਾ ਵਿਚ ਕਤਲ ਹੋਈ ਔਰਤ ਦੀ ਖ਼ਬਰ ਦੀ ਹਾਲੇ ਸਿਆਹੀ ਨਹੀਂ ਸੀ ਸੁੱਕੀ ਕਿ ਫਰਿਜ਼ਨੋ ਦੇ ਲਾਗਲੇ ਸ਼ਹਿਰ ਕਲੋਵਿਸ ਤੋਂ ਇੱਕ ਹੋਰ ਅਜਿਹੀ ਖ਼ਬਰ ਕਾਰਨ ਹਰ ਕੋਈ ਫਿਕਰਮੰਦ ਹੈ। ਕਲੋਵਿਸ ਪੁਲਸ ਵਿਭਾਗ ਅਨੁਸਾਰ ਇੱਕ 29 ਸਾਲਾ ਵਿਅਕਤੀ ਨੂੰ ਘਰੇਲੂ ਹਿੰਸਾ ਅਤੇ ਕਤਲ ਦੀ ਕੋਸ਼ਿਸ਼ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦੋਂ ਉਸਨੇ ਆਪਣੀ ਪਤਨੀ ’ਤੇ ਜਾਨਲੇਵਾ ਹਮਲਾ ਕੀਤਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਅਕਤੀ ਨੂੰ ਰਾਤੋ ਰਾਤ ਫਰਿਜਨੋ ਤੋ ਤਕਰੀਬਨ 50 ਮੀਲ ਦੂਰ ਲਾਸ ਬਾਨੋਸ ਸ਼ਹਿਰ ਤੋ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਉਸਨੇ ਆਪਣੀ ਪਤਨੀ ਨੂੰ ਜਾਨਲੇਵਾ ਸੱਟਾਂ ਮਾਰਕੇ ਹਸਪਤਾਲ ਸੀ।



# ਸਿਆਟਲ 'ਚ ਖਾਲਸਾ ਸਾਜਣਾ ਨੂੰ ਸਮਰਪਿਤ ਨਗਰ ਕੀਰਤਨ ਸਮੇਂ ਖੂਬ ਰੌਣਕਾਂ ਲੱਗੀਆਂ




ਸਿਆਟਲ ਦੇ ਨਗਰ ਕੀਰਤਨ ਦੀਆਂ ਝਲਕੀਆਂ।



ਸਿਆਟਲ ਦੇ ਨਗਰ ਕੀਰਤਨ ਦੀਆਂ ਝਲਕੀਆਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੇ ਮੁੱਖ ਗੁਰਦੁਆਰਾ ਸਿੰਘ ਸਭਾ ਰੈਨਟਨ ਦੀ ਅਗਵਾਈ ਹੇਠ ਵਾਸ਼ਿੰਗਟਨ ਸਟੇਟ ਦੇ ਸਮੂਹ ਗੁਰਦੁਆਰਿਆਂ ਦੇ ਸਹਿਯੋਗ ਨਾਲ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਦੇ ਸੁੰਦਰ ਤੇ ਮਹਿੰਗੇ ਸੌਵੈਅਰ ਸੈਂਟਰ ਵਿਖੇ ਖਾਲਸਾ ਸਾਜਣਾ ਦਿਵਸ ਨੂੰ ਸਮਰਪਿਤ ਧਾਰਮਿਕ ਦੀਵਾਨ ਤੇ ਨਗਰ ਕੀਰਤਨ ਆਯੋਜਿਤ ਕੀਤਾ ਗਿਆ, ਜਿੱਥੇ ਭਾਰੀ ਗਿਣਤੀ ਵਿਚ ਸੰਗਤ ਨੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਤੇ ਆਨੰਦ ਮਾਣਿਆ। ਇਸ ਮੌਕੇ ਵੰਨ-ਸੁਵੰਨੇ ਖਾਣਿਆਂ ਦੇ ਸਟਾਲ ਲਗਾ ਕੇ ਖੂਬ ਸੇਵਾ ਕੀਤੀ, ਜਿਸ ਦਾ ਸੰਗਤ ਨੇ ਖੂਬ ਆਨੰਦ ਮਾਣਿਆ। ਸੇਵਾਦਾਰਾਂ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸੇਵਾ ਕੀਤੀ। ਇਸ ਮੌਕੇ ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਵਰਿਆਮ ਸਿੰਘ ਤੇ ਭਾਈ ਜਰਨੈਨ ਸਿੰਘ ਦੇ ਜੱਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਭਾਈ ਅਵਤਾਰ ਸਿੰਘ ਨੇ ਕਥਾ ਰਾਹੀਂ ਸਿੱਖ ਇਤਿਹਾਸ ਬਾਰੇ ਚਾਨਣਾ ਪਾਇਆ। ਢਾਡੀ ਜੱਥਾ ਲਖਵਿੰਦਰ ਸਿੰਘ ਸੋਹਲ ਦੇ ਜੱਥੇ ਨੇ ਜੋਸ਼ੀਲੀਆਂ ਵਾਰਾਂ ਸੁਣਾ ਕੇ ਸੰਗਤਾਂ 'ਚ ਜੋਸ਼ ਭਰ ਦਿੱਤਾ। ਖਾਲਸਾ ਸਕੂਲ ਰੈਨਟਨ ਦੇ ਬੱਚਿਆਂ ਨੇ ਕੀਰਤਨ ਕੀਤਾ। ਇਸ ਮੌਕੇ ਨਿਊਯਾਰਕ ਤੋਂ ਭਾਈ ਹਿੰਮਤ ਸਿੰਘ, ਇੰਦਰਜੀਤ ਸਿੰਘ ਬੈਂਸ (ਪ੍ਰਧਾਨ ਗੁਰੂ ਘਰ ਐਬਟਸਫੋਰਡ, ਕੈਨੇਡਾ), ਹਰਪਾਲ ਸਿੰਘ (ਵਰਲਡ ਸਿੱਖ ਪਾਰਲੀਮੈਂਟ), ਸ਼ਰਨਜੀਤ ਸਿੰਘ ਸਿਗਲਾਨੀ ਸਿਆਟਲ, ਸਿਆਟਲ ਦੇ ਗਾਇਕ ਸੁਰਜੀਤ ਸਿੰਘ ਬੈਂਸ, ਕੁਲਵੰਤ ਸ਼ਾਹ, ਸਾਬਕਾ ਮੁੱਖ ਸੇਵਾਦਾਰ ਜਗਮੋਹਣ ਸਿੰਘ ਵਿਰਕ, ਪ੍ਰਧਾਨ ਦਲਬੀਰ ਸਿੰਘ, ਬਲਬੀਰ ਸਿੰਘ ਸਟੇਜ ਸਕੱਤਰ, ਮਹਿੰਦਰ ਸਿੰਘ ਸੋਹਲ, ਜਤਿੰਦਰ ਸਿੰਘ ਸਪਰਾਹੇ, ਮਨਜੀਤ ਸਿੰਘ ਇੰਸ਼ੋਰੈਂਸ, ਹਰਦੀਪ ਸਿੰਘ ਗਿੱਲ, ਸੁਰਿੰਦਰ ਸਿੰਘ ਗਰੇਵਾਲ, ਮਾਸਟਰ ਦਲਜੀਤ ਸਿੰਘ ਗਿੱਲ, ਗੁਰਦੀਪ ਸਿੰਘ ਸਿੱਧੂ, ਹਰਦੀਪ ਸਿੰਘ ਸਿੱਧੂ, ਰਾਜਵਿੰਦਰ ਕੌਰ, ਡਾ. ਹਰਚੰਦ ਸਿੰਘ, ਚੇਤ ਸਿੰਘ ਸਿੱਧੂ, ਗੁਰਬਿੰਦਰ ਸਿੰਘ ਮੁੱਲ੍ਹਾਂਪੁਰ, ਅਮਿਤ ਤਨੇਜਾ, ਕਰਨੈਲ ਸਿੰਘ ਕੈਲ, ਜਸਮੀਤ ਸਿੰਘ ਬੜਾ ਪਿੰਡ ਸਮੇਤ ਅਨੇਕਾਂ ਸ਼ਰਧਾਂਜਲੀਆਂ ਨੇ ਹਾਜ਼ਰੀ ਭਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਲਕੀ ਸਾਹਿਬ 'ਚ ਸੁਸ਼ੋਭਿਤ, ਪੰਜ ਪਿਆਰਿਆਂ ਦੀ ਅਗਵਾਈ ਹੇਠ ਸੰਗਤਾਂ ਦੇ ਭਰਵੇਂ ਇਕੱਠ ਸਮੇਤ ਨਗਰ ਕੀਰਤਨ ਸ਼ੁਰੂ ਹੋ ਕੇ ਵਾਪਸ ਪਹੁੰਚਿਆ।

# ਅਮਰੀਕੀ ਸੰਸਦ ਮੈਂਬਰ ਵੱਲੋਂ ਦੀਵਾਲੀ 'ਤੇ ਛੁੱਟੀ ਐਲਾਨਣ ਲਈ ਸੰਸਦ 'ਚ ਪ੍ਰਸਤਾਵ ਪੇਸ਼



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੀ ਉੱਘੀ ਸੰਸਦ ਮੈਂਬਰ ਨੇ ਸੰਸਦ ਵਿਚ ਬਿੱਲ ਪੇਸ਼ ਕਰਕੇ ਦੀਵਾਲੀ ਨੂੰ ਸੰਘੀ ਛੁੱਟੀ ਐਲਾਨਣ ਦਾ ਪ੍ਰਸਤਾਵ ਦਿੱਤਾ ਹੈ। ਬਿੱਲ ਪੇਸ਼ ਕਰਨ ਤੋਂ ਬਾਅਦ ਡਿਜੀਟਲ ਪੱਤਰਕਾਰ ਸੰਮੇਲਨ ਦੌਰਾਨ ਗ੍ਰੇਸ ਮੇਂਗ ਨੇ ਪੱਤਰਕਾਰਾਂ ਨੂੰ ਕਿਹਾ, 'ਦੀਵਾਲੀ ਦੁਨੀਆਂ ਭਰ ਦੇ ਅਰਬਾਂ ਲੋਕਾਂ ਅਤੇ ਨਿਊਯਾਰਕ ਅਤੇ ਅਮਰੀਕਾ ਵਿਚ ਅਣਗਿਣਤ ਪਰਿਵਾਰਾਂ ਅਤੇ ਭਾਈਚਾਰਿਆਂ ਲਈ ਸਾਲ ਦੇ ਸਭ ਤੋਂ ਮਹੱਤਵਪੂਰਨ ਦਿਨਾਂ ਵਿਚੋਂ ਇੱਕ ਹੈ।' ਦੀਵਾਲੀ ਦਿਵਸ ਬਿੱਲ ਨੂੰ ਸੰਸਦ ਅਤੇ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ, ਜੇ ਅਜਿਹਾ ਹੁੰਦਾ ਹੈ ਤਾਂ ਦੀਵਾਲੀ ਦੇ ਦਿਨ ਹੋਣ ਵਾਲੀ ਛੁੱਟੀ ਅਮਰੀਕਾ 'ਚ 12ਵੀਂ ਸੰਘੀ ਛੁੱਟੀ ਹੋਵੇਗੀ।

# ਬਰੈਂਪਟਨ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਲੜਕੀ ਦੀ ਮੌਤ

**■ਦੋ ਮਹੀਨੇ ਪਹਿਲਾਂ ਕੈਨੇਡਾ ਆਈ ਸੀ ਪੜ੍ਹਨ**



**ਬਰੈਂਪਟਨ/ਬਨੂੜ, (ਪੰਜਾਬ ਮੇਲ)**- ਕੈਨੇਡਾ ਦੇ ਬਰੈਂਪਟਨ ਵਿਚ ਵਾਪਰੇ ਇਕ ਸੜਕ ਹਾਦਸੇ ਦੌਰਾਨ 23 ਸਾਲਾ ਕੋਮਲਪ੍ਰੀਤ ਕੌਰ ਦੀ ਮੌਤ ਹੋ ਗਈ। ਉਹ ਦੋ ਮਹੀਨੇ ਪਹਿਲਾਂ ਉੱਚ ਵਿਦਿਆ ਲਈ ਕੈਨੇਡਾ ਆਈ ਸੀ। ਕੈਨੇਡਾ ਦੇ ਸਮੇਂ ਮੁਤਾਬਕ ਸ਼ੁੱਕਰਵਾਰ ਸਵੇਰੇ 6.46 ਵਜੇ ਕੋਮਲਪ੍ਰੀਤ ਕੌਰ ਆਪਣੀ ਸਹੇਲੀਆਂ ਨਾਲ ਕੰਮ 'ਤੇ ਜਾ ਰਹੀ ਸੀ, ਤਾਂ ਰਸਤੇ ਵਿਚ ਚਾਰ ਗੱਡੀਆਂ ਆਪਸ ਵਿਚ ਟਕਰਾ ਗਈਆਂ। ਹਾਦਸਾ ਇੰਨਾ ਜ਼ੋਰਦਾਰ ਸੀ ਕਿ ਚਾਰੇ ਗੱਡੀਆਂ ਬੁਰੀ ਤਰ੍ਹਾਂ ਚਕਨਾਚੂਰ ਹੋ ਗਈਆਂ। ਹਾਦਸੇ ਦੌਰਾਨ ਕੋਮਲਪ੍ਰੀਤ ਦੀ ਗੱਡੀ ਦੀ ਖਿੜਕੀ ਖੁੱਲ੍ਹਣ ਨਾਲ ਉਹ ਸੜਕ 'ਤੇ ਡਿੱਗ ਗਈ ਤੇ ਉਸ ਦੀ ਮੌਤ ਹੋ ਗਈ। ਇਸ ਹਾਦਸੇ ਵਿਚ ਦੂਜੀ ਗੱਡੀ ਵਿਚ ਸਵਾਰ ਇੱਕ ਹੋਰ ਵਿਅਕਤੀ ਹੋਰ ਗੰਭੀਰ ਜ਼ਖ਼ਮੀ ਹੋ ਗਿਆ। ਕੋਮਲਪ੍ਰੀਤ ਕੌਰ ਦੀ ਮੌਤ ਦੀ ਖ਼ਬਰ ਜਦੋਂ ਉਸ ਦੇ ਘਰ ਪੁੱਜੀ, ਤਾਂ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਕਿਉਂਕਿ ਢਾਈ ਮਹੀਨੇ ਪਹਿਲਾ ਹੀ ਕੋਮਲਪ੍ਰੀਤ ਦੇ ਪਿਤਾ ਜੋਧਾ ਸਿੰਘ ਦੀ ਕੈਂਸਰ ਕਾਰਨ ਮੌਤ ਹੋਈ ਸੀ। ਆਪਣੇ ਪਿਉ ਦੇ ਭੋਗ ਬਾਅਦ ਕੋਮਲਪ੍ਰੀਤ ਤੇ ਉਸ ਦੇ ਭਰਾ ਦੀਦਾਰ ਸਿੰਘ ਪੜ੍ਹਾਈ ਲਈ ਕੈਨੇਡਾ ਗਏ ਸਨ। ਪਰਿਵਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਬੇਟੀ ਦੀ ਲਾਸ਼ ਨੂੰ ਘਰ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ।

# ਕੈਲੀਫੋਰਨੀਆ 'ਚ ਪੰਜਾਬੀ ਮੂਲ ਦੀ ਵਕੀਲ ਬਣੀ ਜੱਜ

ਨਿਊਯਾਰਕ, (ਪੰਜਾਬ ਮੇਲ)- ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਵੱਲੋਂ ਐਲਾਨੇ 27 ਨਵੇਂ ਜੱਜਾਂ ਵਿਚ ਇੱਕ ਭਾਰਤੀ-ਅਮਰੀਕੀ ਅਟਾਰਨੀ ਵੀ ਸ਼ਾਮਲ ਹੈ। ਸਵੀਨਾ ਪੰਨੂ ਸਟੈਨਿਸਲੌਸ ਕਾਊਂਟੀ ਸੁਪੀਰੀਅਰ ਕੋਰਟ ਵਿਚ ਜੱਜ ਵਜੋਂ ਸੇਵਾ ਕਰੇਗੀ। ਪੰਨੂ ਨੇ ਪੰਜਾਬ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਯੂਨੀਵਰਸਿਟੀ ਆਫ਼ ਏਬਰਡੀਨ ਸਕੂਲ ਆਫ਼ ਲਾਅ ਤੋਂ ਮਾਸਟਰ ਆਫ਼ ਲਾਅ ਦੀ ਡਿਗਰੀ ਹਾਸਲ ਕੀਤੀ।

# ਮੈਕਸੀਕੋ 'ਚ 175 ਪ੍ਰਵਾਸੀਆਂ ਨਾਲ ਭਰਿਆ ਟਰੱਕ ਮਿਲਿਆ

**ਮੈਕਸੀਕੋ ਸਿਟੀ, (ਪੰਜਾਬ ਮੇਲ)**- ਮੈਕਸੀਕੋ ਦੇ ਚਿਆਪਾਸ ਸੂਬੇ ਵਿਚ ਇਕ ਟਰੱਕ ਵਿਚ ਸਵਾਰ 175 ਪ੍ਰਵਾਸੀ ਮਿਲੇ, ਜਿਨ੍ਹਾਂ ਵਿਚ ਜ਼ਿਆਦਾਤਰ ਮੱਧ ਅਮਰੀਕਾ ਤੋਂ ਹਨ। ਨੈਸ਼ਨਲ ਇੰਸਟੀਚਿਊਟ ਆਫ ਮਾਈਗ੍ਰੇਸ਼ਨ (ਆਈ.ਐੱਨ.ਐੱਮ.) ਨੇ ਇਹ ਜਾਣਕਾਰੀ ਦਿੱਤੀ। ਆਈ.ਐੱਨ.ਐੱਮ. ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪ੍ਰਵਾਸੀ ਇਕ ਵੱਡੇ ਟ੍ਰੈਕਟਰ ਟ੍ਰੇਲਰ ਵਿਚ ਯਾਤਰਾ ਕਰ ਰਹੇ ਸਨ। ਹੋ ਸਕਦਾ ਹੈ ਕਿ ਇਹ ਪ੍ਰਵਾਸੀ ਵੀ ਸਰਹੱਦ ਪਾਰ ਅਮਰੀਕਾ ਜਾਣ ਦੀ ਤਾਕ ਵਿਚ ਹੋਣ। ਉਨ੍ਹਾਂ ਨੂੰ ਚਿਆਪਾ ਡੇ ਕੋਰੋਜੋ ਸ਼ਹਿਰ ਵਿਚ ਇਕ ਜਾਂਚ ਚੌਕੀ 'ਤੇ ਰੋਕਿਆ ਗਿਆ। ਉਨ੍ਹਾਂ ਕਿਹਾ ਕਿ ਜਾਂਚ ਚੌਕੀ 'ਤੇ ਨਿਰੀਖਣ ਦੌਰਾਨ ਟਰੱਕ ਵਿਚ ਗਵਾਟੇਮਾਲਾ ਦੇ 154, ਇਕਵਾਡੋਰ ਦੇ 13, ਅਲ ਸਲਵਾਡੋਰ ਅਤੇ ਹੋਂਡੁਰਾਸ ਦੇ 3-3 ਲੋਕਾਂ ਦੇ ਨਾਲ-ਨਾਲ ਇਕ ਪਾਕਿਸਤਾਨੀ ਨਾਗਰਿਕ ਅਤੇ ਡੋਮਿਨਿਕਨ ਗਣਰਾਜ ਦਾ ਇਕ ਨਾਗਰਿਕ ਟਰੱਕ ਵਿਚ ਸਵਾਰ ਸੀ। ਇਨ੍ਹਾਂ ਵਿਚੋਂ 28 ਪ੍ਰਵਾਸੀ ਨਾਬਾਲਗ ਸਨ।





# ਪੰਜਾਬ ਦੀ ਫ਼ਸਲ ਐਕਸਪੋਰਟ ਕਰਨ ਲਈ ਉਪਰਾਲੇ ਜਾਰੀ- ਬਾਲ ਮਕੰਦ ਸ਼ਰਮਾ






**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਬੁੱਧਵਾਰ ਰਾਤੀਂ ਸਥਾਨਕ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਕਾਰੋਬਾਰੀ ਨੀਟੂ ਵਡਿਆਲ ਵੱਲੋਂ ਕਾਮੇਡੀਅਨ ਅਤੇ ਮਾਰਕਫੈੱਡ ਦੇ ਅਡੀਸ਼ਨਲ ਐੱਮ.ਡੀ. ਰਹੇ ਬਾਲ ਮਕੰਦ ਸ਼ਰਮਾ ਜੀ ਦੇ ਸਨਮਾਨ ਹਿੱਤ ਇੱਕ ਸ਼ਾਨਦਾਰ ਸਮਾਗਮ ਦਾ ਅਯੋਜਨ ਕੀਤਾ ਗਿਆ। ਜਿੱਥੇ ਸ਼ਹਿਰ ਦੀਆਂ ਸਿਰਕੱਢ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਵੀ ਚਾਰ ਚੰਨ ਲਾਏ। ਇਸ ਮੌਕੇ ਸ਼੍ਰੀ ਬਾਲ ਮਕੰਦ ਸ਼ਰਮਾ ਨੇ ਪੰਜਾਬ ਦੀ ਕਿਰਸਾਨੀ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਸਾਡੀ ਟੀਮ ਇਸ ਕੋਸ਼ਿਸ਼ ਵਿਚ ਹੈ ਕਿ ਕਿਸੇ ਤਰੀਕੇ ਪੰਜਾਬ ਦੇ ਕਿਸਾਨ ਦੀ ਫਸਲ ਅਮਰੀਕਾ, ਕੈਨੇਡਾ, ਇੰਗਲੈਂਡ ਜਾਂ ਆਸਟ੍ਰੇਲੀਆ ਵਰਗੇ ਦੇਸ਼ਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਐਕਸਪੋਰਟ ਹੋਣ ਲੱਗ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਪ੍ਰੋਜੈਕਟ ਲਈ ਸਾਡੀ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੂਰੀ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੀ ਸ਼ੁਰੂਆਤ ਬਾਹਰ ਖੁੱਲ੍ਹੇ ਵੱਡੇ ਪੰਜਾਬੀ ਗਰੌਸਰੀ ਸਟੋਰਾਂ ਦੇ ਸਹਿਯੋਗ ਨਾਲ ਹੋਵੇਗੀ ਅਤੇ ਉਨ੍ਹਾਂ ਕਿਹਾ ਕਿ ਨੀਟੂ ਵਡਿਆਲ ਜਿਹੜੇ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਦੇ ਨਾਲ "ਗਰੌਸਰੀ ਡੀਪੂ" ਨਾਮੀ ਵੱਡਾ ਪੰਜਾਬੀ ਗਰੌਸਰੀ ਅਤੇ ਹਰੀਆਂ ਸਬਜ਼ੀਆਂ ਦਾ ਸਟੋਰ ਵੀ ਚਲਾ ਰਹੇ ਹਨ, ਅਗਰ ਏਦਾਂ ਦੇ ਸੱਜਣ ਸਾਡੇ ਇਸ ਪ੍ਰੋਜੈਕਟ ਲਈ ਮਦਦ ਕਰਨ, ਤਾਂ ਇਹ ਕੰਮ ਕੋਈ ਔਖਾ ਵੀ ਨਹੀਂ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਤਕਨੀਕੀ ਯੁੱਗ ਵਿਚ ਹਵਾਈ ਜਹਾਜ਼ ਇੰਡੀਆ ਤੋਂ ਉੱਡਕੇ ਸਿੱਧੇ ਪੰਦਰਾਂ ਘੰਟਿਆਂ 'ਚ ਅਮਰੀਕਾ ਆ ਜਾਂਦੇ ਨੇ, ਅਗਰ ਬਾਹਰ ਵਸਦੇ ਪੰਜਾਬੀ ਤੇ ਸਰਕਾਰਾਂ ਸਾਥ ਦੇਣ ਤਾਂ ਕੁਝ ਵੀ ਅਸੰਭਵ ਨਹੀਂ। ਇਸ ਮੌਕੇ ਜੋਤ ਰਣਜੀਤ ਕੌਰ, ਸੰਜੀਵ ਕੁਮਾਰ, ਡਾ. ਮੋਮੀ ਆਦਿ ਨੇ ਆਪਣੇ ਵਿਚਾਰ ਰੱਖੇ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਗਾਇਕ ਕਮਲਜੀਤ ਬੈਨੀਪਾਲ ਨੇ ਇੱਕ ਗੀਤ ਨਾਲ ਹਾਜ਼ਰੀ ਲਵਾਈ। ਅਖੀਰ ਬੇ ਲੀਫ਼ ਦੇ ਸੁਆਦਿਸ਼ਟ ਖਾਣੇ ਤੋਂ ਬਾਅਦ ਇਹ ਪ੍ਰੋਗ੍ਰਾਮ ਅਮਿੱਟ ਪੈੜ੍ਹਾ ਛੱਡਦਾ ਸਮਾਪਤ ਹੋਇਆ।

# ਦਿੱਲੀ ਆਬਕਾਰੀ ਨੀਤੀ: ਹਾਈ ਕੋਰਟ ਵੱਲੋਂ ਸਿਸੋਦੀਆ ਨੂੰ ਜ਼ਮਾਨਤ ਦੇਣ ਤੋਂ ਇਨਕਾਰ



**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਹਾਈ ਕੋਰਟ ਨੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਮਨੀਸ਼ ਸਿਸੋਦੀਆ ਨੂੰ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਅਜਿਹੇ ਮਾਮਲੇ ਵਿਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਦੀ ਸੀ.ਬੀ.ਆਈ. ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਹਾਈ ਕੋਰਟ ਨੇ ਕਿਹਾ ਕਿ ਸਿਸੋਦੀਆ 'ਤੇ ਲੱਗੇ ਦੋਸ਼ ਬਹੁਤ ਗੰਭੀਰ ਹਨ ਅਤੇ ਜ਼ਮਾਨਤ ਦੇਣ 'ਤੇ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਵੀ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ ਸੀ। ਉਸ ਤੋਂ ਬਾਅਦ ਸਿਸੋਦੀਆ ਨੇ ਇਸ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਦੱਸ ਦੇਈਏ ਕਿ ਦਿੱਲੀ ਦੇ ਸ਼ਰਾਬ ਘਪਲੇ ਮਾਮਲੇ 'ਚ ਮਨੀਸ਼ ਸਿਸੋਦੀਆ ਦੋਸ਼ੀ ਹਨ ਅਤੇ ਕਈ ਮਹੀਨਿਆਂ ਤੋਂ ਜੇਲ੍ਹ 'ਚ ਬੰਦ ਹਨ। ਸੀ.ਬੀ.ਆਈ. ਨੇ ਪਿਛਲੀ ਸੁਣਵਾਈ ਵਿਚ ਸਿਸੋਦੀਆ ਨੂੰ ਜ਼ਮਾਨਤ ਦੇਣ ਦੀ ਪਟੀਸ਼ਨ ਦਾ ਵਿਰੋਧ ਕੀਤਾ ਸੀ। ਸੀ.ਬੀ.ਆਈ. ਨੇ ਦਿੱਲੀ ਸ਼ਰਾਬ ਘਪਲੇ ਵਿਚ ਮਨੀਸ਼ ਸਿਸੋਦੀਆ ਨੂੰ ਗ੍ਰਿਫ਼ਤਾਰ ਕੀਤਾ ਸੀ। ਸਿਸੋਦੀਆ 'ਤੇ ਦਿੱਲੀ ਸ਼ਰਾਬ ਘਪਲੇ ਵਿਚ ਸ਼ਾਮਲ ਹੋਣ ਨਾਲ ਹੀ ਮਨੀ ਲਾਂਡਰਿੰਗ ਦਾ ਮਾਮਲਾ ਵੀ ਚੱਲ ਰਿਹਾ ਹੈ।

# ਭਾਰਤੀ ਮੂਲ ਦੇ ਗੈਂਗਸਟਰ ਦਾ ਕਤਲ ਕਰਨ ਦੇ ਦੋਸ਼ੀ ਕੈਨੇਡੀਅਨ ਨਾਗਰਿਕ ਦੀ ਥਾਈਲੈਂਡ ਨੂੰ ਹਵਾਲਗੀ



**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਦੇ ਇੱਕ ਸਾਬਕਾ ਸਿਪਾਹੀ ਅਤੇ ਕਥਿਤ ਹਿੱਟਮੈਨ ਨੂੰ ਥਾਈਲੈਂਡ ਦੇ ਹਵਾਲੇ ਕਰ ਦਿੱਤਾ ਗਿਆ ਹੈ, ਜਿੱਥੇ ਉਸ 'ਤੇ ਪਿਛਲੇ ਸਾਲ ਫੁਕੇਟ ਵਿਚ ਭਾਰਤੀ ਮੂਲ ਦੇ ਇੱਕ ਗੈਂਗਸਟਰ ਦੇ ਕਤਲ ਦਾ ਦੋਸ਼ ਲਗਾਇਆ ਗਿਆ ਸੀ। ਮੀਡੀਆ ਰਿਪੋਰਟਾਂ ਵਿਚ ਇਹ ਜਾਣਕਾਰੀ ਦਿੱਤੀ ਗਈ। ਰਿਪੋਰਟ ਅਨੁਸਾਰ ਮੈਥਿਊ ਡੁਪਰੇ (38) ਜਿਸ ਨੇ ਕਥਿਤ ਤੌਰ 'ਤੇ ਫਰਵਰੀ 2022 ਵਿਚ ਜਿਮੀ 'ਸਲਾਈਸ' ਸੰਧੂ ਨੂੰ ਗੋਲੀ ਮਾਰ ਦਿੱਤੀ ਸੀ, ਐਤਵਾਰ ਰਾਤ ਨੂੰ ਏਅਰ ਫੋਰਸ ਦੀ ਵਿਸ਼ੇਸ਼ ਉਡਾਣ ਰਾਹੀਂ ਬੈਂਕਾਕ ਪਹੁੰਚਿਆ।

ਐਬਟਸਫੋਰਡ 'ਚ ਵੱਡਾ ਹੋਇਆ ਸੰਧੂ ਸੰਯੁਕਤ ਰਾਸ਼ਟਰ ਗੈਂਗ ਨਾਲ ਜੁੜਿਆ ਹੋਇਆ ਸੀ, ਜਿਸ ਦੀ ਸਥਾਪਨਾ 1997 ਵਿਚ ਫਰੇਜ਼ਰ ਵੈਲੀ ਵਿਚ ਹੋਈ ਸੀ। 11 ਫਰਵਰੀ, 2022 ਨੂੰ ਫੁਕੇਟ ਦੀ ਅਦਾਲਤ ਨੇ ਪੂਰਵ-ਨਿਰਧਾਰਤ ਕਤਲ, ਬਿਨਾਂ ਇਜਾਜ਼ਤ ਤੋਂ ਬੰਦੂਕਾਂ ਅਤੇ ਗੋਲਾ ਬਾਰੂਦ ਰੱਖਣ ਅਤੇ ਜਨਤਕ ਤੌਰ 'ਤੇ ਬੰਦੂਕਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਲਿਜਾਣ ਅਤੇ ਵਰਤਣ ਦੇ ਦੋਸ਼ਾਂ ਤਹਿਤ ਡੁਪਰੇ ਅਤੇ ਉਸਦੇ ਕਥਿਤ ਸਾਥੀ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤਾ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਾਅਦ ਵਿਚ ਪੁਲਿਸ ਜਾਂਚ ਵਿਚ ਪਾਇਆ ਗਿਆ ਕਿ ਦੋਵੇਂ ਸ਼ੱਕੀ 6 ਫਰਵਰੀ ਨੂੰ ਥਾਈਲੈਂਡ ਤੋਂ ਕੈਨੇਡਾ ਚਲੇ ਗਏ ਸਨ।

ਡੁਪਰੇ ਨੂੰ 20 ਫਰਵਰੀ, 2022 ਨੂੰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੁਆਰਾ ਸਿਲਵਾਨ ਲੇਕ, ਅਲਬਰਟਾ ਵਿਚ ਉਸਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਕੈਨੇਡਾ ਦੇ 1999 ਦੇ ਹਵਾਲਗੀ ਐਕਟ ਦੇ ਤਹਿਤ ਅਲਬਰਟਾ, ਐਡਮਿੰਟਨ ਦੀ ਅਦਾਲਤ ਦੁਆਰਾ ਪਿਛਲੇ ਦਸੰਬਰ ਵਿਚ ਉਸਦੀ ਹਵਾਲਗੀ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸ ਮਾਮਲੇ ਵਿਚ ਦੂਜੇ ਲੋੜੀਂਦੇ ਸ਼ੱਕੀ ਕਾਤਲ ਦੀ ਮਈ 2022 ਵਿਚ ਕੈਨੇਡਾ ਵਿਚ ਇੱਕ ਛੋਟੇ ਜਹਾਜ਼ ਹਾਦਸੇ ਵਿਚ ਮੌਤ ਹੋ ਗਈ ਸੀ। ਮੀਡੀਆ ਰਿਪੋਰਟਾਂ 'ਚ ਪੁਲਿਸ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਡੁਪਰੇ ਨੇ ਆਪਣੇ ਵਿਰੁੱਧ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

# ਅਲਬਰਟਾ ਵਿਧਾਨ ਸਭਾ ਚੋਣਾਂ: ਕੈਲਗਰੀ ਨੌਰਥ ਈਸਟ 'ਚ ਪੰਜਾਬੀਆ ਨੇ ਕੀਤੀ ਜਿੱਤ ਹਾਸਲ



ਅਲਬਰਟਾ ਵਿਧਾਨ ਸਭਾ ਚੋਣਾਂ 'ਚ ਜੇਤੂ ਰਹੇ ਪਰਮੀਤ ਸਿੰਘ ਬੋਪਾਰਾਏ, ਇਰਫਾਨ ਸਾਬੀਰ, ਰਾਜਨ ਸਾਹਨੀ ਅਤੇ ਗੁਰਿੰਦਰ ਬਰਾੜ।

**ਕੈਲਗਰੀ, (ਪੰਜਾਬ ਮੇਲ)**- ਅਲਬਰਟਾ ਵਿਧਾਨ ਸਭਾ ਚੋਣਾਂ 'ਚ ਫਿਰ ਤੋਂ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਨੇ ਬਹੁਮਤ ਹਾਸਲ ਕਰਦਿਆਂ ਸਰਕਾਰ ਬਣਾਉਣ ਦੀ ਤਿਆਰੀ ਕਰ ਲਈ ਹੈ। ਆਏ ਅਣ-ਅਧਿਕਾਰਤ ਨਤੀਜਿਆਂ ਵਿਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਨੌਰਥ ਈਸਟ 'ਚ 2 ਪੰਜਾਬੀਆਂ ਨੇ ਆਪਣੇ ਸਾਹਮਣੇ ਵਾਲੇ ਪੰਜਾਬੀ ਉਮੀਦਵਾਰ ਨੂੰ ਹਰਾ ਕੇ ਜਿੱਤ ਹਾਸਲ ਕੀਤੀ। ਜਾਣਕਾਰੀ ਮੁਤਾਬਕ ਕੈਲਗਰੀ ਨੌਰਥ ਈਸਟ ਤੋਂ ਐੱਨ.ਡੀ.ਪੀ. ਪਾਰਟੀ ਦੇ ਉਮੀਦਵਾਰ ਗੁਰਿੰਦਰ ਬਰਾੜ ਨੇ ਜਿੱਤ ਹਾਸਲ ਕੀਤੀ ਹੈ। ਇਸੇ ਤਰ੍ਹਾਂ ਕੈਲਗਰੀ ਭੁੱਲਰ ਮੈਕਾਲ ਤੋਂ ਤੀਸਰੀ ਵਾਰ ਵਿਧਾਇਕ ਬਣੇ ਇਰਫਾਨ ਸਾਬੀਰ ਨੇ ਜਿੱਤ ਪ੍ਰਾਪਤ ਕੀਤੀ ਹੈ। ਕੈਲਗਰੀ ਹਲਕਾ ਫਲਕਿੰਨਰਿਜ ਤੋਂ ਐੱਨ.ਡੀ.ਪੀ. ਪਾਰਟੀ ਦੇ ਉਮੀਦਵਾਰ ਪਰਮੀਤ ਸਿੰਘ ਬੋਪਾਰਾਏ ਚੋਣ ਜਿੱਤੇ ਹਨ। ਕੈਲਗਰੀ ਨੌਰਥ ਵੈਸਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜਨ ਸਾਹਨੀ ਵੀ ਦੂਜੀ ਵਾਰ ਚੋਣ ਜਿੱਤੇ ਹਨ।


TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay



# ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋਂ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਵਿਚ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ



ਮਰਹੂਮ ਡਾ. ਗੁਰੂਮੇਲ ਸਿੱਧੂ



ਫਰਿਜ਼ਨੋ ਵਿਖੇ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ ਕਰਵਾਏ ਵਿਸ਼ੇਸ਼ ਸਮਾਗਮ ਦੌਰਾਨ ਹਾਜ਼ਰ ਸ਼ਖਸੀਅਤਾਂ।

ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)- ਉੱਘੇ ਲੇਖਕ, ਚਿੰਤਕ, ਸ਼ਾਇਰ ਅਤੇ ਵਿਸ਼ਲੇਸ਼ਕ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ "ਵਿਸ਼ਵ ਪੰਜਾਬੀ ਸਹਿਤ ਅਕਾਦਮੀ" ਵੱਲੋ ਉਨ੍ਹਾਂ ਦੇ ਫਾਰਮ ਹਾਊਸ 'ਤੇ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿੱਥੇ ਸ਼ਾਇਰ, ਲੇਖਕ, ਸਹਿਤਕਾਰ, ਪੱਤਰਕਾਰ ਪਹੁੰਚੇ ਹੋਏ ਸਨ। ਇਸ ਸਮੇਂ ਜਿੱਥੇ ਕਵੀ ਦਰਬਾਰ ਹੋਇਆ, ਉਥੇ ਗਾਇਕ ਸੁਖਦੇਵ ਸਾਹਿਲ ਨੇ ਗਾਇਕੀ ਦੇ ਐਸੇ ਸੁਰ ਲਾਏ ਕਿ ਹਰ-ਕੋਈ ਅੱਸ਼-ਅੱਸ਼ ਕਰ ਉੱਠਿਆ। ਇਸ ਮੌਕੇ ਸਟੇਜ ਦੀ ਸ਼ੁਰੂਆਤ ਸ਼ਾਇਰ ਹਰਜਿੰਦਰ ਕੰਗ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਉਪਰੰਤ ਕਰਨਲ ਹਰਦੇਵ ਸਿੰਘ ਗਿੱਲ ਨੇ ਬੋਲਦਿਆਂ ਕਿਹਾ ਕਿ ਡਾ. ਗੁਰਮੇਲ ਸਿੱਧੂ ਇੱਕ ਬਹੁਪੱਖੀ ਸ਼ਖਸੀਅਤ ਸਨ, ਉਨ੍ਹਾਂ ਲੰਮਾ ਸਮਾਂ ਫਰਿਜ਼ਨੋ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਇਆ ਅਤੇ ਬਹੁਤ ਖੋਜ ਭਰਪੂਰ ਕਾਰਜ ਕੀਤੇ। ਡਾ. ਗੁਰੂਮੇਲ ਸਿੱਧੂ ਨੇ ਤਕਰੀਬਨ ਚਾਰ-ਪੰਜ ਸ਼ਾਇਰੋ-ਸ਼ਾਇਰੀ ਦੀਆਂ ਕਿਤਾਬਾਂ ਲਿਖੀਆਂ। ਕੁਝ ਕੁ ਵਾਰਤਿਕ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਾਈਆ। ਗਦਰ ਦਾ ਦੂਜਾ ਪੱਖ ਉਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ ਵਿਚੋ ਇੱਕ ਹੈ। ਸੰਤੋਖ ਮਿਨਹਾਸ ਨੇ ਰੇਖਾ ਚਿੱਤਰ ਨਾਮੀ ਕਵਿਤਾ ਪੜ੍ਹਕੇ ਉਨ੍ਹਾਂ ਦੇ ਜੀਵਨ 'ਤੇ ਪੰਛੀ ਝਾਤ ਪਵਾਈ। ਕਹਾਣੀਕਾਰ ਕਰਮ ਸਿੰਘ ਮਾਨ ਨੇ ਉਨ੍ਹਾਂ ਨਾਲ ਆਪਣੀਆਂ ਸਾਂਝਾਂ ਸਾਂਝੀਆਂ ਕੀਤੀਆਂ। ਇਸ ਮੌਕੇ ਇੰਡੋ ਅਮੈਰਕਿਨ ਹੈਰੀਟੇਜ਼ ਅਤੇ ਇੰਡੋ ਯੂ. ਐੱਸ. ਐਸੋਸ਼ੀਏਸ਼ਨ ਦੇ ਮੈਂਬਰਾਂ ਤੋਂ ਬਿਨਾਂ ਡਾ. ਹਰਮੇਸ਼ ਕੁਮਾਰ ਅਤੇ ਸ਼ਾਇਰ ਦਲਜੀਤ ਰਿਆੜ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਬੋਲਣ ਵਾਲੇ ਬੁਲਾਰਿਆਂ ਅਤੇ ਸ਼ਾਇਰਾਂ ਵਿਚ ਲਾਜ ਨੀਲਮ ਸੈਣੀ, ਗੁਲਸ਼ਨ ਦਿਆਲ, ਬਲਜਿੰਦਰ ਸਿੰਘ ਸੰਧੂ, ਸੁੱਚਾ ਸਿੰਘ ਥਿੰਦ, ਹਰਜਿੰਦਰ ਢੇਸੀ, ਜਗਜੀਤ ਨੌਸ਼ਿਹਰਵੀ, ਅਸ਼ਰਫ ਗਿੱਲ, ਅਵਤਾਰ ਗੋਂਦਾਰਾ, ਕੁਲਵਿੰਦਰ, ਸਾਧੂ ਸਿੰਘ ਸੰਘਾ, ਪ੍ਰੀਤ, ਇੰਦਰਜੀਤ ਚੁੰਗਾਵਾ, ਬਲਜੀਤ ਕੌਰ ਸਿੱਧੂ, ਅਰਜਨ ਸਿੰਘ ਜੋਸ਼ਨ ਆਦਿ ਦੇ ਨਾਮ ਜ਼ਿਕਰਯੋਗ ਹਨ।

# ਐੱਚ-1-ਬੀ ਵੀਜ਼ਾ 'ਤੇ ਵਿਦੇਸ਼ੀ ਸਿਹਤ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਬਿੱਲ ਪੇਸ਼




ਨਿਊਯਾਰਕ, (ਪੰਜਾਬ ਮੇਲ)- ਅਮਰੀਕੀ ਕਾਂਗਰਸ ਦੀਆਂ 2 ਮਹਿਲਾ ਮੈਂਬਰਾਂ ਨੇ ਵੈਟਰਨਜ਼ ਅਫੇਅਰਜ਼ ਵਿਭਾਗ ਲਈ ਐੱਚ-1ਬੀ ਵੀਜ਼ਾ 'ਤੇ ਵਿਦੇਸ਼ੀ ਕਰਮਚਾਰੀਆਂ ਨੂੰ ਦੇਸ਼ 'ਚ ਢੁੱਕਵੇਂ ਬਿਨੈਕਾਰ ਨਾ ਮਿਲਣ 'ਤੇ ਕੰਮ 'ਤੇ ਰੱਖਣਾ ਆਸਾਨ ਬਣਾਉਣ ਲਈ ਇਕ ਬਿੱਲ ਪੇਸ਼ ਕੀਤਾ ਹੈ। ਵੀਰਵਾਰ ਨੂੰ ਕਾਂਗਰਸ ਮੈਂਬਰ ਰਸ਼ੀਦਾ ਤਲੀਬ ਤੇ ਡੇਲੀਆ ਰਮੀਰੇਜ਼ ਵੱਲੋਂ ਪੇਸ਼ ਕੀਤਾ ਗਿਆ ਐਕਸਪੈਂਡਿੰਗ ਹੈਲਥ ਕੇਅਰ ਪ੍ਰੋਵਾਈਡਰਜ਼ ਫਾਰ ਵੈਟਰਨਜ਼ ਐਕਟ, ਅਮਰੀਕਾ ਵਿੱਚ ਸਿਹਤ ਸੇਵਾ ਦੇਣ ਵਾਲਿਆਂ ਦੀ ਕਮੀ ਨੂੰ ਦੂਰ ਕਰਨ 'ਚ ਮਦਦ ਕਰੇਗਾ, ਜੋ ਅਪ੍ਰਵਾਸੀ ਸਿਹਤ ਮੁਲਾਜ਼ਮਾਂ, ਜੋ ਐੱਚ1-ਬੀ ਵੀਜ਼ਾ ਹੋਲਡਰ ਹਨ, ਨੂੰ ਸੇਵਾਵਾਂ ਪ੍ਰਦਾਨ ਕਰਨ ਦੀ ਇਜਾਜ਼ਤ ਦੇਵੇਗਾ। ਬਿੱਲ ਵੈਟਰਨਜ਼ ਅਫੇਅਰਜ਼ ਵਿਭਾਗ ਅਤੇ ਸਟੇਟ ਵੈਟਰਨਜ਼ ਹੋਮਜ਼ ਨੂੰ ਐੱਚ-1-ਬੀ ਵੀਜ਼ਾ ਪ੍ਰੋਗਰਾਮ ਦੇ ਉਦੇਸ਼ਾਂ ਲਈ ਵੱਧ ਤੋਂ ਵੱਧ ਛੋਟ ਵਾਲੀਆਂ ਸੰਸਥਾਵਾਂ ਵਜੋਂ ਨਿਰਧਾਰਿਤ ਕਰਦਾ ਹੈ। ਸਦਨ ਦੀ ਕਮੇਟੀ ਦੇ ਮੈਂਬਰ ਕਾਂਗਰਸ ਮਹਿਲਾ ਰਾਮਿਰੇਜ ਨੇ ਕਿਹਾ ਕਿ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਸਾਬਕਾ ਫੌਜੀਆਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਬਣਾਈ ਰੱਖੀਏ, ਜੋ ਸਾਡੇ ਦੇਸ਼ 'ਚ ਸਿਹਤ ਮੁਲਾਜ਼ਮਾਂ ਦੀ ਕਮੀ ਤੋਂ ਪ੍ਰਭਾਵਿਤ ਹੋ ਰਹੇ ਹਨ।

# ਫਲੋਰੀਡਾ 'ਚ ਪੰਜਾਬ ਦੇ ਖਿਡਾਰੀ ਦੀ ਦਰਿਆ 'ਚ ਡੁੱਬਣ ਕਾਰਨ ਮੌਤ



ਫਲੋਰੀਡਾ/ਈਸੜੂ, (ਪੰਜਾਬ ਮੇਲ)- ਅਮਰੀਕਾ ਦੇ ਸ਼ਹਿਰ ਫਲੋਰੀਡਾ 'ਚ ਹਰਮਨਜੋਤ ਸਿੰਘ ਗਿੱਲ (26) ਪੁੱਤਰ ਤਰਨਜੀਤ ਸਿੰਘ ਗਿੱਲ ਦੀ ਭੇਦਭਰੇ ਹਾਲਾਤ 'ਚ ਦਰਿਆ 'ਚ ਡੁੱਬਣ ਕਾਰਨ ਮੌਤ ਹੋ ਗਈ। ਉਹ ਪੰਜਾਬ ਦੇ ਈਸੜੂ ਕਸਬੇ ਲਾਗਲੇ ਪਿੰਡ ਜਰਗੜੀ ਦਾ ਰਹਿਣ ਵਾਲਾ ਸੀ ਤੇ ਉੱਘੇ ਸਮਾਜਸੇਵੀ ਅਵਤਾਰ ਸਿੰਘ ਗਿੱਲ ਦਾ ਸਕਾ ਭਤੀਜਾ ਸੀ।

ਹਰਮਨਜੋਤ ਗਿੱਲ ਇਕ ਬਹੁਤ ਵਧੀਆ ਫੁੱਟਬਾਲ ਖਿਡਾਰੀ ਸੀ ਤੇ ਹੁਣ ਉਸ ਨੇ 25 ਮਈ ਨੂੰ ਇੰਗਲੈਂਡ ਦੇ ਇਕ ਫੁੱਟਬਾਲ ਕਲੱਬ ਦੇ ਕੋਚ ਵਜੋਂ ਜ਼ਿੰਮੇਵਾਰੀ ਸੰਭਾਲਣੀ ਸੀ ਕਿ ਉਸੇ ਦਿਨ ਸਵੇਰੇ 5 ਵਜੇ ਦੇ ਕਰੀਬ ਇਹ ਮੰਦਭਾਗੀ ਘਟਨਾ ਵਾਪਰ ਗਈ। ਹਰਮਨਜੋਤ ਗਿੱਲ 2005 'ਚ ਆਪਣੇ ਪਿਤਾ ਪਾਸ ਪੈਨਸਿਲਵੇਨੀਆ ਆਇਆ ਸੀ ਤੇ ਉਥੇ ਰਹਿ ਕੇ ਪੜ੍ਹਾਈ ਦੇ ਨਾਲ-ਨਾਲ ਫੁੱਟਬਾਲ ਜਗਤ 'ਚ ਆਪਣਾ ਚੰਗਾ ਨਾਂ ਬਣਾ ਲਿਆ ਸੀ। ਪਰਿਵਾਰਕ ਮੈਂਬਰਾਂ ਮੁਤਾਬਕ ਹਰਮਨਜੋਤ ਦਾ ਅੰਤਿਮ ਸੰਸਕਾਰ ਅਮਰੀਕਾ ਵਿਚ ਹੀ ਕੀਤਾ ਜਾਣਾ ਹੈ। ਉਧਰ ਪੁਲਿਸ ਜਾਂਚ ਪੜਤਾਲ 'ਚ ਜੁਟੀ ਹੋਈ ਹੈ।

ਪੰਜਾਬੀ ਨੌਜਵਾਨ ਦੀ ਇਸ ਬੇਵਕਤੀ ਮੌਤ 'ਤੇ ਖੇਡ ਜਗਤ ਸਮੇਤ ਪੰਜਾਬੀ ਭਾਈਚਾਰੇ ਵਿਚ ਵੀ ਸੋਗ ਦੀ ਲਹਿਰ ਦੌੜ ਗਈ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਪੰਜਾਬੀ ਅਮਰੀਕਨ ਫੈਸਟੀਵਲ ਯੂਬਾ ਸਿਟੀ ਦੇ ਮੇਲੇ 'ਚ ਵੱਖ-ਵੱਖ ਸੱਭਿਆਚਾਰਕ ਆਈਟਮਾਂ ਨੇ ਰੰਗ ਵਖੇਰੇ



ਯੂਬਾ ਸਿਟੀ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਯੂਬਾ ਸਿਟੀ ਵਿਚ 27ਵਾਂ ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਵਲੋਂ ਕਰਵਾਏ ਗਏ ਪੰਜਾਬੀ ਅਮਰੀਕਨ ਫੈਸਟੀਵਲ 'ਚ ਜਿੱਥੇ ਗਿੱਧੇ-ਭੰਗੜੇ, ਗੀਤ-ਸੰਗੀਤ, ਕਾਮੇਡੀ-ਸਕਿੱਟਾਂ ਦਿਖਾਈਆਂ, ਉਥੇ ਹੀ ਕਰਾਫਟਸ, ਬੱਚਿਆਂ ਦੀਆਂ ਖੇਡਾਂ ਅਤੇ ਪੰਜਾਬੀ ਪਕਵਾਨ, ਮਹਿੰਦੀ, ਗਹਿਣੇ ਅਤੇ ਹੋਰ ਵੀ ਬਹੁਤ ਕੁਝ ਦੇਖਣ ਨੂੰ ਮਿਲਿਆ। ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਦੀ ਸਥਾਪਨਾ 1993 'ਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਮਨੋਰਥ ਨਾਲ ਕੀਤੀ ਗਈ ਸੀ। ਇਸ ਮੇਲੇ ਵਿਚ ਹੁਣ ਤੱਕ ਸੈਂਕੜੇ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰ ਚੁੱਕੇ ਹਨ। ਇਸ ਵਾਰ ਵੀ ਪ੍ਰੋਗਰਾਮ ਦਾ ਆਗਾਜ਼ ਸ਼ਬਦ ਨਾਲ ਕੀਤਾ ਗਿਆ। ਇਸ ਤੋਂ ਬਾਅਦ ਵੱਖ-ਵੱਖ ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ 'ਚ ਯਾਰ ਅਣਮੁੱਲੇ, ਗੱਭਰੂ ਪੰਜਾਬ, ਰੋਜ਼ਵਿਲ ਤੋਂ ਹੀਰ ਸਲੇਟੀਆਂ, ਨੱਚਦੀ ਜਵਾਨੀ, ਨੱਚ ਦੀਆਂ ਕਲੀਆਂ, ਸਾਡਾ ਵਿਰਸਾ, ਰੰਗਲਾ ਪੰਜਾਬ, ਰੌਣਕ ਪੰਜਾਬ ਦੀ, ਨੱਚਦਾ ਸੰਸਾਰ, ਪੰਜਾਬੀ ਮੁਟਿਆਰਾਂ, ਗਿੱਧਾ ਮੁਟਿਆਰਾਂ ਦਾ, ਖੱਟੀਆਂ-ਮਿੱਠੀਆਂ ਜਸਵੀਰ ਐੱਸ. ਗਿੱਲ ਅਤੇ ਰੂਬੀ ਦਿਓਲ ਆਦਿ ਨੇ ਵੱਖ-ਵੱਖ ਰੰਗ ਪੇਸ਼ ਕੀਤੇ। ਵਿਸ਼ਵ ਪ੍ਰਸਿੱਧ ਖੇਤੀ ਵਿਗਿਆਨੀ ਅਤੇ ਜੈਨੇਟਿਕਸਿਸਟ ਪ੍ਰੋਫੈਸਰ ਗੁਰਦੇਵ ਸਿੰਘ ਖੁਸ਼ 87, ਇਸ ਪੰਜਾਬੀ ਅਮਰੀਕਨ ਫੈਸਟੀਵਲ ਦੇ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਗੁਰਦੇਵ ਸਿੰਘ ਖੁਸ਼ ਜਿਨ੍ਹਾਂ ਨੂੰ ਹਰੀ ਕ੍ਰਾਂਤੀ ਦੇ ਮੋਢੀ ਮੰਨਿਆ ਜਾਂਦਾ ਹੈ, ਉਸਨੇ ਚਾਵਲ ਦੀਆਂ ਕਈ ਕਿਸਮਾਂ ਦੀ ਕਾਢ ਕੱਢੀ। ਪੰਜਾਬੀ ਅਮਰੀਕਨ ਫੈਸਟੀਵਲ ਵਿਚ ਹੈਰੀਟੇਜ ਸੁਸਾਇਟੀ ਵੱਲੋਂ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਦਾਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸਟੇਜ ਸੰਚਾਲਨਾ ਜੋਤ ਰਣਜੀਤ ਨੇ ਸਟੇਜ ਦੇ ਬਰਾਬਰ ਦੀ ਹੋ ਕੇ ਨਿਭਾਈ ਤੇ ਹਰਜੀਤ ਉਪਲ ਨੇ ਵੀ ਨਿੱਜੀ ਵਰਤਾਰੇ ਦੇ ਟੋਟਕਿਆਂ ਨਾਲ ਬੀਬੀਆਂ ਨੂੰ ਸਟੇਜ ਨਾਲ ਜੋੜੀ ਰੱਖਿਆ। ਪ੍ਰੋਗਰਾਮ ਦੇ ਅਖੀਰ ਵਿਚ ਪਾਕਿਸਤਾਨੀ ਗਾਇਕ ਹੁਸੈਨ ਜਵੇਦ ਨੇ ਕੁਝ ਸੂਫੀ ਤੇ ਕੁਝ ਪੰਜਾਬੀ ਫੋਕ ਗਾ ਕੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੰਨ ਜਿੱਤਿਆ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem®

COVERED CALIFORNIA | Certified Insurance Agent

Designed By Punjab Mail USA

Ph.: (916) 900-2000


EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਸ਼੍ਰੋਮਣੀ ਅਕਾਲੀ ਦਲ 'ਚ ਆਈ ਗਿਰਾਵਟ ਦੇ ਸਕਦੈ ਨਵੇਂ ਅਕਾਲੀ ਦਲ ਨੂੰ ਜਨਮ!

**■ ਬੀਬੀ ਜਗੀਰ ਕੌਰ 3 ਜੂਨ ਨੂੰ ਕਰ ਸਕਦੀ ਹੈ ਵੱਡਾ ਐਲਾਨ**

**ਲੁਧਿਆਣਾ, (ਪੰਜਾਬ ਮੇਲ)-** ਪੰਜਾਬ ਵਿਚ ਅਕਾਲੀ ਹਲਕਿਆਂ ਵਿਚ ਹੁਣ ਇਸ ਗੱਲ ਦੀ ਚਰਚਾ ਸ਼ੁਰੂ ਹੋ ਗਈ ਹੈ ਕਿ ਜਲੰਧਰ ਜ਼ਿਮਨੀ ਚੋਣ ਦੀ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਿਚ ਆਈ ਗਿਰਾਵਟ ਦੇ ਚਲਦੇ ਪਿਛਲੇ ਸਮੇਂ ਤੋਂ ਚਾਰ ਦਰਜਨ ਵੱਡੇ ਕੱਦ ਦੇ ਨੇਤਾ ਅਕਾਲੀ ਦਲ ਤੋਂ ਬਾਹਰ ਚਲੇ ਗਏ ਹਨ ਤੇ ਹੁਣ ਹਾਰ ਦਰ ਹਾਰ ਹੁੰਦੀ ਦੇਖ ਕੇ ਅੰਦਰ ਬੈਠੇ ਅਕਾਲੀ ਨੇਤਾ ਵੀ ਘੁਟਨ ਮਹਿਸੂਸ ਕਰਦੇ ਦੱਸੇ ਜਾ ਰਹੇ ਹਨ।

ਭਰੋਸੇਯੋਗ ਸੂਤਰਾਂ ਨੇ ਇਸ਼ਾਰਾ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੋ ਮਹੀਨੇ ਪਹਿਲਾਂ ਬਿਆਨ ਦਿੱਤਾ ਸੀ ਕਿ 3 ਜੂਨ ਨੂੰ ਉਹ ਵੱਡਾ ਐਲਾਨ ਕਰੇਗੀ, ਜਿਸ ਨੂੰ ਲੈ ਕੇ ਉਸ ਵੇਲੇ ਤਾਂ ਅਕਾਲੀ ਆਗੂਆਂ ਨੇ ਕੰਨ ਨਹੀਂ ਚੁੱਕੇ ਪਰ ਹੁਣ ਜਿਉਂ-ਜਿਉਂ 3 ਜੂਨ ਨੇੜੇ ਆ ਰਹੀ ਹੈ ਤੇ ਅਕਾਲੀਆਂ ਵਿਚ ਇਹ ਚਰਚਾ ਦਾ ਆਲਮ ਹੈ ਕਿ ਝੂੰਦਾ ਕਮੇਟੀ ਜਿਸ ਵਿਚ ਮੌਜੂਦਾ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਲਾਂਭੇ ਕਰਕੇ ਨਵੇਂ ਚਿਹਰੇ ਅੱਗੇ ਲਿਆਉਣ ਦੀ ਗੱਲ ਦੱਸੀ ਜਾ ਰਹੀ ਹੈ। ਲੱਗਦਾ ਹੈ ਹੋਰ ਨਾ ਕਿਧਰੇ ਬੀਬੀ ਜਗੀਰ ਕੌਰ ਨਵੇਂ ਅਕਾਲੀ ਦਲ ਦਾ ਐਲਾਨ ਕਰ ਦੇਣ ਤੇ ਪੰਜਾਬ ਵਿਚ ਜਿੰਨੇ ਸੀਨੀਅਰ ਅਕਾਲੀ ਨੇਤਾ ਜੋ ਬਾਦਲਾਂ ਤੋਂ ਬਾਗੀ ਹੋ ਕੇ ਬਾਹਰ ਬੈਠੇ ਹਨ, ਉਹ ਬੀਬੀ ਜਗੀਰ ਕੌਰ ਦੀ ਹਮਾਇਤ 'ਤੇ ਆ ਜਾਣ।

ਜੇਕਰ ਨਵਾਂ ਅਕਾਲੀ ਦਲ ਹੋਂਦ ਵਿਚ ਆ ਗਿਆ, ਤਾਂ ਉਹ ਪ੍ਰਧਾਨ ਮੰਤਰੀ ਮੋਦੀ ਦੇ ਦਰਵਾਜ਼ੇ ਦਾ ਕੁੰਡਾ ਵੀ ਖੜਕਾ ਕੇ ਸਿੱਖਾਂ ਦੇ ਪੰਜਾਬੀਆਂ ਦੇ ਲਟਕਦੇ ਮਸਲੇ ਹੱਲ ਕਰਵਾਉਣ ਲਈ ਦਿੱਲੀ ਵੱਲ ਕੂਚ ਕਰ ਸਕਦਾ ਹੈ ਕਿਉਂਕਿ ਹਾਲ ਹੀ ਵਿਚ ਜਲੰਧਰ ਜ਼ਿਮਨੀ ਚੋਣ ਵਿਚ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ, ਸ. ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੇਂਦਰੀ ਮੰਤਰੀ ਸਵਰਨ ਸਿੰਘ ਫਿਲੌਰ, ਚਰਨਜੀਤ ਸਿੰਘ ਅਟਵਾਲ ਆਦਿ ਨੇ ਭਾਜਪਾ ਦੀ ਹਮਾਇਤ ਕੀਤੀ ਸੀ ਅਤੇ ਮਸਲੇ ਹੱਲ ਕਰਨ ਦੀ ਗੁਹਾਰ ਲਗਾਈ ਸੀ।

# ਦਿੱਲੀ ਤੇ ਚੰਡੀਗੜ੍ਹ ਵਿਚੋਂ ਅਕਾਸ਼ਵਾਣੀ 'ਤੇ ਨਹੀਂ ਪੜ੍ਹੀਆਂ ਜਾਣਗੀਆਂ ਪੰਜਾਬੀ ਦੀਆਂ ਖ਼ਬਰਾਂ

**ਜਲੰਧਰ, (ਪੰਜਾਬ ਮੇਲ)-** ਅਕਾਸ਼ਵਾਣੀ ਵੱਲੋਂ ਦੇਸ਼ ਤੇ ਪੰਜਾਬ ਦੀਆਂ ਰਾਜਧਾਨੀਆਂ ਵਿਚੋਂ ਪੰਜਾਬੀ ਦੀਆਂ ਖ਼ਬਰਾਂ ਦਾ ਬੁਲੇਟਿਨ ਜਲੰਧਰ ਤਬਦੀਲ ਕਰ ਦਿੱਤਾ ਗਿਆ ਹੈ। ਦਿੱਲੀ ਵਿਚ ਅਕਾਸ਼ਵਾਣੀ 'ਤੇ ਪਿਛਲੇ 70 ਸਾਲ ਤੋਂ ਵੱਧ ਸਮੇਂ ਤੋਂ ਪੰਜਾਬੀ ਦੀਆਂ ਖ਼ਬਰਾਂ ਪੜ੍ਹੀਆਂ ਜਾਂਦੀਆਂ ਸਨ ਤੇ ਚੰਡੀਗੜ੍ਹ ਤੋਂ 55 ਸਾਲ ਤੋਂ ਪੰਜਾਬੀ ਦੀਆਂ ਖ਼ਬਰਾਂ ਪੜ੍ਹੀਆਂ ਜਾਂਦੀਆਂ ਸਨ। ਦਿੱਲੀ ਤੇ ਚੰਡੀਗੜ੍ਹ ਵਿਚ ਪੰਜਾਬੀ ਸੈਕਸ਼ਨ ਵਿਚ ਕੰਮ ਕਰਦੇ ਸਟਾਫ਼ ਨੂੰ ਜਲੰਧਰ ਅਕਾਸ਼ਵਾਣੀ ਕੇਂਦਰ ਭੇਜਣ ਦੀਆਂ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ।

ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਅਧੀਨ ਚੱਲਦੇ ਪ੍ਰਸਾਰ ਭਾਰਤੀ ਨੇ ਦਿੱਲੀ ਤੇ ਚੰਡੀਗੜ੍ਹ ਵਿਚ ਪੰਜਾਬੀ ਦੀਆਂ ਖ਼ਬਰਾਂ ਪੜ੍ਹਨ ਵਾਲੇ ਸਟਾਫ ਨੂੰ 14 ਮਈ ਨੂੰ ਜਲੰਧਰ ਜਾਣ ਦੇ ਹੁਕਮ ਸੁਣਾ ਦਿੱਤੇ ਸਨ, ਜਿਸ ਕਾਰਨ ਸਟਾਫ ਮੈਂਬਰਾਂ ਦੇ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੋਵੇਗੀ।

ਪੰਜਾਬੀ ਸੱਥ ਦੇ ਪ੍ਰਧਾਨ ਡਾ. ਨਿਰਮਲ ਸਿੰਘ ਲਾਂਬੜਾ ਤੇ ਮੋਤਾ ਸਿੰਘ ਸਰਾਏ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਪੰਜਾਬ ਤੇ ਪੰਜਾਬੀ ਭਾਸ਼ਾ ਨਾਲ ਇਹ ਬਹੁਤ ਵੱਡਾ ਧੱਕਾ ਹੈ। ਦਿੱਲੀ ਵਿਚ ਪੰਜਾਬੀਆਂ ਦੀ ਵੱਡੀ ਵਸੋਂ ਹੈ ਤੇ ਉਨ੍ਹਾਂ ਦੀ ਆਪਣੀ ਜ਼ੁਬਾਨ ਪੰਜਾਬੀ ਨੂੰ ਹੀ ਉਥੋਂ ਰੁਖ਼ਸਤ ਕਰ ਦੇਣਾ ਦੇਸ਼ ਦੇ ਲੋਕਤੰਤਰ ਨਾਲ ਕੋਝਾ ਮਜ਼ਾਕ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਨੂੰ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾਉਣ ਬਾਰੇ ਕਹਿਣਗੇ ਅਤੇ ਰਾਜ ਸਭਾ ਵਿਚ ਇਸ ਨੂੰ ਮੌਨਸੂਨ ਸੈਸ਼ਨ ਵਿਚ ਵੀ ਉਠਾਉਣਗੇ।

# ਹੁਣ ਫ਼ਾਰਸੀ ਸ਼ਬਦਾਂ ਦੀ ਥਾਂ ਸਰਲ ਪੰਜਾਬੀ ਭਾਸ਼ਾ 'ਚ ਮਿਲੇਗਾ ਜ਼ਮੀਨੀ ਰਿਕਾਰਡ

**ਮੁੱਖ ਮੰਤਰੀ ਵੱਲੋਂ ਲੋਕਾਂ ਦੀ ਸਹੂਲਤ ਲਈ ਤਹਿਸੀਲ ਪੱਧਰ 'ਤੇ ਵਿਆਪਕ ਸੁਧਾਰ ਲਿਆਉਣ ਦੀ ਹਦਾਇਤ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਤਹਿਸੀਲਾਂ ਵਿਚ ਹੁਣ ਜ਼ਮੀਨੀ ਰਿਕਾਰਡ 'ਚ ਫਾਰਸੀ ਸ਼ਬਦਾਂ ਦੀ ਥਾਂ ਸਰਲ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾਵੇਗੀ, ਤਾਂ ਜੋ ਲੋਕਾਂ ਨੂੰ ਜ਼ਮੀਨ ਨਾਲ ਜੁੜੇ ਦਸਤਾਵੇਜ਼ਾਂ ਦੀ ਸਾਰੀ ਜਾਣਕਾਰੀ ਪੜ੍ਹਨ ਤੇ ਸਮਝਣ 'ਚ ਆਸਾਨੀ ਹੋਵੇ। ਇਸ ਤੋਂ ਪਹਿਲਾਂ ਜ਼ਮੀਨੀ ਰਿਕਾਰਡ ਵਿਚ ਕੁਝ ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਸਮਝਣ 'ਚ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਫ਼ੈਸਲਾ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਮੀਨੀ ਰਿਕਾਰਡ ਸਰਲ ਪੰਜਾਬੀ ਭਾਸ਼ਾ 'ਚ ਉਪਲਬਧ ਕਰਵਾਇਆ ਜਾਵੇ, ਤਾਂ ਜੋ ਲੋਕਾਂ ਨੂੰ ਇਸ ਨੂੰ ਪੜ੍ਹਨ 'ਚ ਕਿਸੇ ਕਿਸਮ ਦੀ ਦਿੱਕਤ ਨਾ ਆਏ। ਮੁੱਖ ਮੰਤਰੀ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਮੀਨ ਨਾਲ ਸਬੰਧਤ ਸਾਰੇ ਰਿਕਾਰਡ ਨੂੰ ਆਨਲਾਈਨ ਕਰਨ 'ਤੇ ਜ਼ੋਰ ਦਿੱਤਾ, ਤਾਂ ਜੋ ਲੋਕ ਇਕ ਕਲਿੱਕ 'ਤੇ ਜ਼ਮੀਨੀ ਰਿਕਾਰਡ ਬਾਰੇ ਸਾਰੀ ਜਾਣਕਾਰੀ ਹਾਸਲ ਕਰ ਸਕਣ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸੂਬੇ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਪੂਰੀ ਤਰ੍ਹਾਂ ਡਿਜੀਟਾਈਜ਼ ਕੀਤਾ ਜਾਵੇ।

# ਪੰਜਾਬ ਪੁਲਿਸ ਵਿਦੇਸ਼ਾਂ 'ਚ ਔਰਤਾਂ ਦੀ ਗੈਰ-ਕਾਨੂੰਨੀ ਢੰਗ ਨਾਲ ਹੋ ਰਹੀ ਸਮੱਗਲਿੰਗ ਨਾਲ ਨਜਿੱਠਣ ਦੀ ਤਿਆਰੀ!

**■ ਗੈਰ-ਕਾਨੂੰਨੀ ਘਟਨਾਵਾਂ ਨੂੰ ਰੋਕਣ ਲਈ ਪੁਲਿਸ ਵਲੋਂ ਕੀਤੀ ਜਾਵੇਗੀ ਤੁਰੰਤ ਕਾਰਵਾਈ**

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤ ਤੋਂ ਮੱਧ-ਪੂਰਬੀ ਦੇਸ਼ਾਂ 'ਚ ਔਰਤਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸਮੱਗਲਿੰਗ ਕਰ ਕੇ ਲਿਜਾਣ ਦੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਹੁਣ ਪੰਜਾਬ ਪੁਲਿਸ ਨੇ ਵੀ ਅਜਿਹੀ ਘਟਨਾਵਾਂ ਨੂੰ ਲੈ ਕੇ ਤਿਆਰੀ ਕਰ ਲਈ ਹੈ। ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਤੇ ਏ.ਡੀ.ਜੀ.ਪੀ. ਐੱਲ.ਕੇ. ਯਾਦਵ ਨੇ ਇਕ ਪੱਤਰ ਜਾਰੀ ਕੀਤਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ ਔਰਤਾਂ ਨੂੰ ਵਿਦੇਸ਼ਾਂ 'ਚ ਗੈਰ-ਕਾਨੂੰਨੀ ਢੰਗ ਨਾਲ ਲਿਜਾਣ ਦੀਆਂ ਘਟਨਾਵਾਂ ਨੂੰ ਰੋਕਣ ਦੇ ਉਦੇਸ਼ ਨਾਲ ਪੁਲਿਸ ਵਲੋਂ ਹੁਣ ਤੁਰੰਤ ਕਾਰਵਾਈ ਕੀਤੀ ਜਾਵੇਗੀ ਅਤੇ ਸ਼ਿਕਾਇਤ ਮਿਲਦਿਆਂ ਹੀ ਪੁਲਿਸ ਥਾਣੇ ਵਿਚ ਐੱਫ.ਆਈ.ਆਰ. ਦਰਜ ਕਰ ਦਿੱਤੀ ਜਾਵੇਗੀ।

ਏ.ਡੀ.ਜੀ.ਪੀ. ਐੱਲ.ਕੇ. ਯਾਦਵ ਨੇ ਦੱਸਿਆ ਕਿ ਫਿਰੋਜ਼ਪੁਰ ਦੇ ਪੁਲਿਸ ਥਾਣਾ ਘੱਲਖੁਰਦ 'ਚ 2 ਮਈ ਨੂੰ ਐੱਫ.ਆਈ.ਆਰ. ਨੰ. 38 ਦਰਜ ਹੋ ਚੁੱਕੀ ਹੈ, ਜਿਸ ਵਿਚ ਕੁਝ ਏਜੰਟਾਂ ਖਿਲਾਫ ਕਾਰਵਾਈ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਤੇ ਸੰਵੇਦਨਸ਼ੀਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਫੀਲਡ ਵਿਚ ਤਾਇਨਾਤ ਸਾਰੇ ਪੁਲਸ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਸ਼ਿਕਾਇਤ ਮਿਲਦੇ ਹੀ ਕੇਸ ਦਰਜ ਕਰਨ ਤਾਂ ਜੋ ਕੋਈ ਵੀ ਵਿਅਕਤੀ ਵਿਦੇਸ਼ ਦੌੜਨ 'ਚ ਕਾਮਯਾਬ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ ਵਿਚ ਲੁਧਿਆਣਾ ਰੇਂਜ ਦੇ ਆਈ.ਜੀ. ਤੇ ਆਈ.ਪੀ.ਐੱਸ. ਅਧਿਕਾਰੀ ਕੌਸਤੁਭ ਸ਼ਰਮਾ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ, ਤਾਂ ਜੋ ਐੱਫ.ਆਈ.ਆਰ. ਦਰਜ ਕਰਨ 'ਚ ਕਿਸੇ ਨੂੰ ਕੋਈ ਦਿੱਕਤ ਨਾ ਆਏ। ਆਈ.ਜੀ. ਲੋਕਾਂ ਦੀਆਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਇਹ ਯਕੀਨੀ ਬਣਾਉਣਗੇ ਕਿ ਪੁਲਿਸ ਥਾਣਿਆਂ ਵਿਚ ਐੱਫ.ਆਈ.ਆਰ. ਦਰਜ ਹੋ ਰਹੀ ਹੈ ਜਾਂ ਨਹੀਂ। ਬਿਊਰੋ ਆਫ ਇਨਵੈਸਟੀਗੇਸ਼ਨ ਅਨੁਸਾਰ ਇਨ੍ਹਾਂ ਸਾਰੇ ਮਾਮਲਿਆਂ ਦੀ ਜਾਂਚ ਐੱਸ.ਆਈ.ਟੀ. ਵੱਲੋਂ ਕੀਤੀ ਜਾਵੇਗੀ, ਜਿਸ ਦੇ ਮੁਖੀ ਆਈ.ਪੀ.ਐੱਸ. ਰਣਧੀਰ ਸਿੰਘ ਹੋਣਗੇ। ਉਹ ਇਸ ਵਿਚ ਕਿਸੇ ਵੀ ਅਧਿਕਾਰੀ ਨੂੰ ਐਡਜਸਟ ਕਰ ਸਕਣਗੇ। ਇਸੇ ਤਰ੍ਹਾਂ ਐੱਸ.ਆਈ.ਟੀ. ਮੁਖੀ ਕੇਸ ਦੀ ਜਾਂਚ ਲਈ ਸਬੰਧਤ ਪੁਲਿਸ ਥਾਣਿਆਂ 'ਚੋਂ ਵੀ ਅਧਿਕਾਰੀਆਂ ਨੂੰ ਐੱਸ.ਆਈ.ਟੀ. ਵਿਚ ਸ਼ਾਮਲ ਕਰ ਸਕਣਗੇ। ਪੰਜਾਬ ਪੁਲਿਸ ਦੇ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਜਾਰੀ ਕੀਤੇ ਗਏ ਪੱਤਰ ਦੀਆਂ ਕਾਪੀਆਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ, ਸਾਰੇ ਪੁਲਿਸ ਕਮਿਸ਼ਨਰਾਂ, ਐੱਸ.ਐੱਸ.ਪੀਜ਼. ਅਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਭੇਜੀਆਂ ਗਈਆਂ ਹਨ।

Global Allianz
ਕਾਨੂੰਨੀ ਸਲਾਹ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕੈਨੇਡਾ ਦੇ ਮੋਸਟ ਵਾਂਟੇਡ ਗੈਂਗਸਟਰ ਅਮਰਪ੍ਰੀਤ ਸਮਰਾ ਦਾ ਗੋਲੀਆਂ ਮਾਰ ਕੇ ਕਤਲ






**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਟਾਪ-11 ਗੈਂਗਸਟਰਾਂ ਵਿਚੋਂ ਇੱਕ ਅਮਰਪ੍ਰੀਤ ਸਮਰਾ ਉਰਫ ਚੱਕੀ ਦਾ ਵੈਨਕੂਵਰ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਉਹ ਵੈਨਕੂਵਰ ਦੇ ਫਰੇਜ਼ਰਵਿਊ ਬੈਂਕੁਇਟ ਹਾਲ ਵਿਚ ਵਿਆਹ ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਜਦੋਂ ਤੜਕੇ 1:30 ਵਜੇ ਦੇ ਕਰੀਬ ਹਾਲ ਤੋਂ ਬਾਹਰ ਨਿਕਲ ਰਿਹਾ ਸੀ, ਤਾਂ ਉਦੋਂ ਉਸ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਅਮਰਪ੍ਰੀਤ ਸਮਰਾ ਦੀ ਗੱਡੀ ਵਾਰਦਾਤ ਵਾਲੀ ਥਾਂ ਤੋਂ ਕੁਝ ਹੀ ਦੂਰੀ ਉਤੇ ਸੜ੍ਹੀ ਹਾਲਤ ਵਿਚ ਮਿਲੀ ਹੈ। ਪੁਲਿਸ ਨੂੰ ਖਦਸ਼ਾ ਹੈ ਕਿ ਉਸ ਦੇ ਵਿਰੋਧੀ ਗੈਂਗ ਨੇ ਗੋਲੀਆਂ ਮਾਰੀਆਂ ਹਨ। ਅਮਰਪ੍ਰੀਤ ਸਮਰਾ ਉਰਫ ਚੱਕੀ ਦਾ ਸਬੰਧ ਸੰਯੁਕਤ ਰਾਸ਼ਟਰ (ਯੂ.ਐੱਨ.) ਗੈਂਗ ਨਾਲ ਸੀ, ਜਿਸਦੀ ਬ੍ਰਦਰਜ਼ ਕੀਪਰਜ਼ ਗੈਂਗ ਨਾਲ ਕਈ ਸਾਲਾਂ ਤੋਂ ਦੁਸ਼ਮਣੀ ਚੱਲ ਰਹੀ ਸੀ। ਕਾਤਲ ਵਿਰੋਧੀ ਬ੍ਰਦਰਜ਼ ਕੀਪਰਜ਼ ਗਰੁੱਪ ਤੋਂ ਹੋਣ ਦੀ ਸੰਭਾਵਨਾ ਹੈ। ਪੁਲਿਸ ਜਵਾਬੀ ਕਾਰਵਾਈ ਨੂੰ ਲੈ ਕੇ ਚਿੰਤਤ ਹੈ। ਪੁਲਿਸ ਮੁਤਾਬਕ ਪੈਰਾਮੈਡਿਕਸ ਦੇ ਪਹੁੰਚਣ ਤੱਕ ਉਨ੍ਹਾਂ ਨੇ ਪੀੜਤ ਨੂੰ ਸੀ.ਪੀ.ਆਰ. ਦਿੱਤੀ, ਪਰ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।

# ਐੱਨ.ਆਰ.ਆਈ. ਦੀ ਭਰਿੰਡ ਲੜਨ ਕਾਰਨ ਮੌਤ!



**ਖੰਨਾ, (ਪੰਜਾਬ ਮੇਲ)-** ਖੰਨਾ ਵਿਖੇ ਇੱਕ ਐੱਨ.ਆਰ.ਆਈ. ਦੀ ਭਰਿੰਡ ਲੜਨ ਮਗਰੋਂ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਰਮਨਦੀਪ ਸਿੰਘ ਉਮਰ 40 ਸਾਲ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਆਪਣੀ ਮਾਂ ਦਾ ਇਲਾਜ ਕਰਾਉਣ ਲਈ ਆਸਟ੍ਰੇਲੀਆ ਤੋਂ ਵਾਪਸ ਆਇਆ ਹੋਇਆ ਸੀ। ਜਾਣਕਾਰੀ ਅਨੁਸਾਰ ਦੇਰ ਸ਼ਾਮ ਨੂੰ ਰਮਨਦੀਪ ਸਿੰਘ ਦੇ ਗਲੇ ਉਪਰ ਭਰਿੰਡ ਲੜ ਗਈ, ਜਿਸ ਮਗਰੋਂ ਉਸਦੀ ਹਾਲਤ ਖਰਾਬ ਹੋ ਗਈ। ਜਿਸ ਤੋਂ ਬਾਅਦ ਪਰਿਵਾਰਕ ਮੈਂਬਰ ਰਮਨਦੀਪ ਨੂੰ ਦੋ ਨਿੱਜੀ ਹਸਪਤਾਲਾਂ 'ਚ ਲੈ ਕੇ ਗਏ। ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨਿਆ।

# ਸਸਕੈਚਵਾਨ 'ਚ ਸਿੱਖਾਂ ਨੂੰ ਵਿਸ਼ੇਸ਼ ਮੌਕਿਆਂ 'ਤੇ ਹੈਲਮਟ ਪਾਉਣ ਤੋਂ ਮਿਲੀ ਆਰਜ਼ੀ ਛੋਟ!

**■ ਸਰਕਾਰ ਨੇ ਸਵੀਕਾਰੀ 'ਲੀਜੈਂਡਰੀ ਸਿੱਖ ਰਾਈਡਰਜ਼' ਦੀ ਤਜਵੀਜ਼**



**ਸਸਕੈਚਵਾਨ, (ਪੰਜਾਬ ਮੇਲ)-** ਕੈਨੇਡਾ ਅੰਦਰ ਸਿੱਖਾਂ ਨੂੰ ਇੱਕ ਹੋਰ ਰਾਹਤ ਮਿਲੀ ਹੈ। ਸਰਕਾਰ ਨੇ ਕੈਨੇਡਾ ਦੇ ਸਸਕੈਚਵਾਨ ਸੂਬੇ ਵਿਚ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਨਗਰ ਕੀਰਤਨ ਤੇ ਰੈਲੀਆਂ ਸਣੇ ਹੋਰਨਾਂ ਵਿਸ਼ੇਸ਼ ਮੌਕਿਆਂ 'ਤੇ ਹੈਲਮਟ ਪਾਉਣ ਤੋਂ ਆਰਜ਼ੀ ਛੋਟ ਦਿੱਤੀ ਹੈ। ਸਸਕੈਚਵਾਨ ਸੂਬੇ ਵਿਚ ਸਾਰੇ ਨਾਗਰਿਕਾਂ ਨੂੰ ਹੈਲਮਟ ਪਾਉਣਾ ਲਾਜ਼ਮੀ ਹੈ। ਦਰਅਸਲ ਸਰਕਾਰ ਨੇ ਇਹ ਫੈਸਲਾ ਅਜਿਹੇ ਮੌਕੇ ਲਿਆ ਹੈ, ਜਦੋਂ ਬ੍ਰਿਟਿਸ਼ ਕੋਲੰਬੀਆ ਆਧਾਰਿਤ 'ਲੀਜੈਂਡਰੀ ਸਿੱਖ ਰਾਈਡਰਜ਼' ਨਾਂ ਦੇ ਮੋਟਰਸਾਈਕਲ ਗਰੁੱਪ ਨੇ ਸੂਬਾ ਸਰਕਾਰ ਅੱਗੇ ਤਜਵੀਜ਼ ਰੱਖੀ ਸੀ ਕਿ ਉਨ੍ਹਾਂ ਨੂੰ ਲੋਕ ਭਲਾਈ ਦੇ ਕੰਮਾਂ ਲਈ ਫੰਡ ਇਕੱਤਰ ਕਰਨ ਖਾਤਰ ਪੂਰੇ ਕੈਨੇਡਾ ਵਿਚ ਮੋਟਰਸਾਈਕਲ ਰੈਲੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ। ਦੱਸ ਦੇਈਏ ਕਿ ਬ੍ਰਿਟਿਸ਼ ਕੋਲੰਬੀਆ, ਐਲਬਰਟਾ, ਮੈਨੀਟੋਬਾ ਤੇ ਓਨਟਾਰੀਓ ਸੂਬਿਆਂ 'ਚ ਧਾਰਮਿਕ ਕਾਰਨਾਂ ਕਰਕੇ ਜਿੱਥੇ ਪੱਗੜੀਧਾਰੀ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਮੌਕੇ ਹੈਲਮਟ ਪਾਉਣ ਤੋਂ ਮੁਕੰਮਲ ਛੋਟ ਹੈ, ਉੱਥੇ ਹੀ ਸਸਕੈਚਵਾਨ ਵਿਚ ਸੜਕਾਂ 'ਤੇ ਮੋਟਰਸਾਈਕਲ ਚਲਾਉਣ ਮੌਕੇ ਸਾਰਿਆਂ ਲਈ ਹੈਲਮਟ ਪਾਉਣਾ ਲਾਜ਼ਮੀ ਹੈ।

# ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕਰਨ ਲਈ ਕਿਹਾ

**ਅੰਮ੍ਰਿਤਸਰ, (ਪੰਜਾਬ ਮੇਲ)-** ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਇਕ ਪੱਤਰ ਭੇਜ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕਰਨ ਲਈ ਆਖਿਆ ਹੈ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਐੱਸ.ਐੱਸ. ਸਾਰੋਂ ਨੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ ਅਤੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਕੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ ਬੋਰਡ ਗਠਨ ਕਰਨ ਵਾਸਤੇ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕੀਤਾ ਜਾਵੇ। ਚਾਰ ਸਫ਼ਿਆਂ ਦੇ ਇਸ ਪੱਤਰ ਵਿਚ ਵੋਟਰ ਦੀ ਯੋਗਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

ਚੋਣਾਂ ਵਿਚ ਹਿੱਸਾ ਲੈਣ ਵਾਲੇ ਵੋਟਰ ਦੀ ਉਮਰ ਘੱਟੋ-ਘੱਟ 21 ਵਰ੍ਹੇ ਹੋਣੀ ਚਾਹੀਦੀ ਹੈ ਅਤੇ ਉਹ ਸਿਰ ਜਾਂ ਦਾੜ੍ਹੀ ਦੇ ਕੇਸ ਨਾ ਕਟਵਾਉਂਦਾ ਹੋਵੇ। ਪੱਤਰ ਵਿਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਆਖਿਆ ਗਿਆ ਕਿ ਇਹ ਜਲਦੀ ਸ਼ੁਰੂ ਕੀਤਾ ਜਾਵੇ।

# ਅਦਾਲਤ ਨੇ ਸਾਬਕਾ ਮੰਤਰੀ ਅਨਿਲ ਜੋਸ਼ੀ ਨੂੰ ਪੁਰਾਣੇ ਕੇਸ 'ਚੋਂ ਕੀਤਾ ਬਰੀ

**ਅੰਮ੍ਰਿਤਸਰ, (ਪੰਜਾਬ ਮੇਲ)-**ਸਥਾਨਕ ਅਦਾਲਤ ਨੇ ਸਾਬਕਾ ਮੰਤਰੀ ਅਤੇ ਹੁਣ ਸੀਨੀਅਰ ਅਕਾਲੀ ਆਗੂ ਅਨਿਲ ਜੋਸ਼ੀ ਨੂੰ ਐਡਵੋਕੇਟ ਵਿਨੀਤ ਮਹਾਜਨ ਵੱਲੋਂ 2012 'ਚ ਦਾਇਰ ਇਕ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਵਿਨੀਤ ਮਹਾਜਨ ਨੇ ਦੋਸ਼ ਲਾਇਆ ਸੀ ਕਿ ਨਗਰ ਨਿਗਮ ਦੇ ਤਤਕਾਲੀ ਅਧਿਕਾਰੀ ਕਥਿਤ ਤੌਰ 'ਤੇ ਸ਼੍ਰੀ ਜੋਸ਼ੀ ਦੇ ਇਸ਼ਾਰੇ 'ਤੇ ਬਟਾਲਾ ਰੋਡ 'ਤੇ ਸਥਿਤ ਉਨ੍ਹਾਂ ਦੇ ਹੋਟਲ ਦੀ ਇਮਾਰਤ ਦੇ ਕਾਨੂੰਨੀ ਤੌਰ 'ਤੇ ਬਣੇ ਹਿੱਸੇ ਨੂੰ ਢਾਹੁਣ ਗਏ ਸਨ। ਸ਼੍ਰੀ ਜੋਸ਼ੀ ਦੇ ਵਕੀਲ ਅਮਨਦੀਪ ਸਿੰਘ ਨੇ ਕਿਹਾ ਕਿ ਮਹਾਜਨ ਨੇ ਦੋਸ਼ ਲਾਇਆ ਸੀ ਕਿ ਉਹ ਜੋਸ਼ੀ ਵਿਰੁੱਧ ਚੋਣਾਂ ਦੌਰਾਨ ਨਾਜਾਇਜ਼ ਸ਼ਰਾਬ ਜ਼ਬਤ ਕਰਨ ਦੇ ਮਾਮਲੇ ਵਿਚ ਗਵਾਹ ਸੀ, ਇਸ ਲਈ ਉਸ (ਜੋਸ਼ੀ) ਨੇ ਨਗਰ ਨਿਗਮ ਅਧਿਕਾਰੀਆਂ ਨੂੰ ਇਸ ਹਿੱਸੇ ਨੂੰ ਤੋੜਨ ਦੇ ਨਿਰਦੇਸ਼ ਦਿੱਤੇ ਸਨ।

# ਪੰਜਾਬ ਨੂੰ ਤੰਬਾਕੂ ਮੁਕਤ ਕਰਨ ਲਈ ਸੂਬੇ ਦੀਆਂ ਪੰਚਾਇਤਾਂ ਕਰਨਗੀਆਂ ਮਤਾ ਪਾਸ

**■ ਸੂਬੇ ਦੀਆਂ 13 ਹਜ਼ਾਰ ਪੰਚਾਇਤਾਂ ਕਰਨਗੀਆਂ ਵੱਡਾ ਐਕਸ਼ਨ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਜਲਦ ਹੀ ਤੰਬਾਕੂ ਮੁਕਤ ਹੋ ਜਾਏਗਾ। ਇਹ ਕਾਰਜ ਪੰਜਾਬ ਦੀਆਂ 13 ਹਜ਼ਾਰ ਤੋਂ ਵੱਧ ਪਿੰਡਾਂ ਦੀਆਂ ਪੰਚਾਇਤਾਂ ਕਰਨਗੀਆਂ। ਇਸ ਲਈ ਪੂਰੇ ਸੂਬੇ ਵਿਚ 'ਸਾਨੂੰ ਭੋਜਨ ਚਾਹੀਦਾ, ਤੰਬਾਕੂ ਦੀ ਨਹੀਂ' ਦਾ ਨਾਅਰਾ ਗੂੰਜੇਗਾ। ਪੰਚਾਇਤਾਂ ਪਿੰਡਾਂ ਅੰਦਰ ਤੰਬਾਕੂ ਦਾ ਸੇਵਨ ਨਾ ਕਰਨ ਦਾ ਪ੍ਰਣ ਲਿਆ ਲੈਣਗੀਆਂ। ਇਸ ਦੇ ਨਾਲ ਹੀ ਪੰਚਾਇਤਾਂ ਮਤੇ ਪਾਸ ਕਰਕੇ ਤੰਬਾਕੂ ਦਾ ਸੇਵਨ ਕਰਨ ਤੇ ਵੇਚਣ ਵਾਲਿਆਂ ਨੂੰ ਜੁਰਮਾਨਾ ਕਰਨ ਦਾ ਐਲਾਨ ਕਰਨਗੀਆਂ।

ਜਾਣਕਾਰੀ ਮੁਤਾਬਕ ਪੰਜਾਬ ਵਿਚ 31 ਮਈ ਤੋਂ 31 ਜੁਲਾਈ ਤੱਕ ਦੋ ਮਹੀਨਿਆਂ ਵਿਚ ਪੰਚਾਇਤਾਂ ਅਧੀਨ ਆਉਂਦੇ 13 ਹਜ਼ਾਰ ਤੋਂ ਵੱਧ ਪਿੰਡਾਂ ਵਿਚ ਤੰਬਾਕੂ ਦਾ ਸੇਵਨ ਨਾ ਕਰਨ ਦਾ ਪ੍ਰਣ ਲਿਆ ਜਾਵੇਗਾ। ਤੰਬਾਕੂ ਦਾ ਸੇਵਨ ਕਰਨ ਤੇ ਵੇਚਣ ਵਾਲਿਆਂ ਨੂੰ ਜੁਰਮਾਨਾ ਕੀਤਾ ਜਾਵੇਗਾ। ਅਹਿਮ ਗੱਲ਼ ਹੈ ਕਿ ਸੂਬੇ ਦੇ 739 ਪਿੰਡ ਤੰਬਾਕੂ ਮੁਕਤ ਹੋ ਗਏ ਹਨ। ਇੱਕ ਸ਼ਹਿਰ ਵੀ ਤੰਬਾਕੂ ਮੁਕਤ ਹੈ। ਦੱਸ ਦਈਏ ਕਿ ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਦੇ ਅਨੁਸਾਰ, ਭਾਰਤ ਵਿਚ ਤੰਬਾਕੂ ਦੀ ਵਰਤੋਂ ਕਾਰਨ ਹਰ ਸਾਲ 10 ਮਿਲੀਅਨ ਤੋਂ ਵੱਧ ਮੌਤਾਂ ਹੁੰਦੀਆਂ ਹਨ। ਦੁਨੀਆਂ ਦੇ 12% ਸਿਗਰਟਨੋਸ਼ੀ ਕਰਨ ਵਾਲੇ ਭਾਰਤ ਵਿਚ ਰਹਿੰਦੇ ਹਨ। ਦੂਜੇ ਸੂਬਿਆਂ ਵਿਚ ਆਉਂਦੇ ਪਰਵਾਸੀ ਮਜ਼ਦੂਰਾਂ ਕਰਕੇ ਪੰਜਾਬ ਅੰਦਰ ਵੀ ਤੰਬਾਕੂ ਦਾ ਰੁਝਾਨ ਕਾਫੀ ਵਧ ਗਿਆ ਹੈ। ਇਸ ਲਈ ਪੰਜਾਬ ਸਰਕਾਰ ਵੱਡਾ ਕਦਮ ਚੁੱਕਣ ਜਾ ਰਹੀ ਹੈ।

ਪੰਜਾਬ ਲਈ ਰਾਹਤ ਦੀ ਖਬਰ ਹੈ ਕਿ ਐੱਨ.ਐੱਫ.ਐੱਚ.ਐੱਸ.-5 ਦੇ ਅੰਕੜਿਆਂ (2020-21) ਅਨੁਸਾਰ, ਪਿਛਲੇ 5 ਸਾਲਾਂ ਦੌਰਾਨ ਪੰਜਾਬ ਵਿਚ ਮਰਦਾਂ ਵਿਚ ਤੰਬਾਕੂ ਦੀ ਵਰਤੋਂ 19.2% ਤੋਂ ਘੱਟ ਕੇ 12.9% ਹੋ ਗਈ ਹੈ, ਜੋ ਦੇਸ਼ ਦੇ ਸਾਰੇ ਰਾਜਾਂ ਵਿਚੋਂ ਸਭ ਤੋਂ ਘੱਟ ਹੈ। ਹੁਣ 31 ਮਈ ਤੋਂ 31 ਜੁਲਾਈ ਤੱਕ ਸੂਬੇ ਵਿਚ ਤੰਬਾਕੂ ਤੇ ਸਿਗਰਟਨੋਸ਼ੀ ਸਬੰਧੀ ਵੱਡੀ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।



# ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ 'ਚ ਐੱਲ.ਈ.ਡੀ. 'ਤੇ ਮਰਿਆਦਾ ਬਾਰੇ ਹਦਾਇਤਾਂ

■ ਬਿਨਾਂ ਪ੍ਰਵਾਨਗੀ ਫੋਟੋਗ੍ਰਾਫ਼ੀ ਅਤੇ ਵੀਡੀਓਗ੍ਰਾਫੀ ਦੀ ਮਨਾਹੀ; ਤਿੰਨ ਭਾਸ਼ਾਵਾਂ 'ਚ ਦਿੱਤੀ ਜਾ ਰਹੀ ਹੈ ਜਾਣਕਾਰੀ




ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜ਼ਾ 'ਚ ਲੱਗੀ ਸਕਰੀਨ ਦੇਖਦੀ ਹੋਈ ਸੰਗਤ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਵਿਚ ਮਰਿਆਦਾ ਦੀ ਪਾਲਣਾ ਕਰਨ ਲਈ ਸ਼ਰਧਾਲੂਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹ ਹਦਾਇਤਾਂ ਦਰਬਾਰ ਸਾਹਿਬ ਦੇ ਬਾਹਰ ਪਲਾਜ਼ਾ ਵਿਚ ਵੱਡੀ ਸਕਰੀਨ 'ਤੇ ਤਿੰਨ ਭਾਸ਼ਾਵਾਂ ਵਿਚ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ, ਜਿਸ ਵਿਚ ਦਰਸ਼ਨਾਂ ਲਈ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਦਿਖਾਵੇ ਵਾਲੇ ਅਤੇ ਛੋਟੇ ਕੱਪੜੇ ਪਹਿਨਣ ਤੋਂ ਵਰਜਿਆ ਗਿਆ ਹੈ। ਇਸੇ ਤਰ੍ਹਾਂ ਬਿਨਾਂ ਪ੍ਰਵਾਨਗੀ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦੀ ਵੀ ਮਨਾਹੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਿਸ਼ਾ-ਨਿਰਦੇਸ਼ ਹਾਲ ਹੀ ਵਿਚ ਵਾਪਰੀਆਂ ਕੁਝ ਘਟਨਾਵਾਂ ਤੋਂ ਬਾਅਦ ਜਾਰੀ ਕੀਤੇ ਗਏ ਹਨ। ਦੱਸਣਾ ਬਣਦਾ ਹੈ ਕਿ ਬੀਤੇ ਦਿਨੀਂ ਇਥੇ ਇੱਕ ਕੁੜੀ ਨੂੰ ਮੂੰਹ 'ਤੇ ਤਿਰੰਗੇ ਵਾਲਾ ਸਟਿੱਕਰ ਅਤੇ ਛੋਟੇ ਕੱਪੜੇ ਪਹਿਨ ਕੇ ਅੰਦਰ ਜਾਣ ਤੋਂ ਰੋਕਿਆ ਗਿਆ ਸੀ, ਜਿਸ ਕਾਰਨ ਸੇਵਾਦਾਰ ਨਾਲ ਵਿਵਾਦ ਹੋਇਆ ਸੀ ਅਤੇ ਇਸ ਮਾਮਲੇ ਨੂੰ ਕੌਮੀ ਪੱਧਰ 'ਤੇ ਤੂਲ ਦਿੱਤੀ ਗਈ ਸੀ। ਇਸ ਤੋਂ ਬਾਅਦ ਇੱਕ ਗੈਰ ਪੰਜਾਬੀ ਯਾਤਰੀ ਕੋਲੋਂ ਤੰਬਾਕੂ ਵਾਲੀਆਂ ਵਸਤਾਂ ਬਰਾਮਦ ਹੋਈਆਂ ਸਨ। ਦਰਬਾਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਮੱਥਾ ਟੇਕਣ ਲਈ ਪੁੱਜਦੇ ਹਨ ਪਰ ਮਰਿਆਦਾ ਤੇ ਨਿਯਮਾਂ ਦੀ ਜਾਣਕਾਰੀ ਨਾ ਹੋਣ ਕਾਰਨ ਇਨ੍ਹਾਂ ਕੋਲੋਂ ਅਨਜਾਣੇ ਵਿਚ ਕੋਈ ਭੁੱਲ ਹੋ ਜਾਂਦੀ ਹੈ। ਹੁਣ ਸਕਰੀਨ 'ਤੇ ਹਰ ਵੇਲੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਦਿਸ਼ਾ-ਨਿਰਦੇਸ਼ ਦਰਸਾਏ ਜਾ ਰਹੇ ਹਨ, ਜਿਨ੍ਹਾਂ 'ਚ ਦੱਸਿਆ ਗਿਆ ਹੈ ਕਿ ਸ਼ਰਧਾਲੂ ਪਰਿਕਰਮਾ ਵਿਚ ਦਾਖ਼ਲ ਹੋਣ ਵੇਲੇ ਸਿਰ ਢੱਕ ਕੇ ਜਾਣ ਅਤੇ ਇਸ ਲਈ ਹਰੇਕ ਪ੍ਰਵੇਸ਼ ਦੁਆਰ 'ਤੇ ਰੁਮਾਲਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤੰਬਾਕੂ, ਬੀੜੀ, ਸਿਗਰਟ, ਸ਼ਰਾਬ ਅਤੇ ਕੋਈ ਵੀ ਨਸ਼ੀਲੀ ਚੀਜ਼ ਅੰਦਰ ਲੈ ਕੇ ਜਾਣ ਤੋਂ ਮਨ੍ਹਾਂ ਕੀਤਾ ਗਿਆ ਹੈ ਤੇ ਯਾਤਰੀਆਂ ਨੂੰ ਆਪਣਾ ਸਮਾਨ ਸਿਰਫ ਪਰਿਕਰਮਾ ਅੰਦਰ ਅਤੇ ਬਾਹਰ ਬਣੇ ਗੱਠੜੀ ਘਰਾਂ ਵਿਚ ਹੀ ਜਮ੍ਹਾਂ ਕਰਵਾਉਣ ਵਾਸਤੇ ਆਖਿਆ ਗਿਆ ਹੈ।

# ਪੰਜਾਬੀ ਨੌਜਵਾਨਾਂ ਦੀ ਰਿਹਾਈ ਲਈ ਕੇਂਦਰੀ ਵਿਦੇਸ਼ ਸਕੱਤਰ ਨੂੰ ਮਿਲੇ ਐੱਨ.ਆਰ.ਆਈ. ਮਾਮਲਿਆਂ ਦੇ ਮੰਤਰੀ



**ਅੰਮ੍ਰਿਤਸਰ/ਅਜਨਾਲਾ, (ਪੰਜਾਬ ਮੇਲ)-** ਇੰਡੋਨੇਸ਼ੀਆ ਵਿਚ ਕਤਲ ਮਾਮਲੇ 'ਚ ਫਸੇ ਪਿੰਡ ਗੱਗੋਮਾਹਲ ਦੇ ਦੋ ਨੌਜਵਾਨਾਂ ਦੀ ਮਦਦ ਲਈ ਐੱਨ.ਆਰ.ਆਈ. ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰ ਸਰਕਾਰ ਦੇ ਵਿਦੇਸ਼ ਸਕੱਤਰ ਡਾ. ਔਸਫ ਸਈਅਦ ਨਾਲ ਮੁਲਾਕਾਤ ਕਰ ਕੇ ਮਦਦ ਕਰਨ ਦੀ ਅਪੀਲ ਕੀਤੀ ਹੈ। ਧਾਲੀਵਾਲ ਨੇ ਦੱਸਿਆ ਕਿ ਗੁਰਮੇਜ ਸਿੰਘ ਤੇ ਅਜੈਪਾਲ ਸਿੰਘ ਟਰੈਵਲ ਏਜੰਟ ਦੀ ਠੱਗੀ ਦਾ ਸ਼ਿਕਾਰ ਹੋਏ ਹਨ। ਇੰਡੋਨੇਸ਼ੀਆ 'ਚ ਇਕ ਏਜੰਟ ਨੇ ਇਨ੍ਹਾਂ ਨੂੰ ਬੰਧਕ ਬਣਾਈ ਰੱਖਿਆ ਅਤੇ ਫਿਰੌਤੀ ਵਸੂਲਣ ਦੀ ਕੋਸ਼ਿਸ਼ ਕੀਤੀ। ਇੱਥੋਂ ਬਚਣ ਦੇ ਚੱਕਰ 'ਚ ਹੋਈ ਲੜਾਈ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਇਹ ਦੋਵੇਂ ਫੜੇ ਗਏ। ਧਾਲੀਵਾਲ ਨੇ ਵਿਦੇਸ਼ ਸਕੱਤਰ ਨੂੰ ਅਪੀਲ ਕੀਤੀ ਕਿ ਉਹ ਇਹ ਮਸਲਾ ਭਾਰਤ ਸਰਕਾਰ ਜ਼ਰੀਏ ਇੰਡੋਨੇਸ਼ੀਆ ਸਰਕਾਰ ਕੋਲ ਉਠਾਉਣ, ਤਾਂ ਜੋ ਇਨ੍ਹਾਂ ਨੂੰ ਬਚਾਇਆ ਜਾ ਸਕੇ।

# ਵਿਜੀਲੈਂਸ ਵੱਲੋਂ ਭਰਤਇੰਦਰ ਚਾਹਲ ਮੁੜ ਤਲਬ



**ਪਟਿਆਲਾ, (ਪੰਜਾਬ ਮੇਲ)-** ਅਗਾਊਂ ਜ਼ਮਾਨਤ ਰੱਦ ਹੋਣ ਤੋਂ ਬਾਅਦ ਵਿਜੀਲੈਂਸ ਨੇ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਭਰਤਇੰਦਰ ਸਿੰਘ ਚਾਹਲ 'ਤੇ ਸ਼ਿਕੰਜਾ ਹੋਰ ਵੀ ਮਜ਼ਬੂਤੀ ਨਾਲ ਕੱਸਣਾ ਸ਼ੁਰੂ ਕਰ ਦਿੱਤਾ ਹੈ। ਵਿਜੀਲੈਂਸ ਵੱਲੋਂ ਚਾਹਲ ਨੂੰ ਦਸਵੀਂ ਵਾਰ ਸੰਮਨ ਭੇਜਿਆ ਗਿਆ ਹੈ। ਚਾਹਲ ਖ਼ਿਲਾਫ਼ ਹਾਲੇ ਕੋਈ ਕੇਸ ਦਰਜ ਨਹੀਂ ਹੋਇਆ ਪਰ ਛੇ ਸਾਲਾਂ ਵਿਚ ਬਣਾਈ ਪ੍ਰਾਪਰਟੀ ਦੇ ਸੂਤਰ ਜਾਣਨ ਲਈ ਉਨ੍ਹਾਂ ਨੂੰ ਕਈ ਵਾਰ ਸੰਮਨ ਭੇਜੇ ਜਾ ਚੁੱਕੇ ਹਨ। ਇਸ ਬਾਰੇ ਵਿਜੀਲੈਂਸ ਦੇ ਐੱਸ.ਐੱਸ.ਪੀ. ਜਗਤਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਚਾਹਲ ਦੀ ਪ੍ਰਾਪਰਟੀ ਬਾਰੇ ਜਾਣਕਾਰੀ ਇਕੱਠੀ ਕੀਤੀ ਹੈ, ਜਿਸ ਦੇ ਸੂਤਰਾਂ ਦਾ ਪਤਾ ਲਾਉਣ ਲਈ ਹੀ ਉਹ ਚਾਹਲ ਨੂੰ ਬੁਲਾ ਰਹੇ ਹਨ। ਜੇ ਚਾਹਲ ਆਪਣੀ ਛੇ ਸਾਲਾਂ ਵਿਚ ਬਣਾਈ ਪ੍ਰਾਪਰਟੀ ਬਾਰੇ ਪੂਰੇ ਵੇਰਵੇ ਦੇਣ ਵਿਚ ਕਾਮਯਾਬ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਕੁਝ ਸਮੇਂ ਵਿਚ ਹੀ ਵਿਹਲੇ ਕਰ ਦਿੱਤਾ ਜਾਵੇਗਾ।

# ਪੰਜਾਬ ਦੀਆਂ ਜੇਲ੍ਹਾਂ 'ਚ ਏਡਜ਼ ਨੇ ਪਸਾਰੇ ਪੈਰ!

**ਮੋਗਾ, (ਪੰਜਾਬ ਮੇਲ)-** ਸੂਬੇ ਦੀਆਂ ਜੇਲ੍ਹਾਂ ਵਿਚ ਨਸ਼ਿਆਂ ਕਾਰਨ ਲਗਾਤਾਰ ਏਡਜ਼ ਰੋਗੀਆਂ ਦੀ ਗਿਣਤੀ ਵੱਧ ਰਹੀ ਹੈ, ਜਿਸ ਕਾਰਨ ਨੈਸ਼ਨਲ ਏਡਜ਼ ਕੰਟਰੋਲ ਪ੍ਰੋਗਰਾਮ ਅਧੀਨ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਸੂਬੇ ਦੇ ਵੱਖ-ਵੱਖ ਸੁਧਾਰ ਘਰਾਂ ਵਿਚ ਬੰਦ ਕੈਦੀਆਂ, ਹਵਾਲਾਤੀਆਂ ਅਤੇ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਵਿਅਕਤੀਆਂ ਦੀ ਵਿਸ਼ੇਸ਼ ਸਿਹਤ ਜਾਂਚ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਐੱਚ.ਆਈ.ਵੀ. ਸੈਂਟੀਨਲ ਸਰਵੇਲੈਂਸ 2021 ਅਨੁਸਾਰ ਪੰਜਾਬ ਵਿਚ ਸੁਧਾਰ ਘਰਾਂ ਦੇ ਕੈਦੀਆਂ ਵਿਚ ਐੱਚ.ਆਈ.ਵੀ. ਦਾ ਪ੍ਰਸਾਰ 7.49 ਫੀਸਦੀ ਹੈ, ਜੋ ਕਿ ਕੌਮੀ ਦਰ 1.93 ਫੀਸਦੀ ਦੇ ਮੁਕਾਬਲੇ ਬਹੁਤ ਵੱਧ ਹੈ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 15 ਅਤੇ 16 ਜੂਨ ਨੂੰ ਵਿਸ਼ੇਸ਼ ਮੁਹਿੰਮ ਵਿੱਢੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਮੋਗਾ ਵਿਚ ਜਾਂਚ ਕੀਤੇ ਜਾਣ ਵਾਲੇ ਅਜਿਹੇ ਵਿਅਕਤੀਆਂ ਦੀ ਗਿਣਤੀ 150 ਤੋਂ ਵਧੇਰੇ ਹੈ। ਜੇ ਅਜਿਹੇ ਕੈਦੀਆਂ ਦਾ ਸਮੇਂ ਸਿਰ ਇਲਾਜ ਨਹੀਂ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦੀ ਰਿਹਾਈ ਤੋਂ ਬਾਅਦ ਹੋਰਾਂ ਨੂੰ ਵੀ ਇਸ ਦੀ ਲਾਗ ਲੱਗਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਇਸ ਗੇੜ ਵਿਚ ਸਰਕਾਰੀ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਤੇ ਜੁਵੇਨਾਈਲ ਹੋਮ ਨੂੰ ਹੀ ਕਵਰ ਕੀਤਾ ਜਾਵੇਗਾ। ਅਗਲੇ ਗੇੜ ਵਿਚ ਨਿੱਜੀ ਕੇਂਦਰ ਕਵਰ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ 15 ਅਤੇ 16 ਜੂਨ ਨੂੰ ਵਿਸ਼ੇਸ਼ ਮੁਹਿੰਮ ਤਹਿਤ ਐੱਚ.ਆਈ.ਵੀ., ਟੀ.ਬੀ., ਹੈਪੇਟਾਈਟਸ ਅਤੇ ਸਰੀਰਕ ਸਬੰਧਾਂ ਕਾਰਨ ਫੈਲਣ ਵਾਲੇ ਰੋਗਾਂ ਦੀ ਜਾਂਚ ਕੀਤੀ ਜਾਵੇਗੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com






# ਪ੍ਰਧਾਨ ਮੰਤਰੀ ਵੱਲੋਂ ਨਵੇਂ ਸੰਸਦ ਭਵਨ ਦਾ ਉਦਘਾਟਨ

## ਧਾਰਮਿਕ ਰਹੁ-ਰੀਤਾਂ ਨਾਲ ਇਤਿਹਾਸਕ ਰਾਜਦੰਡ 'ਸੇਂਗੋਲ' ਲੋਕ ਸਭਾ 'ਚ ਸਥਾਪਤ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਸੇਂਗੋਲ ਨੂੰ ਮੱਥਾ ਟੇਕਦੇ ਹੋਏ।

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਂਗਰਸ ਸਣੇ ਹੋਰਨਾਂ ਵਿਰੋਧੀ ਧਿਰਾਂ ਵੱਲੋਂ ਕੀਤੇ ਬਾਇਕਾਟ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਧਾਰਮਿਕ ਰਹੁ-ਰੀਤਾਂ ਨਾਲ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ। ਤਾਮਿਲਨਾਡੂ ਤੋਂ ਵਿਸ਼ੇਸ਼ ਤੌਰ 'ਤੇ ਆਏ 'ਅਧਿਨਾਮਾਂ' ਦੇ ਆਸ਼ੀਰਵਾਦ ਨਾਲ ਸ਼੍ਰੀ ਮੋਦੀ ਨੇ ਇਤਿਹਾਸਕ ਸੇਂਗੋਲ ਨੂੰ ਲੋਕ ਸਭਾ ਚੈਂਬਰ ਵਿਚ ਸਪੀਕਰ ਦੇ ਆਸਨ ਨਾਲ ਸਥਾਪਤ ਕੀਤਾ। ਇਸ ਦੌਰਾਨ ਉਦਘਾਟਨ ਸਮਾਗਮ ਦੇ ਦੂਜੇ ਪੜਾਅ ਤਹਿਤ ਨਵੀਂ ਸੰਸਦੀ ਇਮਾਰਤ ਦੇ ਹੇਠਲੇ ਸਦਨ 'ਚ ਜੁੜੇ ਦੋਵਾਂ ਸਦਨਾਂ ਦੇ ਮੈਂਬਰਾਂ ਤੇ ਹੋਰਨਾਂ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਸ਼੍ਰੀ ਮੋਦੀ ਨੇ ਕਿਹਾ ਕਿ ਨਵੇਂ ਸੰਸਦ ਭਵਨ ਦਾ ਉਦਘਾਟਨ ਦੇਸ਼ ਦੀ ਵਿਕਾਸ ਯਾਤਰਾ ਦਾ 'ਸਦੀਵੀਂ' ਪਲ ਹੈ। ਉਨ੍ਹਾਂ ਨਵੀਂ ਸੰਸਦ ਨੂੰ 140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਤੇ ਸੁਫ਼ਨਿਆਂ ਦਾ ਪ੍ਰਤੀਬਿੰਬ ਦੱਸਿਆ। ਉਨ੍ਹਾਂ ਕਿਹਾ ਕਿ ਇਹ ਆਤਮ-ਨਿਰਭਰ ਤੇ ਵਿਕਸਿਤ ਭਾਰਤ ਦਾ ਨਵਾਂ ਸਵੇਰਾ ਹੈ, ਜੋ ਹੋਰਨਾਂ ਮੁਲਕਾਂ ਦੀ ਤਰੱਕੀ ਦਾ ਵੀ ਪ੍ਰੇਰਨਾ ਸਰੋਤ ਬਣੇਗਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵੀਂ ਸੰਸਦ ਤੋਂ ਨਵੇਂ ਟੀਚੇ ਹਾਸਲ ਕਰਨ ਲਈ 'ਨਵੇਂ ਭਾਰਤ' ਦੀਆਂ ਇੱਛਾਵਾਂ ਤੇ ਸੰਕਲਪ ਸ਼ਕਤੀ ਝਲਕਦੀ ਹੈ। ਆਉਣ ਵਾਲੇ ਸਮੇਂ ਤੇ 2026 ਮਗਰੋਂ ਕੀਤੀ ਜਾਣ ਵਾਲੀ ਹੱਦਬੰਦੀ ਦੇ ਮੱਦੇਨਜ਼ਰ ਸੰਸਦ ਵਿਚ ਮੈਂਬਰਾਂ ਦੀ ਗਿਣਤੀ ਵਧ ਸਕਦੀ ਹੈ। ਪ੍ਰਧਾਨ ਮੰਤਰੀ ਨੇ ਇਸ ਮੌਕੇ ਯਾਦਗਾਰੀ ਡਾਕ ਟਿਕਟ ਤੇ 75 ਰੁਪਏ ਦਾ ਯਾਦਗਾਰੀ ਸਿੱਕਾ ਵੀ ਜਾਰੀ ਕੀਤਾ। ਇਸ ਤੋਂ ਪਹਿਲਾਂ ਮੰਤਰਾਂ ਦੇ ਉਚਾਰਣ ਦਰਮਿਆਨ ਹੇਠਲੇ ਸਦਨ ਵਿਚ ਸੇਂਗੋਲ ਸਥਾਪਿਤ ਕਰਨ ਦੀ ਰਸਮ ਮੌਕੇ ਕੇਂਦਰੀ ਮੰਤਰੀ ਰਾਜਨਾਥ ਸਿੰਘ, ਐੱਸ. ਜੈਸ਼ੰਕਰ, ਅਸ਼ਵਨੀ ਵੈਸ਼ਨਵ, ਮਨਸੁਖ ਮਾਂਡਵੀਆ ਤੇ ਜੀਤੇਂਦਰ ਸਿੰਘ, ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਅਸਾਮ ਦੇ ਉਨ੍ਹਾਂ ਦੇ ਹਮਰੁਤਬਾ ਹੇਮੰਤ ਬਿਸਵਾ ਸਰਮਾ ਤੇ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਸਣੇ ਹੋਰ ਆਗੂ ਮੌਜੂਦ ਸਨ।

ਇਸ ਮੌਕੇ ਵੱਖ-ਵੱਖ ਧਰਮਾਂ ਦੀ ਪ੍ਰਾਰਥਨਾ ਸਭਾ ਵੀ ਕਰਵਾਈ ਗਈ। ਸ਼੍ਰੀ ਮੋਦੀ ਨੇ ਸੇਂਗੋਲ ਨੂੰ ਲੇਟ ਕੇ ਪ੍ਰਣਾਮ ਕੀਤਾ। ਮਗਰੋਂ ਮੰਤਰਾਂ ਦੇ ਉਚਾਰਨ ਦਰਮਿਆਨ ਸ਼੍ਰੀ ਮੋਦੀ 'ਸੇਂਗੋਲ' ਹੱਥ ਵਿਚ ਫੜ ਕੇ ਨਵੀਂ ਲੋਕ ਸਭਾ ਪਹੁੰਚੇ, ਜਿੱਥੇ ਅਧਿਨਾਮਾਂ ਦੀ ਹਾਜ਼ਰੀ ਵਿਚ ਸੇਂਗੋਲ ਨੂੰ ਸਪੀਕਰ ਦੀ ਚੇਅਰ ਨੇੜੇ ਸਥਾਪਤ ਕੀਤਾ। ਇਸ ਰਸਮ ਨਿਭਾਉਣ ਮੌਕੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਨਵੇਂ ਸੰਸਦ ਭਵਨ ਦੇ ਰਸਮੀ ਉਦਘਾਟਨ ਮਗਰੋਂ ਮੈਂਬਰਾਂ ਤੇ ਹੋਰਨਾਂ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਸ਼੍ਰੀ ਮੋਦੀ ਨੇ ਕਿਹਾ, "ਨਵੀਂ ਸੰਸਦ ਵਿਚ ਲਿਆ ਜਾਣ ਵਾਲਾ ਹਰੇਕ ਫੈਸਲਾ ਭਾਰਤ ਦੇ ਸ਼ਾਨਦਾਰ ਭਵਿੱਖ ਦੀ ਨੀਂਹ ਰੱਖੇਗਾ...ਗਰੀਬਾਂ, ਦਲਿਤਾਂ, ਪੱਛੜਿਆਂ, ਆਦਿਵਾਸੀਆਂ, ਦਿਵਿਆਂਗਾਂ ਤੇ ਹਾਸ਼ੀਏ 'ਤੇ ਧੱਕੇ ਹੋਰਨਾਂ ਵਰਗਾਂ ਨੂੰ ਸਸ਼ਕਤ ਬਣਾਉਣ ਦਾ ਰਾਹ ਇਥੋਂ ਹੋ ਕੇ ਜਾਂਦਾ ਹੈ।" ਉਨ੍ਹਾਂ ਕਿਹਾ, "ਇਸ ਸੰਸਦੀ ਇਮਾਰਤ ਦੀ ਹਰੇਕ ਇੱਟ ਤੇ ਕੰਧ ਗਰੀਬਾਂ ਦੀ ਭਲਾਈ ਨੂੰ ਸਮਰਪਿਤ ਹੋਣੀ ਚਾਹੀਦੀ ਹੈ।"

## ਸੰਯੁਕਤ ਕਿਸਾਨ ਮੋਰਚਾ ਵੱਲੋਂ 5 ਜੂਨ ਨੂੰ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਪੂਰੇ ਦੇਸ਼ 'ਚ ਪੁਤਲੇ ਫੂਕਣ ਦੀ ਤਿਆਰੀ



**ਨਵੀਂ ਦਿੱਲੀ, (ਪੰਜਾਬ ਮੇਲ)-** ਸੰਯੁਕਤ ਕਿਸਾਨ ਮੋਰਚੇ ਦੀ ਤਾਲਮੇਲ ਕਮੇਟੀ ਦੀ ਆਨਲਾਈਨ ਮੀਟਿੰਗ ਹੋਈ, ਜਿਸ ਵਿਚ ਪਹਿਲਵਾਨ ਐਕਸ਼ਨ ਕਮੇਟੀ ਦੇ ਨੁਮਾਇੰਦੇ ਬਜਰੰਗ ਪੂਨੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਬਜਰੰਗ ਨੇ ਕਿਹਾ ਕਿ ਪਹਿਲਵਾਨਾਂ ਦੀ ਵਰਕਿੰਗ ਕਮੇਟੀ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਵਿਚ ਐੱਸ.ਕੇ.ਐੱਮ. ਦੇ ਫੈਸਲਿਆਂ ਦਾ ਪੂਰਾ ਸਮਰਥਨ ਕਰੇਗੀ ਅਤੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਮੁਲਜ਼ਮ ਬ੍ਰਿਜਭੂਸ਼ਨ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਪੂਰੀ ਹੋਣ ਤੱਕ ਸੁਤੰਤਰ ਰੂਪ ਵਿਚ ਸੰਘਰਸ਼ ਜਾਰੀ ਰੱਖਣ ਲਈ ਹਰ ਸੰਭਵ ਯਤਨ ਕਰੇਗੀ। ਮੀਟਿੰਗ ਵਿਚ ਭਰੋਸਾ ਦਿੱਤਾ ਗਿਆ ਕਿ ਐੱਸ.ਕੇ.ਐੱਮ. ਪਹਿਲਵਾਨਾਂ ਦੀ ਜਿੱਤ ਤੱਕ ਸੰਘਰਸ਼ ਵਿਚ ਸਰਗਰਮੀ ਨਾਲ ਹਿੱਸਾ ਲਵੇਗੀ। ਮੀਟਿੰਗ ਵਿਚ ਵਿਚਾਰ-ਵਟਾਂਦਰਾ ਕਰਨ ਉਪਰੰਤ ਅਗਲੇਰੀ ਕਾਰਵਾਈ ਦਾ ਫੈਸਲਾ ਕੀਤਾ ਗਿਆ। ਮੋਰਚੇ ਵੱਲੋਂ ਬਿਆਨ ਵਿਚ ਕਿਹਾ ਗਿਆ ਕਿ ਜੂਨ 2023 ਨੂੰ ਭਾਰਤ ਭਰ ਦੇ ਸਾਰੇ ਜ਼ਿਲ੍ਹਾ ਅਤੇ ਤਹਿਸੀਲ ਕੇਂਦਰਾਂ 'ਤੇ ਵਿਸ਼ਾਲ ਪ੍ਰਦਰਸ਼ਨਾਂ ਅਤੇ ਪੁਤਲੇ ਸਾੜਨ ਦਾ ਸੱਦਾ ਦਿੱਤਾ ਜਾਵੇਗਾ, ਤਾਂ ਜੋ ਸਾਰੇ ਨਾਗਰਿਕਾਂ ਦੇ ਵਿਰੋਧ ਪ੍ਰਦਰਸ਼ਨ ਕਰਨ ਅਤੇ ਭਾਜਪਾ ਸੰਸਦ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਕਰਨ ਦੇ ਸੰਵਿਧਾਨਕ ਅਧਿਕਾਰ ਦੀ ਰੱਖਿਆ ਕੀਤੀ ਜਾ ਸਕੇ।

ਸਫਾ 1 ਦਾ ਬਾਕੀ

## ਜੋਅ ਬਾਇਡਨ ਅਤੇ ਕੇਵਿਨ ਮੈਕਕਾਰਥੀ ਵਿਚਾਲੇ...

ਬਾਕੀ ਹੈ ਅਤੇ ਜਲਦੀ ਹੀ ਦੋਵੇਂ ਨੇਤਾ ਸਮਝੌਤੇ 'ਤੇ ਅੰਤਿਮ ਮੋਹਰ ਲਗਾਉਣਗੇ। ਰਿਪੋਰਟਾਂ ਮੁਤਾਬਕ ਰਾਸ਼ਟਰਪਤੀ ਬਾਇਡਨ ਅਤੇ ਕੇਵਿਨ ਮੈਕਕਾਰਥੀ ਵਿਚਾਲੇ 90 ਮਿੰਟ ਤੱਕ ਫੋਨ 'ਤੇ ਗੱਲਬਾਤ ਹੋਈ। ਇਸ ਡੀਲ ਨਾਲ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਅਮਰੀਕਾ ਨੂੰ ਰਾਹਤ ਮਿਲੇਗੀ। ਤੁਹਾਨੂੰ ਦੱਸ ਦੇਈਏ ਕਿ ਜੇਕਰ ਜਲਦ ਹੀ ਕਰਜ਼ ਸੀਮਾ 'ਤੇ ਕੋਈ ਸਮਝੌਤਾ ਨਾ ਹੁੰਦਾ ਤਾਂ ਅਮਰੀਕਾ ਦਾ ਖਜ਼ਾਨਾ ਖਾਲੀ ਹੋ ਸਕਦਾ ਸੀ, ਜਿਸ ਕਾਰਨ ਅਮਰੀਕਾ 'ਤੇ ਦੀਵਾਲੀਏਪਣ ਦਾ ਖਤਰਾ ਸੀ। ਇਸ ਨਾਲ ਨਾ ਸਿਰਫ ਅਮਰੀਕਾ ਬਲਕਿ ਪੂਰੀ ਵਿਸ਼ਵ ਅਰਥਵਿਵਸਥਾ ਪ੍ਰਭਾਵਿਤ ਹੁੰਦੀ। ਅਮਰੀਕੀ ਸਰਕਾਰ ਆਪਣੇ ਖਰਚਿਆਂ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਕਾਨੂੰਨੀ ਤੌਰ 'ਤੇ ਪੈਸੇ ਉਧਾਰ ਲੈਂਦੀ ਹੈ। ਅਮਰੀਕਾ ਦੀ ਸੰਸਦ ਨੇ ਇੱਕ ਕਾਨੂੰਨ ਬਣਾ ਕੇ ਇਸ ਕਰਜ਼ੇ ਨੂੰ ਲੈਣ ਦੀ ਹੱਦ ਤੈਅ ਕੀਤੀ ਹੈ, ਜਿਸ ਨੂੰ 'ਕਰਜ਼ਾ ਸੀਲਿੰਗ' ਕਿਹਾ ਜਾਂਦਾ ਹੈ। ਅਮਰੀਕੀ ਸੰਵਿਧਾਨ ਮੁਤਾਬਕ ਕਾਂਗਰਸ ਨੂੰ ਸਰਕਾਰੀ ਖਰਚਿਆਂ ਨੂੰ ਕੰਟਰੋਲ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਸਰਕਾਰ ਤੈਅ ਕਰਜ਼ਾ ਸੀਮਾ ਤੋਂ ਵੱਧ ਕਰਜ਼ਾ ਨਹੀਂ ਲੈ ਸਕਦੀ। ਅਮਰੀਕੀ ਪ੍ਰਤੀਨਿਧੀ ਸਭਾ ਵਿਚ ਵਿਰੋਧੀ ਰਿਪਬਲਿਕਨ ਪਾਰਟੀ ਨੂੰ ਬਹੁਮਤ ਹਾਸਲ ਹੈ। ਰਿਪਬਲਿਕਨ ਸੰਸਦ ਮੈਂਬਰ ਕਰਜ਼ੇ ਦੀ ਸੀਮਾ ਵਧਾਉਣ ਦੇ ਹੱਕ ਵਿਚ ਨਹੀਂ ਸਨ, ਜਿਸ ਕਾਰਨ ਵਿਵਾਦ ਖੜ੍ਹਾ ਹੋ ਗਿਆ ਸੀ।

ਸਫਾ 1 ਦਾ ਬਾਕੀ

## ਪੰਜਾਬ ਪੁਲਿਸ ਵੱਲੋਂ ਬੰਬੀਹਾ ਗੈਂਗ ਦੇ 10 ਸ਼ੂਟਰਾਂ...

ਮੌਕੇ 'ਤੇ ਲੋਕਾਂ ਨੇ ਦੱਸਿਆ ਹੈ ਕਿ ਜਰਨੈਲ ਸਿੰਘ ਘੁੜੱਕੇ 'ਤੇ ਆਪਣੀ ਬਹਿਕ ਤੋਂ ਤੇਲ ਕਢਵਾਉਣ ਲਈ ਸਰ੍ਹੋਂ ਲੈ ਕੇ ਆ ਰਿਹਾ ਸੀ, ਇਸ ਦੌਰਾਨ ਜਦੋਂ ਉਹ ਚੱਕੀ ਅੰਦਰੋਂ ਬਾਹਰ ਨਿਕਲਿਆ ਤਾਂ ਚਾਰ ਹਮਲਾਵਰ, ਜਿਨ੍ਹਾਂ ਨੇ ਮੂੰਹ ਬੰਨ੍ਹੇ ਹੋਏ ਸਨ, ਉਨ੍ਹਾਂ ਨੇ ਉਸ 'ਤੇ ਲਗਾਤਾਰ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਹਮਲੇ ਵਿਚ ਜਰਨੈਲ ਸਿੰਘ ਦੀ ਮੌਕੇ 'ਤੇ ਹੋ ਗਈ ਸੀ। ਜਰਨੈਲ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਬੰਬੀਹਾ ਗੈਂਗ ਵੱਲੋਂ ਲਈ ਗਈ ਸੀ। ਬੰਬੀਹਾ ਗੈਂਗ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕਰਦੇ ਹੋਏ ਕਿਹਾ ਸੀ ਕਿ ਸਠਿਆਲਾ ਵਿਚ ਜੋ ਕਤਲ ਹੋਇਆ ਹੈ, ਉਹ ਗੋਪੀ ਮਹਿਲ ਅਤੇ ਡੋਨੀ ਨੇ ਕੀਤਾ ਹੈ। ਕੁਝ ਨਿਊਜ਼ ਚੈਨਲ ਵਾਲੇ ਇਹ ਵਿਖਾ ਰਹੇ ਹਨ ਕਿ ਇਸ ਜਰਨੈਲ ਦਾ ਸੰਬੰਧ ਸਾਡੇ ਭਰਾ ਗੋਪੀ ਘਨਸ਼ਾਮਪੁਰੀਆ ਗੈਂਗ ਦੇ ਨਾਲ ਸੀ, ਜੋਕਿ ਗਲਤ ਹੈ। ਇਸ ਦਾ ਸਾਡੀ ਗੈਂਗ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਦਾ ਸੰਬੰਧ ਸਾਡੇ ਵਿਰੋਧੀਆਂ ਨਾਲ ਸੰਬੰਧਤ ਹੈ। ਇਹ ਬੰਦਾ ਸਾਡੇ ਐਂਟੀ ਗਰੁੱਪ ਜੱਗੂ ਖੋਟੀ ਅਤੇ ਹੈਰੀ ਚੱਠਾ ਨਾਲ ਲਿੰਕ ਰੱਖਦਾ ਸੀ।

ਸਫਾ 1 ਦਾ ਬਾਕੀ

## 12 ਸਾਲਾਂ ਬਾਅਦ ਐੱਸ.ਜੀ.ਪੀ.ਸੀ. ਚੋਣਾਂ...

ਪਿਛਲੇ 7 ਸਾਲਾਂ ਤੋਂ ਇਹ ਚੋਣਾਂ ਨਹੀਂ ਕਰਵਾਈਆਂ ਗਈਆਂ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਕੇਂਦਰ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਨਵੰਬਰ ਮਹੀਨੇ ਵਿਚ ਕਰਵਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਇਸ ਦੇ ਨਾਲ ਹੀ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੀ ਇਹ ਮੰਗ ਉਠਾਉਂਦੇ ਰਹੇ ਹਨ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਆਉਣ ਵਾਲੇ ਕੁਝ ਦਿਨਾਂ 'ਚ ਸਾਕਾ ਨੀਲਾ ਤਾਰਾ ਦੀ ਬਰਸੀ ਵੀ ਹੋਣ ਵਾਲੀ ਹੈ।




### 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ

# ਨੀਟਾ ਕਲੱਬ ਰਾਮਪੁਰ ਅਤੇ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾਂ ਬਣੇ ਚੈਂਪੀਅਨ

**■ ਵਿਧਾਇਕ ਬੀਬੀ ਛੀਨਾ, ਸਿੱਧੂ, ਚੇਅਰਮੈਨ ਮੋਹੀ, ਗੋਲਡੀ, ਮੱਕੜ ਮੁੱਖ ਮਹਿਮਾਨ ਵਜੋਂ ਪੁੱਜੇ**





**ਲੁਧਿਆਣਾ, (ਪੰਜਾਬ ਮੇਲ)-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਇਆ ਗਿਆ 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2023 ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਇਆ। ਟੂਰਨਾਮੈਂਟ ਦੇ ਆਖਰੀ ਦਿਨ ਜਿੱਥੇ ਸੀਨੀਅਰ ਵਰਗ ਵਿਚ ਨੀਟਾ ਕਲੱਬ ਰਾਮਪੁਰ ਨੇ ਚੈਂਪੀਅਨ ਜਿੱਤ ਦਾ ਝੰਡਾ ਗੱਡਿਆ, ਉਥੇ ਜੂਨੀਅਰ ਵਰਗ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾਂ ਨੇ ਖ਼ਿਤਾਬੀ ਜਿੱਤ ਹਾਸਲ ਕੀਤੀ।

ਸੀਨੀਅਰ ਵਰਗ 'ਚ ਦਰਸ਼ਕਾਂ ਦੀ ਵੱਡੀ ਆਮਦ 'ਚ ਬਹੁਤ ਹੀ ਸੰਘਰਸ਼ਪੂਰਨ ਅਤੇ ਰੋਮਾਂਚਕ ਮੁਕਾਬਲੇ ਵਿਚ ਨੀਟਾ ਕਲੱਬ ਰਾਮਪੁਰ ਨੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੂੰ 5-4 ਗੋਲਾਂ ਨਾਲ ਹਰਾਇਆ। ਰਾਮਪੁਰ ਨੇ ਪਹਿਲੀ ਵਾਰ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਪਹਿਲੇ ਅੱਧ ਤੱਕ ਦੋਵੇਂ ਟੀਮਾਂ 3-3 ਗੋਲਾਂ 'ਤੇ ਬਰਾਬਰ ਸਨ। ਜੇਤੂ ਟੀਮ ਨੂੰ 11 ਏਵਨ ਸਾਈਕਲ ਦੇ ਕੇ ਸਨਮਾਨਿਆ ਗਿਆ। ਜਦਕਿ ਜੂਨੀਅਰ ਵਰਗ ਵਿਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਨੇ ਏਕ ਨੂਰ ਅਕੈਡਮੀ ਤੇਹਿੰਗ ਨਾਲ 4-4 ਗੋਲਾਂ ਦੀ ਬਰਾਬਰੀ ਤੋਂ ਬਾਅਦ ਪੇਨਲਟੀ ਸ਼ੂਟਆਊਟ 'ਚ ਰਾਮਪੁਰ ਛੰਨਾਂ 3-1 ਨਾਲ ਜੇਤੂ ਰਹੀ। ਸੀਨੀਅਰ ਵਰਗ ਵਿਚ ਰਾਮਪੁਰ ਦਾ ਗੋਲ ਕੀਪਰ ਜਸ਼ਨਦੀਪ ਸਿੰਘ ਸਰਵੋਤਮ ਗੋਲਕੀਪਰ, ਜਰਖੜ ਦੇ ਪਰਗਟ ਸਿੰਘ ਨੂੰ ਸਰਵੋਤਮ ਸਕੋਰਰ, ਕਿਲ੍ਹਾ ਰਾਇਪੁਰ ਦੇ ਸਰਬਜੋਤ ਸਿੰਘ ਜੋਤੀ ਨੂੰ ਸਰਵੋਤਮ ਵੇਟਰਨਜ ਖ਼ਿਡਾਰੀ, ਮੋਗਾ ਦੇ ਅੰਗਦ ਵੀਰ ਸਿੰਘ ਅਤੇ ਰਾਮਪੁਰ ਦੇ ਮਿਲਖਾ ਸਿੰਘ ਨੂੰ ਸਾਂਝੇ ਤੌਰ 'ਤੇ ਟੂਰਨਾਮੈਂਟ ਦੇ ਸਰਵੋਤਮ ਖਿਡਾਰੀ ਵਜੋਂ ਵੱਡੇ ਸਾਈਕਲ ਦੇ ਕੇ ਸਨਮਾਨਿਆ ਗਿਆ। ਜੂਨੀਅਰ ਵਰਗ ਵਿਚ ਰਾਮਪੁਰ ਛੰਨਾਂ ਦੇ ਨਵਜੋਤ ਸਿੰਘ ਸੋਹੀ ਨੂੰ ਮੈਨ ਆਫ਼ ਦੀ ਟੂਰਨਾਮੈਂਟ, ਪਰਵਿੰਦਰ ਕੁਮਾਰ ਨੂੰ ਸਰਵੋਤਮ ਗੋਲਕੀਪਰ, ਗੁਰਬਖ਼ਸ ਕੌਰ ਨੂੰ ਕੁੜੀਆਂ ਦੀ ਸਰਵੋਤਮ ਖਿਡਾਰਣ, ਤੇਹਿੰਗ ਅਕੈਡਮੀ ਦੇ ਨਵਨੀਤ ਕੁਮਾਰ ਨੂੰ ਮੈਨ ਆਫ਼ ਦੀ ਮੈਚ, ਜਰਖੜ ਅਕੈਡਮੀ ਦੇ ਮਨਵਦੀਪ ਸਿੰਘ ਨੂੰ ਟਾਪ ਸਕੋਰਰ ਵਜੋਂ ਹਾਕੀ ਸਟਿੱਕ, ਬਦਾਮ ਅਤੇ ਟਰਾਫ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਟ ਐਵਾਰਡ ਜੇਤੂ ਟੀਚਰ ਅਤੇ ਗਾਇਕ ਕਰਮਜੀਤ ਸਿੰਘ ਗਰੇਵਾਲ ਅਤੇ ਜਰਖੜ ਸਕੂਲ ਦੇ ਬੱਚਿਆਂ ਨੇ ਖੇਡਾਂ ਨਾਲ ਸਬੰਧਤ ਗੀਤ ਅਤੇ ਸੱਭਿਆਚਾਰ ਵੰਨਗੀਆਂ ਪੇਸ਼ ਕਰਕੇ ਖੇਡਾਂ ਦੇ ਮਾਹੌਲ ਨੂੰ ਹੋਰ ਸੁਹਾਵਣਾ ਕੀਤਾ।

ਫਾਈਨਲ ਸਮਾਰੋਹ ਦੌਰਾਨ ਵਿਧਾਇਕ ਬੀਬੀ ਰਜਿੰਦਰਪਾਲ ਕੌਰ ਛੀਨਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਚੈਅਰਮੈਨ ਅਮਨਦੀਪ ਸਿੰਘ ਮੋਹੀ ਮਾਰਕਫੈੱਡ, ਪਰਵਿੰਦਰ ਸਿੰਘ ਗੋਲਡੀ ਚੈਅਰਮੈਨ ਯੂਥ ਵੈੱਲਫੇਅਰ ਬੋਰਡ, ਸ਼ਰਨਪਾਲ ਸਿੰਘ ਮੱਕੜ ਚੇਅਰਮੈਨ ਯੋਜਨਾ ਬੋਰਡ ਲੁਧਿਆਣਾ ਨੇ ਮੁੱਖ ਮਹਿਮਾਨ ਵਜੋਂ ਟੀਮਾਂ ਦੇ ਨਾਲ ਜਾਣ-ਪਹਿਚਾਣ ਕੀਤੀ ਅਤੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਚੇਅਰਮੈਨ ਮੱਕੜ ਅਤੇ ਮੋਹੀ ਨੇ ਜਰਖੜ ਸਟੇਡੀਅਮ ਲਈ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਰਾਜ ਕੁਮਾਰ ਅਗਰਵਾਲ, ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਅਮਰੀਕ ਸਿੰਘ ਮਿਨਹਾਸ, ਹਰਪ੍ਰੀਤ ਸਿੰਘ ਛੀਨਾ, ਅਜੇ ਮਿੱਤਲ (ਸਾਬਕਾ ਜ਼ਿਲ੍ਹਾ ਪ੍ਰਧਾਨ, ਆਪ), ਮਨਮੋਹਨ ਸਿੰਘ ਪੱਪੂ ਕਾਲਖ, ਹਰਦੀਪ ਸਿੰਘ ਸੈਣੀ ਰੇਲਵੇ, ਵਿਧਾਇਕ ਜੀਵਨ ਸਿੰਘ ਸੰਗੋਵਾਲ ਦਾ ਬੇਟਾ ਦਵਿੰਦਰ ਪਾਲ ਸਿੰਘ ਲਾਡੀ, ਰਵੀ ਝਮੱਟ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਪੱਤਰਕਾਰ ਸਤਿੰਦਰ ਸ਼ਰਮਾ, ਸਰਪੰਚ ਹਰਦਿਆਲ ਸਿੰਘ ਦੇਹਰੀਵਾਲ, ਕੋਚ ਬਲਜਿੰਦਰ ਸਿੰਘ ਪਰਮਜੀਤ ਸਿੰਘ ਨੀਟੂ, ਰਛਪਾਲ ਸਿੰਘ ਨਾਗੀ, ਬੂਟਾ ਸਿੰਘ ਸਿੱਧੂ ਦੋਰਾਹਾ, ਸਾਹਿਬਜੀਤ ਸਿੰਘ ਜਰਖੜ, ਬਲਵਿੰਦਰ ਸਿੰਘ ਚੀਮਾ ਕਾਲਖ, ਬੂਟਾ ਸਿੰਘ ਗਿੱਲ, ਤੇਜਿੰਦਰ ਸਿੰਘ ਤੇਜੀ ਗਿੱਲ, ਮਲਕੀਤ ਸਿੰਘ ਆਲਮਗੀਰ, ਸੰਜੀਵ ਕੁਮਾਰ ਗਰੋਵਰ , ਗੁਰਸਤਿੰਦਰ ਸਿੰਘ ਪਰਗਟ, ਦਲਵੀਰ ਸਿੰਘ ਜਰਖੜ, ਗਗਨ ਗਗੀ, ਹਰਪ੍ਰੀਤ ਵਰਮਾ ਵਿਧਾਇਕ ਦੱਖਣੀ ਲੁਧਿਆਣਾ, ਸੁਖਦੇਵ ਸਿੰਘ ਗਰਚਾ, ਜਗਦੇਵ ਸਿੰਘ ਧੁੰਨਾ, ਚੇਤਨ ਥਾਪਰ, ਕਿਤਾਬ ਸਿੰਘ ਸਮੇਤ ਹੋਰ ਪ੍ਰਬੰਧਕ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਇਸ ਮੌਕੇ ਪ੍ਰਾਇਮਰੀ ਸਕੂਲ ਜਰਖੜ ਦੇ ਮੁੱਖ ਅਧਿਆਪਕ ਸ਼੍ਰੀਮਤੀ ਸੁਰਿੰਦਰ ਕੌਰ, ਮਨਦੀਪ ਕੌਰ ਅਕਾਸ਼ਦੀਪ ਸਿੰਘ ਤੇ ਧਰਮਿੰਦਰ ਸਿੰਘ ਆਧਿਆਪਕਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਅਕਾਲੀ ਦਲ (ਅ) ਨੇ ਲੋਕ ਸਭਾ ਚੋਣਾਂ-2024 ਲਈ ਕੁਸ਼ਲਪਾਲ ਸਿੰਘ ਨੂੰ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨਿਆ

**ਚਮਕੌਰ ਸਾਹਿਬ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਜਨਰਲ ਸਕੱਤਰ ਕੁਸ਼ਲਪਾਲ ਸਿੰਘ ਮਾਨ ਨੂੰ ਆਨੰਦਪੁਰ ਸਾਹਿਬ ਤੋਂ ਪਾਰਟੀ ਦਾ ਉਮੀਦਵਾਰ ਐਲਾਨਿਆ ਹੈ। ਇਸ ਸਬੰਧੀ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਚ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਯੂਥ ਪ੍ਰਧਾਨ ਹਰਜੀਤ ਸਿੰਘ ਚਤਾਮਲਾ ਨੇ ਦੱਸਿਆ ਕਿ ਪਾਰਟੀ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਗੂਆਂ ਤੇ ਵਰਕਰਾਂ ਦੀ ਸਲਾਹ ਨਾਲ ਕੁਸ਼ਲਪਾਲ ਸਿੰਘ ਮਾਨ ਨੂੰ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨਿਆ ਹੈ। ਕੁਸ਼ਲਪਾਲ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਵੱਡੀ ਜ਼ਿੰਮੇਵਾਰੀ ਹੈ, ਜਿਸ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ।

## ਵਿਦੇਸ਼ਾਂ 'ਚ ਫਸੀਆਂ ਔਰਤਾਂ ਲਈ ਹੈਲਪਲਾਈਨ ਨੰਬਰ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਫਸੀਆਂ ਔਰਤਾਂ ਲਈ ਉਨ੍ਹਾਂ ਵੱਲੋਂ ਚਾਰ ਹੈਲਪਲਾਈਨ ਨੰਬਰ ਜਾਰੀ ਕੀਤੇ ਗਏ ਹਨ। ਉਨ੍ਹਾਂ ਨੰਬਰ ਜਾਰੀ ਕਰਦਿਆਂ ਦੱਸਿਆ ਕਿ ਵਿਦੇਸ਼ਾਂ 'ਚ ਫਸੀਆਂ ਲੜਕੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਡਬਲਯੂ.ਪੀ.ਓ. ਆਬੂ ਧਾਬੀ ਦੇ ਪ੍ਰਧਾਨ ਸੁਰਜੀਤ ਸਿੰਘ (+971556129811), ਡਬਲਯੂ.ਪੀ.ਓ. ਓਮਾਨ ਦੇ ਪ੍ਰਧਾਨ ਕਮਲਜੀਤ ਸਿੰਘ ਮਠਾਰੂ (+96894055561), ਸ਼੍ਰੀ ਸਾਹਨੀ ਦਾ ਪਾਰਲੀਮੈਂਟਰੀ ਦਫ਼ਤਰ (+919910061111) ਅਤੇ ਡਬਲਯੂ.ਪੀ.ਓ. ਚੰਡੀਗੜ੍ਹ ਗੁਰਬੀਰ ਸਿੰਘ (+97110008371) ਨਾਲ ਕਿਸੇ ਵੀ ਸਹਾਇਤਾ ਲਈ ਸੰਪਰਕ ਕਰ ਸਕਦੇ ਹਨ। ਸ਼੍ਰੀ ਸਾਹਨੀ ਨੇ ਵਾਪਸ ਆਉਣ ਵਾਲੀਆਂ ਕੁੜੀਆਂ ਦੇ ਪਰਿਵਾਰਾਂ ਨੂੰ ਬੇਨਤੀ ਕੀਤੀ ਕਿ ਉਹ ਅੱਗੇ ਆਉਣ ਅਤੇ ਸਬੰਧਤ ਥਾਣਿਆਂ 'ਚ ਕੇਸ ਦਰਜ ਕਰਵਾਉਣ, ਤਾਂ ਜੋ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕੇ।

ਸਾਹਨੀ ਨੇ ਮੱਧ ਪੂਰਬ ਦੇ ਦੇਸ਼ਾਂ 'ਚ ਫਸੀਆਂ ਕੁੜੀਆ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਜਦੋਂ ਉਹ ਵਾਪਸ ਆਉਣਗੀਆਂ ਤਾਂ ਇਨ੍ਹਾਂ ਕੁੜੀਆਂ ਨੂੰ ਮੁਫ਼ਤ ਕਿੱਤਾਮੁਖੀ ਸਿੱਖਿਆ ਦੇ ਕੇ ਉਨ੍ਹਾਂ ਨੂੰ ਪੰਜਾਬ 'ਚ ਪੱਕਾ ਸਨਮਾਨਯੋਗ ਰੋਜ਼ਗਾਰ ਦਿੱਤਾ ਜਾਵੇਗਾ। ਸਾਹਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਨੁੱਖੀ ਤਸਕਰੀ ਦੇ ਸਾਰੇ ਕੇਸਾਂ ਦੀ ਜਾਂਚ ਲਈ ਐੱਸ.ਆਈ.ਟੀ. ਕਾਇਮ ਕੀਤੀ ਗਈ ਹੈ, ਜਿਸ ਨਾਲ ਪੰਜਾਬ ਤੋਂ ਮੱਧ ਪੂਰਬ ਦੇ ਦੇਸ਼ਾਂ ਵਿਚ ਗਈਆਂ ਔਰਤਾਂ ਨਾਲ ਹੁੰਦੇ ਸ਼ੋਸ਼ਣ ਨੂੰ ਰੋਕਣ 'ਚ ਮਦਦ ਮਿਲੇਗੀ। ਇਸ ਐੱਸ.ਆਈ.ਟੀ. ਦਾ ਗਠਨ ਸਾਹਨੀ ਵੱਲੋਂ ਹਾਲ 'ਚ ਹੀ ਸ਼ੁਰੂ ਕੀਤੇ ਗਏ 'ਮਿਸ਼ਨ ਹੋਪ' ਤਹਿਤ ਕੀਤਾ ਗਿਆ ਹੈ।







ਸਫਾ 1 ਦਾ ਬਾਕੀ

## ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ 700 ਭਾਰਤੀ...

ਪੱਤਰਾਂ ਦੀਆਂ ਤਾਜ਼ਾ ਰਿਪੋਰਟਾਂ ਦੀ ਸਰਗਰਮੀ ਨਾਲ ਜਾਂਚ ਕਰ ਰਿਹਾ ਹੈ। ਫਰੇਜ਼ਰ ਨੇ ਇਕ ਟਵੀਟ ਵਿਚ ਕਿਹਾ, "ਸਾਡਾ ਧਿਆਨ ਦੋਸ਼ੀਆਂ ਦੀ ਪਛਾਣ ਕਰਨ 'ਤੇ ਹੈ, ਪੀੜਤਾਂ ਨੂੰ ਸਜ਼ਾ ਦੇਣ 'ਤੇ ਨਹੀਂ। ਧੋਖਾਧੜੀ ਦੇ ਪੀੜਤਾਂ ਨੂੰ ਆਪਣੀ ਸਥਿਤੀ ਦਾ ਪ੍ਰਦਰਸ਼ਨ ਕਰਨ ਅਤੇ ਆਪਣੇ ਕੇਸ ਦੇ ਸਮਰਥਨ ਲਈ ਸਬੂਤ ਪੇਸ਼ ਕਰਨ ਦਾ ਮੌਕਾ ਮਿਲੇਗਾ।"

ਉਨ੍ਹਾਂ ਕਿਹਾ, "ਅਸੀਂ ਆਪਣੇ ਦੇਸ਼ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੱਡੇ ਯੋਗਦਾਨ ਨੂੰ ਪਛਾਣਦੇ ਹਾਂ ਅਤੇ ਧੋਖਾਧੜੀ ਦੇ ਪੀੜਤਾਂ ਦਾ ਸਮਰਥਨ ਕਰਨ ਲਈ ਵਚਨਬੱਧ ਹਾਂ ਕਿਉਂਕਿ ਅਸੀਂ ਹਰ ਇੱਕ ਮਾਮਲੇ ਦਾ ਮੁਲਾਂਕਣ ਕਰਦੇ ਹਾਂ। ਅਸੀਂ ਇਸਦੀ ਪੁਸ਼ਟੀ ਕਰਨ ਲਈ ਵੀ ਕੰਮ ਕਰ ਰਹੇ ਹਾਂ। ਅਰਜ਼ੀ ਦੇ ਸਮੇਂ ਵੈਧ ਹਨ"। ਲਗਭਗ 700 ਭਾਰਤੀ ਵਿਦਿਆਰਥੀਆਂ ਨੂੰ ਵਿਦਿਅਕ ਸੰਸਥਾਵਾਂ ਵਿਚ ਦਾਖਲੇ ਦੇ ਪੇਸ਼ਕਸ਼ ਪੱਤਰ ਫਰਜ਼ੀ ਪਾਏ ਜਾਣ ਤੋਂ ਬਾਅਦ ਦੇਸ਼ ਨਿਕਾਲੇ ਦੇ ਨੋਟਿਸ ਜਾਰੀ ਕੀਤੇ ਗਏ ਸਨ। ਉਨ੍ਹਾਂ ਨੂੰ ਪਿਛਲੇ ਕੁਝ ਮਹੀਨਿਆਂ ਵਿਚ ਸੀ.ਬੀ.ਐੱਸ.ਏ. ਤੋਂ ਦੇਸ਼ ਨਿਕਾਲੇ ਦੇ ਪੱਤਰ ਮਿਲੇ ਹਨ। ਦੇਸ਼ ਨਿਕਾਲੇ ਮੁਹਿੰਮ ਦਾ ਹਿੱਸਾ ਬਣੇ ਵਿਦਿਆਰਥੀਆਂ ਵਿਚੋਂ ਇੱਕ ਚਮਨ ਸਿੰਘ ਬਾਠ ਨੇ ਦੱਸਿਆ ਕਿ 12ਵੀਂ ਜਮਾਤ ਵਿਚੋਂ ਪਾਸ ਹੋਣ ਤੋਂ ਬਾਅਦ ਲਗਭਗ 700 ਵਿਦਿਆਰਥੀਆਂ ਨੇ ਜਲੰਧਰ ਵਿਚ ਬ੍ਰਿਜੇਸ਼ ਮਿਸ਼ਰਾ ਦੀ ਅਗਵਾਈ ਵਾਲੀ ਐਜੂਕੇਸ਼ਨ ਮਾਈਗ੍ਰੇਸ਼ਨ ਸਰਵਿਸਿਜ਼ ਰਾਹੀਂ ਸਟੱਡੀ ਵੀਜ਼ਾ ਲਈ ਅਪਲਾਈ ਕੀਤਾ ਸੀ। ਜਿਵੇਂ ਹੀ ਇਨ੍ਹਾਂ ਵਿਦਿਆਰਥੀਆਂ ਨੇ ਕੈਨੇਡਾ ਵਿਚ ਪਰਮਾਨੈਂਟ ਰੈਜ਼ੀਡੈਂਸੀ (ਪੀ.ਆਰ.) ਲਈ ਅਪਲਾਈ ਕਰਦੇ ਸਮੇਂ ਆਪਣਾ 'ਐਡਮਿਸ਼ਨ ਆਫਰ ਲੈਟਰ' ਜਮ੍ਹਾ ਕਰਵਾਇਆ ਸੀ, ਸੀ.ਬੀ.ਐੱਸ.ਈ. ਨੇ ਪਾਇਆ ਕਿ ਇਹ ਪੱਤਰ ਜਾਅਲੀ ਸਨ। ਧੋਖਾਧੜੀ ਦਾ ਖੁਲਾਸਾ ਹੋਣ ਤੋਂ ਬਾਅਦ, ਸਾਰੇ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੇ ਨੋਟਿਸ ਜਾਰੀ ਕੀਤੇ ਗਏ ਸਨ।

ਸਫਾ 1 ਦਾ ਬਾਕੀ

## ਮਾਨ ਕੈਬਨਿਟ 'ਚ ਦੋ ਨਵੇਂ ਮੰਤਰੀ ਸ਼ਾਮਲ...

ਭਾਵੇਂ ਆਮ ਆਦਮੀ ਪਾਰਟੀ ਦੇ ਕੁੱਝ ਹੋਰ ਵਿਧਾਇਕ ਵੀ ਜਲੰਧਰ ਜ਼ਿਲ੍ਹੇ ਨਾਲ ਸਬੰਧ ਰੱਖਦੇ ਹਨ ਪਰ ਉਨ੍ਹਾਂ 'ਤੇ ਮੁੱਖ ਮੰਤਰੀ ਦਾ ਜ਼ਿਆਦਾ ਭਰੋਸਾ ਨਾ ਹੋਣ ਕਾਰਨ ਬਲਕਾਰ ਸਿੰਘ ਨੂੰ ਥਾਂ ਦੇਣ ਦਾ ਫ਼ੈਸਲਾ ਲਿਆ ਗਿਆ ਹੈ। ਬਲਕਾਰ ਸਿੰਘ ਦੇ ਮੰਤਰੀ ਬਣਨ ਤੋਂ ਬਾਅਦ ਦੋਆਬੇ ਤੋਂ ਭਗਵੰਤ ਮਾਨ ਮੰਤਰੀ ਮੰਡਲ 'ਚ ਮੰਤਰੀਆਂ ਦੀ ਗਿਣਤੀ ਵੱਧ ਕੇ 2 ਹੋ ਗਈ ਹੈ, ਕਿਉਂਕਿ ਹੁਸ਼ਿਆਰਪੁਰ ਤੋਂ ਪਹਿਲਾਂ ਬ੍ਰਹਮ ਸ਼ੰਕਰ ਜਿੰਪਾ ਨੂੰ ਮੰਤਰੀ ਮੰਡਲ ਦੇ ਗਠਨ ਸਮੇਂ ਮੰਤਰੀ ਬਣਾ ਦਿੱਤਾ ਗਿਆ ਸੀ। ਦੱਸ ਦਈਏ ਕਿ 'ਆਪ' ਸਰਕਾਰ ਵੱਲੋਂ ਪੰਜਾਬ ਕੈਬਨਿਟ ਵਿਚ ਚੌਥੀ ਵਾਰ ਫੇਰਬਦਲ ਕੀਤਾ ਗਿਆ ਹੈ। ਕੈਬਨਿਟ ਵਿਚ ਹਲਕਾ ਲੰਬੀ ਤੋਂ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਤੇ ਹਲਕਾ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਨੂੰ ਨਵੇਂ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ ਹੈ। ਉਧਰ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਆਪਣੇ ਅਹੁਦੇ ਤੋਂ ਨਿੱਜੀ ਕਾਰਨਾਂ ਕਰਕੇ ਅਸਤੀਫਾ ਦੇ ਦਿੱਤਾ ਸੀ।

ਸਫਾ 1 ਦਾ ਬਾਕੀ

## ਰਾਹੁਲ ਗਾਂਧੀ 10 ਦਿਨਾਂ ਅਮਰੀਕਾ ਦੌਰੇ ਲਈ ਸਾਨ...

ਅਧਿਕਾਰੀਆਂ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦੀ ਉਮੀਦ ਹੈ। ਉਹ 4 ਜੂਨ ਨੂੰ ਨਿਊਯਾਰਕ 'ਚ ਇਕ ਜਨਤਕ ਸਮਾਗਮ ਨਾਲ ਆਪਣੀ ਯਾਤਰਾ ਦੀ ਸਮਾਪਤੀ ਕਰਨ ਵਾਲੇ ਹਨ। ਇਹ ਗੱਲਬਾਤ ਨਿਊਯਾਰਕ ਦੇ ਜੈਵਿਟਸ ਸੈਂਟਰ ਵਿਚ ਹੋਵੇਗੀ। ਰਾਹੁਲ ਗਾਂਧੀ ਨੂੰ ਐਤਵਾਰ ਨੂੰ ਯਾਤਰਾ ਲਈ ਨਵਾਂ ਆਮ ਪਾਸਪੋਰਟ ਜਾਰੀ ਕੀਤਾ ਗਿਆ ਸੀ। ਸਾਬਕਾ ਕਾਂਗਰਸ ਪ੍ਰਧਾਨ ਨੇ ਸੰਸਦ ਮੈਂਬਰ ਵਜੋਂ ਜਾਰੀ ਕੀਤੇ ਡਿਪਲੋਮੈਟਿਕ ਪਾਸਪੋਰਟ ਨੂੰ ਜਮ੍ਹਾ ਕਰਨ ਤੋਂ ਬਾਅਦ ਆਮ ਪਾਸਪੋਰਟ ਲਈ ਅਰਜ਼ੀ ਦਿੱਤੀ ਸੀ। ਸਾਬਕਾ ਕਾਂਗਰਸ ਪ੍ਰਧਾਨ ਨੂੰ ਗੁਜਰਾਤ ਦੇ ਸੂਰਤ ਦੀ ਅਦਾਲਤ ਨੇ ਅਪਰਾਧਿਕ ਮਾਣਹਾਨੀ ਦੇ ਕੇਸ ਵਿਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸੰਸਦ ਮੈਂਬਰ ਵਜੋਂ ਅਯੋਗ ਕਰਾਰ ਦਿੱਤਾ ਸੀ। ਇਸ ਤੋਂ ਬਾਅਦ ਰਾਹੁਲ ਨੇ ਡਿਪਲੋਮੈਟਿਕ ਯਾਤਰਾ ਦਸਤਾਵੇਜ਼ ਵਾਪਸ ਕਰ ਦਿੱਤੇ ਸਨ।

ਸਫਾ 1 ਦਾ ਬਾਕੀ

## ਘੱਲੂਘਾਰਾ ਹਫ਼ਤੇ ਦੇ ਮੱਦੇਨਜ਼ਰ ਪੰਜਾਬ 'ਚ ਵਧਾਈ ਗਈ...

ਘੱਲੂਘਾਰਾ ਹਫ਼ਤਾ ਆਉਂਦਾ ਹੈ। ਇਸ ਨੂੰ ਵੇਖਦੇ ਹੋਏ ਡੀ.ਜੀ.ਪੀ. ਗੌਰਵ ਯਾਦਵ ਨੇ ਫੀਲਡ 'ਚ ਤਾਇਨਾਤ ਸਾਰੇ ਪੁਲਿਸ ਅਧਿਕਾਰੀਆਂ ਨੂੰ ਮੁਸ਼ਤੈਦ ਰਹਿਣ ਅਤੇ ਆਪੋ-ਆਪਣੇ ਖੇਤਰਾਂ 'ਚ ਚੌਕਸੀ ਵਧਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ। ਘੱਲੂਘਾਰਾ ਹਫ਼ਤੇ ਸਬੰਧੀ ਕੁਝ ਸਿੱਖ ਸੰਗਠਨਾਂ ਵਲੋਂ ਹਰ ਸਾਲ ਅੰਮ੍ਰਿਤਸਰ 'ਚ ਖਾਸ ਤੌਰ 'ਤੇ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ।

ਪੰਜਾਬ ਵਿਚ ਅਮਨ-ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਸੂਬਾ ਸਰਕਾਰ ਵਲੋਂ ਖਾਸ ਤੌਰ 'ਤੇ ਕਦਮ ਚੁੱਕੇ ਜਾਂਦੇ ਹਨ ਕਿਉਂਕਿ ਅਜਿਹੇ ਸੰਵੇਦਨਸ਼ੀਲ ਸਮੇਂ 'ਚ ਪੰਜਾਬ ਦੇ ਨਾਲ ਲੱਗਦੇ ਗੁਆਂਢੀ ਦੇਸ਼ ਦੀਆਂ ਸਰਗਰਮੀਆਂ ਵੀ ਤੇਜ਼ ਹੋ ਜਾਂਦੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਸੂਬੇ ਵਿਚ ਅਮਨ-ਸ਼ਾਂਤੀ ਨੂੰ ਬਣਾ ਕੇ ਰੱਖਣ ਦੀਆਂ ਹਦਾਇਤਾਂ ਸੂਬਾ ਪੁਲਿਸ ਨੂੰ ਦੇ ਚੁੱਕੇ ਹਨ। ਇਸ ਤੋਂ ਇਲਾਵਾ ਜਨਤਕ ਥਾਵਾਂ 'ਤੇ ਸੁਰੱਖਿਆ ਵਿਵਸਥਾ ਨੂੰ ਸਖ਼ਤ ਕੀਤਾ ਗਿਆ ਹੈ ਅਤੇ ਚੈਕਿੰਗ ਵਧਾਈ ਗਈ ਹੈ।






# ਆਓ ਮੰਗਲ ਦੇ ਵਿਚ ਜੰਗਲ ਲਾਈਏ

## (5 ਜੂਨ ਅੰਤਰਰਾਸ਼ਟਰੀ ਵਾਤਾਵਰਣ ਦਿਵਸ 'ਤੇ)


ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)




'ਰੁੱਖਾਂ ਬਾਝ ਨਾ ਧਰਤੀ ਸੋਂਹਦੀ, ਹੁਨਰ ਬਾਝ ਨਾ ਬੰਦਾ
ਹੱਥੀਂ ਕਿਸਮਤ ਘੜਦਾ ਕਾਮਾ,ਗਾਫ਼ਲ ਰੋਸ ਕਰੰਦਾ'

5 ਜੂਨ 1972 ਨੂੰ ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿਚ ਸੰਯੁਕਤ ਰਾਸ਼ਟਰ ਦੀ ਨਜ਼ਰ ਸਾਨੀ ਹੇਠ ਵਾਤਾਵਰਣ ਚਿੰਤਕਾਂ ਦੀ, ਭਵਿੱਖੀ ਵਾਤਾਵਰਣ ਚਣੌਤੀਆਂ ਸਬੰਧੀ ਕਈ ਦਿਨ ਚੱਲੀ ਵਿਚਾਰ-ਚਰਚਾ ਉਪਰੰਤ ਦਸੰਬਰ 1972 ਨੂੰ ਯੂ.ਐੱਨ.ਓ. ਵਲੋਂ 5 ਜੂਨ ਨੂੰ ਅੰਤਰਰਾਸ਼ਟਰੀ ਵਾਤਾਵਰਣ ਦਿਹਾੜਾ ਮਨਾਉਣ ਲਈ ਦਿਨ ਨੀਅਤ ਕੀਤਾ ਗਿਆ। ਅਮਰੀਕਾ ਵਲੋਂ ਪਹਿਲਕਦਮੀ ਕਰਦਿਆਂ 5 ਜੂਨ, 1974 ਨੂੰ ਸਭ ਤੋਂ ਪਹਿਲਾਂ 'ਸਿਰਫ਼ ਇੱਕ ਧਰਤੀ' ਦੇ ਨਾਅਰੇ ਹੇਠ ਇਸ ਦੀ ਸ਼ੁਰੂਆਤ ਕੀਤੀ ਗਈ।







ਪੁਰਾਣੇ ਦੌਰ 'ਚ ਆਬਾਦੀ ਤੋਂ ਬਾਹਰ ਜੇ ਕੋਈ ਚੰਗਾ ਕਾਰੋਬਾਰ ਸਥਾਪਤ ਕਰਦਾ, ਤਾਂ ਬਜ਼ੁਰਗ ਅਕਸਰ ਕਿਹਾ ਕਰਦੇ, "ਹਲਾ ਬਈ, ਇਹ ਤਾਂ ਜੰਗਲ ਵਿਚ ਮੰਗਲ ਲਾ ਤਾ।" ਦਿਹਾਤ ਦੇ ਸ਼ਹਿਰੀਕਰਨ ਅਤੇ ਵਪਾਰੀਕਰਨ ਨੇ ਜੰਗਲ ਅਤੇ ਜੰਗਲੀ ਜੀਵਾਂ ਨੂੰ ਭਾਰੀ ਸੱਟ ਮਾਰੀ ਐ। ਸ਼ਹਿਰ ਪਿੰਡਾਂ ਨੂੰ ਖਾ ਗਏ ਤੇ ਵਪਾਰੀਕਰਨ ਜੰਗਲ ਜਾਤ ਨੂੰ। ਇਥੋਂ ਤੱਕ ਕਿ ਸੁੰਦਰੀਕਰਨ ਦੇ ਨਾਮ ਉਪਰ ਪਿੰਡਾਂ ਵਿਚੋਂ ਵੀ ਬਾਬਾ ਬੋਹੜ, ਪਿੱਪਲ, ਬੇਰੀਆਂ ਖਤਮ ਕਰ ਦਿੱਤੀਆਂ ਗਈਆਂ। ਪੁਰਾਣੇ ਦੌਰ ਨਾਲੋਂ ਅੱਜ ਸਾਡੀਆਂ ਨਿੱਤ ਦੀਆਂ ਲੋੜਾਂ ਵੀਹ ਗੁਣਾ ਵੱਧ ਗਈਆਂ, ਜਦਕਿ ਜੰਗਲ ਓਨੀ ਹੀ ਤੇਜ਼ੀ ਨਾਲ ਘੱਟ ਗਏ, ਜਿਸ ਨਾਲ ਕੁਦਰਤ ਦਾ ਸਮਤੋਲ ਵਿਗੜਣ ਅਤੇ ਬੇਤਹਾਸ਼ਾ ਪ੍ਰਦੂਸ਼ਣ ਵਧਣ ਨਾਲ ਜੰਗਲੀ ਜੀਵਨ ਦੇ ਨਾਲ ਹੀ ਮਨੁੱਖੀ ਜੀਵਨ ਵੀ ਜਿਊਂਦੇ ਰਹਿਣ ਲਈ ਸੰਘਰਸ਼ ਕਰਦਿਆਂ ਗੰਭੀਰ ਪ੍ਰਸਥਿਤੀਆਂ ਦਾ ਸਾਹਮਣਾ ਕਰ ਰਿਹੈ। ਇਸ ਲਈ ਸਮੁੱਚੀ ਮਨੁੱਖੀ ਬਸਤੀ ਜ਼ਿੰਮੇਵਾਰ ਅਤੇ ਖ਼ਤਰੇ 'ਚ ਐ। ਬਹੁਤ ਸਾਰੇ ਉਦਮੀ ਨੌਜਵਾਨ, ਸਮਾਜ ਸੇਵੀ ਜਥੇਬੰਦੀਆਂ ਵਾਤਾਵਰਨ ਹਿਤ ਨਿੱਠ ਕੇ ਕੰਮ ਕਰ ਰਹੀਆਂ ਨੇ। ਪਰ ਜਿੰਨਾਂ ਸਮਾਂ ਇਹ ਕਾਰਜ ਲੋਕ ਲਹਿਰ ਨਹੀਂ ਬਣਦੇ, ਓਨਾ ਸਮਾਂ ਖ਼ਤਾ ਦਰ ਖ਼ਤਾ ਖਾਂਦੇ ਰਹਾਂਗੇ। ਹੁਣ ਮੌਕਾ ਹੈ ਜੂਝ ਮਰਨ ਦਾ, ਜੇ ਮੌਕਾ ਨਾ ਸੰਭਲਿਆ, ਤਾਂ ਆਉਣ ਵਾਲੇ ਪੁੱਤ-ਪੜੋਤੇ ਗੰਭੀਰ ਪ੍ਰਸਥਿਤੀਆਂ ਦੇ ਸ਼ਿਕਾਰ ਹੋਣਗੇ। ਤੇ ਫਿਰ ਪਛਤਾਵਾ ਈ ਹੱਥ ਰਹੇਗਾ।

'ਯਹ ਜ਼ਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ
ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ'

ਸੂਰਜ ਮੰਡਲ ਵਿਚ ਧਰਤੀ ਹੀ ਇੱਕੋ ਇੱਕ ਅਜਿਹਾ ਗ੍ਰਹਿ ਹੈ, ਜਿਥੇ ਜੀਵਨ ਐ। ਇਹ ਥਲ ਮੰਡਲ, ਜਲ ਮੰਡਲ ਅਤੇ ਵਾਯੂ ਮੰਡਲ ਦੇ ਆਪਸੀ ਮਿਲਾਪ ਕਰਕੇ ਹੀ ਸਾਡੇ ਜੀਵ ਮੰਡਲ ਦੀ ਹੋਂਦ ਸੰਭਵ ਹੋ ਸਕੀ। ਵਾਤਾਵਰਣ ਸੰਤੁਲਨ ਨੂੰ ਬਣਾਈ ਰੱਖਣ ਲਈ ਕਿਸੇ ਵੀ ਭੂ ਭਾਗ ਦੇ ਕੁੱਲ ਖੇਤਰਫਲ ਦਾ 33% ਭਾਗ ਜੰਗਲ ਹੇਠ ਹੋਣਾ ਜ਼ਰੂਰੀ ਹੈ। ਅਫਸੋਸ ਪੰਜਾਬ ਇਸ ਪੱਖੋਂ ਫਾਡੀ ਈ ਏ। ਪੰਜਾਬ ਜੰਗਲਾਤ ਦੀ ਰਿਪੋਰਟ 2017 ਮੁਤਾਬਕ ਪਿਛਲੇ 10 ਸਾਲਾਂ 'ਚ ਕੇਵਲ 66 ਵਰਗ ਕਿਲੋਮੀਟਰ ਜੰਗਲ ਦਾ ਈ ਵਾਧਾ ਹੋਇਐ। ਪੰਜਾਬ ਵਿਚ ਕੇਵਲ 6.07% ਭੂ ਭਾਗ ਈ ਜੰਗਲ ਹੇਠ ਐ। ਇਸ ਵਿਚੋਂ ਕੇਵਲ 3.65% ਭਾਗ ਕੁਦਰਤੀ ਬਨਸਪਤੀ ਅਤੇ 2.42% ਪ੍ਰਾਈਵੇਟ ਸੈਕਟਰ ਹੇਠ ਐ। ਪੰਜਾਬ ਦੇ ਜ਼ਿਲਿਆਂ ਵਿਚੋਂ ਹੁਸ਼ਿਆਰਪੁਰ ਅੱਬਲ 20.42% ਅਤੇ ਮਾਨਸਾ 1.26% ਨਾਲ ਫਾਡੀ ਐ।

ਇਕ ਰੁੱਖ ਦੇ ਸੌ ਸੁੱਖ ਹਨ। ਰੁੱਖਾਂ ਨਾਲ ਹੀ ਜੀਵ ਮੰਡਲ ਦੀ ਹੋਂਦ ਬਰਕਰਾਰ ਐ। ਸਾਡੀ ਜਾਚੇ ਪਾਣੀ ਅਤੇ ਜੰਗਲ ਸੰਕਟ 'ਤੇ ਕੰਟਰੋਲ ਕਰਨ ਦਾ ਕਾਰਗਰ ਤਰੀਕਾ, ਆਬਾਦੀ ਦੇ ਬੇਤਹਾਸ਼ਾ ਵਾਧੇ 'ਤੇ ਕੰਟਰੋਲ ਕਰਨਾ ਵੀ ਹੈ। ਅਜਿਹਾ ਵਰਤਾਰਾ ਭਾਰਤ ਵਰਗੇ ਮੁਲਕਾਂ 'ਚ ਅਸਲੋਂ ਮੁਹਾਲ ਐ, ਜਿਥੇ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਨਹੀਂ, ਸਗੋਂ ਰਾਜਨੀਤੀ ਕਾਨੂੰਨ 'ਤੇ ਹਾਵੀ ਐ। ਫਰਕ ਆਪ ਦੇਖ ਲੋ ਕਿ ਕੁਦਰਤੀ ਸਰੋਤਾਂ ਨਾਲ ਮਾਲੋਮਾਲ ਹੋਣ ਦੇ ਬਾਵਜੂਦ ਵੀ ਭਾਰਤ ਰੁੱਖ ਅਤੇ ਪਾਣੀ ਸੰਕਟ ਨਾਲ ਜੂਝ ਰਿਹੈ, ਉਥੇ ਦੁਬਈ ਵਰਗੇ ਮਾਰੂਥਲ ਦੇਸ਼ਾਂ ਨੇ ਦਿਲੋ-ਓ-ਜਾਨ ਨਾਲ ਸਖ਼ਤੀ ਵਰਤਦਿਆਂ ਆਪਣੇ ਆਪ ਨੂੰ ਨਖਲਿਸਤਾਨ 'ਚ ਤਬਦੀਲ ਕਰ ਲਿਐ।

ਜੇ ਜਲਗਾਹਾਂ ਧਰਤੀ ਦੇ ਗੁਰਦੇ ਹਨ, ਤਾਂ ਜੰਗਲ ਧਰਤੀ ਦੇ ਫੇਫੜੇ। ਫੇਫੜੇ ਸਾਡੀ ਸਾਹ ਪ੍ਰਣਾਲੀ ਦਾ ਮੁੱਖ ਅੰਗ ਨੇ। ਜੰਗਲ ਸਾਡੇ ਦੁਆਰਾ ਛੱਡੀ ਗਈ ਕਾਰਬਨ ਡਾਈਅਕਸਾਈਡ ਅਤੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਜਜ਼ਬ ਕਰਕੇ ਬਦਲੇ 'ਚ ਅੰਮ੍ਰਿਤ ਰੂਪੀ ਆਕਸੀਜਨ ਦਿੰਦਾ ਹੈ। ਇਹੀ ਨਹੀਂ, ਸਿੱਧੇ ਜਾਂ ਅਸਿੱਧੇ ਤੌਰ 'ਤੇ ਲੱਕੜ, ਬਰੋਜਾ, ਜੜੀ ਬੂਟੀਆਂ, ਠੰਡਕ, ਮੀਂਹ, ਕੁਦਰਤੀ ਰੈਣ ਬਸੇਰਾ, ਖਾਦ, ਫਲ਼, ਫੁੱਲ ਵਗੈਰਾ-ਵਗੈਰਾ ਮਾਂ ਵਾਂਗ ਦਿੰਦਾ ਹੈ। ਸੋ, ਸੌ ਜਨਮ ਲੈ ਕੇ ਵੀ ਮਾਂ ਵਾਂਗ, ਇਨ੍ਹਾਂ ਦਾ ਦੇਣ ਨਹੀਂ ਦੇ ਸਕਦੇ। ਆਓ ਇਸ ਵਾਰ ਦੀ ਹਰਿਆਵਲ ਲਹਿਰ ਨੂੰ ਘਰ-ਘਰ ਲੈ ਕੇ ਜਾਈਏ। ਬੂਟੇ ਲਾਉਣ, ਫੋਟੋ ਖਿਚਵਾਉਣ ਤੱਕ ਹੀ ਸੀਮਤ ਨਾ ਰਹਿ ਕੇ ਬੂਟਿਆਂ ਨੂੰ ਪਾਲਣ/ਸਾਂਭਣ ਦਾ ਅਹਿਦ ਵੀ ਕਰੀਏ। ਸੰਤ ਬਲਵੀਰ ਸਿੰਘ ਸੀਚੇਵਾਲ, ਸੰਤ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਵਾਂਗ ਹੋਰ ਵੀ ਧਾਰਮਿਕ ਸ਼ਖ਼ਸੀਅਤਾਂ ਇਧਰ ਜੁੜਨ, ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਰੁੱਖ ਆਕਸੀਜਨ ਪੈਦਾ ਕਰਨ ਦੇ ਕੁਦਰਤੀ ਮੁਫਤ ਕਾਰਖਾਨੇ ਹਨ। ਕਹਿੰਦੇ, ਰੱਬ ਮੁਸੀਬਤ ਵੇਲੇ ਈ ਯਾਦ ਆਉਂਦੈ। ਸੋ ਕਰੋਨਾ ਮਹਾਂਮਾਰੀ 'ਚ ਹੀ ਆਕਸੀਜਨ ਦੀ ਲੋੜ ਨੇ ਰੁੱਖਾਂ ਦੀ ਅਹਿਮੀਅਤ/ਅਣਹੋਂਦ ਦਾ ਅਹਿਸਾਸ ਕਰਵਾਇਆ। ਸੋ ਭਾਈ, ਆਓ ਅਹਿਦ ਕਰੀਏ ਕਿ ਹਰ ਮਨੁੱਖ ਆਪਣੀ ਉਮਰ 'ਚ ਲਾਵੇ ਅਤੇ ਪਾਲੇ 10 ਰੁੱਖ। ਇਸੇ ਵਿਚ ਹੀ ਸਮਾਜ ਦਾ ਭਲਾ ਐ। ਉਹ ਉਦਮੀ ਨੌਜਵਾਨ ਅਤੇ ਜਥੇਬੰਦੀਆਂ ਸਾਡੀ ਪ੍ਰਸ਼ੰਸਾ ਦੀਆਂ ਪਾਤਰ ਨੇ, ਜੋ ਹੁਣ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਉਪਰ ਜੰਗਲ਼ ਉਗਾਉਣ ਲਈ ਉੱਦਮਸ਼ੀਲ ਨੇ। ਸ਼ਾਲਾ! ਇਹ ਕਦਮ ਬਰਕਰਾਰ ਰਹੇ।

ਆਓ ਸੋਹਣਾ ਪੰਜਾਬ ਬਚਾਈਏ
ਮੰਗਲ ਦੇ ਵਿਚ ਜੰਗਲ ਲਾਈਏ

# ਪਹਿਲਵਾਨਾਂ 'ਤੇ ਤਸ਼ੱਦਦ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਹਾਲ ਹੀ ਵਿਚ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਜੰਤਰ-ਮੰਤਰ 'ਤੇ ਇਨਸਾਫ਼ ਲਈ ਬੈਠੇ ਪ੍ਰਦਰਸ਼ਨਕਾਰੀ ਪਹਿਲਵਾਨਾਂ ਤੇ ਉਨ੍ਹਾਂ ਦੇ ਸਾਥੀਆਂ 'ਤੇ ਪੁਲਿਸ ਪ੍ਰਸ਼ਾਸਨ ਵੱਲੋਂ ਤਸ਼ੱਦਦ ਕੀਤਾ ਗਿਆ। 28 ਮਈ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਨਵੀਂ ਸੰਸਦ ਦਾ ਉਦਘਾਟਨ ਕੀਤਾ ਹੈ। ਸੁਰੱਖਿਆ ਕਰਮਚਾਰੀਆਂ ਨੇ ਮਹਿਲਾਂ ਪਹਿਲਵਾਨਾਂ ਨੂੰ ਨਵੀਂ ਸੰਸਦ ਵੱਲ ਜਾਣ ਤੋਂ ਰੋਕਿਆ ਤੇ ਪਹਿਲਵਾਨਾਂ ਦੀ ਹਿਮਾਇਤੀਆਂ ਸਮੇਤ 600 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਵੀ ਲਿਆ। ਹਮਾਇਤ ਲਈ ਦਿੱਲੀ ਆ ਰਹੇ ਕਿਸਾਨਾਂ, ਔਰਤਾਂ, ਪੱਤਰਕਾਰਾਂ ਤੇ ਹੋਰ ਲੋਕਾਂ ਨੂੰ ਗਾਜ਼ੀਪੁਰ, ਟਿੱਕਰੀ ਬਾਰਡਰ 'ਤੇ ਰੋਕਿਆ ਗਿਆ। ਕਾਂਗਰਸ, ਆਮ ਆਦਮੀ ਪਾਰਟੀ ਤੇ ਹੋਰ ਸਿਆਸੀ ਪਾਰਟੀਆਂ ਨੇ ਇਸ ਘਟਨਾ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਹੁਣ ਪਹਿਲਵਾਨਾਂ ਨੂੰ ਜੰਤਰ-ਮੰਤਰ 'ਤੇ ਮੁੜ ਧਰਨਾ ਲਾਉਣ ਦੀ ਆਗਿਆ ਨਹੀਂ ਹੈ। ਚੇਤੇ ਕਰਵਾ ਦੇਈਏ ਕਿ ਮਹਿਲਾ ਪਹਿਲਵਾਨਾਂ ਨੇ ਭਾਜਪਾ ਦੇ ਸੰਸਦ ਮੈਂਬਰ ਅਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਜਿਣਸੀ ਸ਼ੋਸ਼ਣ ਦੇ ਇਲਜ਼ਾਮ ਲਾਏ ਹਨ। ਪਹਿਲਵਾਨ ਲੜਕੀਆਂ ਨਾਲ ਜੋ ਵਰਤਾਓ ਕੀਤਾ ਜਾ ਰਿਹਾ ਹੈ, ਉਹ ਸਹੀ ਨਹੀਂ ਹੈ। ਉਧਰ ਕੁਸ਼ਤੀ ਸੰਘ ਦੇ ਪ੍ਰਧਾਨ ਨੇ ਬਿਆਨ ਵੀ ਦਿੱਤਾ ਸੀ ਕਿ ਮੈਡਲ ਦੀ ਕੀਮਤ ਤਾਂ ਸਿਰਫ਼ 15 ਰੁਪਏ ਹੈ, ਜੇ ਤੁਸੀਂ ਵਾਪਸ ਕਰਨਾ ਹੈ, ਤਾਂ ਕਰੋੜਾਂ ਦੀ ਰਾਸ਼ੀ ਵਾਪਸ ਕਰੋ। ਸੁਪਰੀਮ ਕੋਰਟ ਦੀ ਦਖਲਅੰਦਾਜ਼ੀ ਤੋਂ ਬਾਅਦ ਕੇਸ ਤਾਂ ਦਰਜ ਕਰ ਲਿਆ ਗਿਆ ਹੈ, ਪਰ ਦੋਸ਼ੀ ਨੂੰ ਹਿਰਾਸਤ ਵਿਚ ਨਹੀਂ ਲਿਆ ਹੈ। ਸੋਨੇ ਦੇ ਮੈਡਲ ਤੇ ਦੇਸ਼ ਦਾ ਨਾਂ ਚਮਕਾਉਣ ਲਈ ਇਨ੍ਹਾਂ ਪਹਿਲਵਾਨਾਂ ਨੂੰ ਕਈ-ਕਈ ਸਾਲ ਮਿਹਨਤ ਕਰਨੀ ਪਈ। ਮੈਦਾਨ ਵਿਚ ਜਾ ਕੇ ਕਸਰਤ ਕਰੀ। ਵਿਚਾਰਨ ਵਾਲੀ ਗੱਲ ਹੈ ਕਿ ਕਿਹੜਾ ਮਾਂ-ਬਾਪ ਆਪਣੇ ਜਵਾਨ ਧੀਆਂ ਪੁੱਤਾਂ ਨੂੰ ਮੁਕਾਬਲਿਆਂ ਵਿਚ ਭੇਜਣ ਲਈ ਤਿਆਰ ਹੋਵੇਗਾ, ਜੇ ਇਹੀ ਹਾਲ ਰਿਹਾ? ਇਹ ਦੇਸ਼ ਵਾਸੀਆਂ ਵਾਸਤੇ ਬੜੀ ਸ਼ਰਮਿੰਦਗੀ ਵਾਲੀ ਗੱਲ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸੱਤਾਧਾਰੀ ਪਾਰਟੀ ਦੇ ਕਿਸੇ ਵੀ ਨੁਮਾਇੰਦੇ ਨੇ ਆਪਣਾ ਮੂੰਹ ਤੱਕ ਨਹੀਂ ਖੋਲ੍ਹਿਆ ਹੈ। ਵੈਸੇ ਤਾਂ ਸਰਕਾਰ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਬਹੁਤ ਲਗਾਉਂਦੀ ਹੈ। ਫ਼ਿਰ ਹੁਣ ਤੱਕ ਪਹਿਲਵਾਨਾਂ ਦੀ ਗੱਲ ਕਿਉਂ ਨਹੀਂ ਸੁਣੀ ਜਾ ਰਹੀ ਹੈ? ਚੇਤੇ ਕਰਵਾ ਦੇਈਏ ਕਿ ਹਾਲ ਹੀ ਵਿਚ ਹਰਿਆਣਾ ਦੇ ਸੀ.ਐੱਮ. ਵੱਲੋਂ ਸਿਰਸਾ ਜ਼ਿਲ੍ਹੇ ਵਿਚ ਸੰਗਤ ਦਰਸ਼ਨ ਕੀਤਾ ਗਿਆ। ਮਹਿਲਾ ਸਰਪੰਚ ਦੇ ਪਤੀ 'ਤੇ ਜਾਨਲੇਵਾ ਹਮਲਾ ਹੋਇਆ ਸੀ। ਮਹਿਲਾ ਸਰਪੰਚ ਨੇ ਦੋਸ਼ ਲਾਇਆ ਕਿ ਦੋਸ਼ੀਆਂ 'ਤੇ ਕਾਰਵਾਈ ਨਹੀਂ ਹੋਈ ਹੈ। ਸਟੇਜ 'ਤੇ ਮੁੱਖ ਮੰਤਰੀ ਦੇ ਪੈਰਾਂ ਵਿਚ ਮਹਿਲਾ ਸਰਪੰਚ ਨੇ ਆਪਣਾ ਦੁਪੱਟਾ ਸੁੱਟ ਦਿੱਤਾ। ਇਹ ਵੀਡੀਓ ਬਹੁਤ ਜਲਦੀ ਪੂਰੇ ਦੇਸ਼ ਵਿਚ ਵਾਇਰਲ ਹੋਈ। ਜੇ ਪਹਿਲਵਾਨਾਂ ਦਾ ਇਹ ਹਾਲ ਹੈ, ਤਾਂ ਆਮ ਲੋਕਾਂ ਨੂੰ ਕੀ ਇਨਸਾਫ਼ ਮਿਲਦਾ ਹੋਣਾ? ਜੋ ਅੱਜ ਦੇਸ਼ ਦਾ ਨਾਮ ਸੰਸਾਰ ਪੱਧਰ 'ਤੇ ਉੱਚਾ ਕਰ ਰਹੀਆਂ ਹਨ, ਉਨ੍ਹਾਂ ਨੂੰ ਇਨਸਾਫ਼ ਮਿਲਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਆਮ ਜਨਤਾ ਦਾ ਸਰਕਾਰ ਤੋਂ ਵਿਸ਼ਵਾਸ ਉੱਠ ਜਾਵੇਗਾ। ਅੱਜ ਵਿਦੇਸ਼ਾਂ ਵਿਚ ਵੀ ਥੂ-ਥੂ ਹੋ ਰਹੀ ਹੈ। ਜਿੰਨਾ ਜਲਦੀ ਹੋ ਸਕਦਾ ਹੈ ਸਰਕਾਰ ਨੂੰ ਦੋਸ਼ੀ ਖ਼ਿਲਾਫ਼ ਤੁਰੰਤ ਕਾਰਵਾਈ ਕਰਦੇ ਹੋਏ, ਦੇਸ਼ ਦੀਆਂ ਬੇਟੀਆਂ ਨੂੰ ਇਨਸਾਫ਼ ਦਿਵਾਉਣਾ ਚਾਹੀਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਪਹਿਲਵਾਨਾਂ ਨੂੰ ਆਪਣੇ ਕੋਲ ਬੁਲਾਉਣ ਤੇ ਉਨ੍ਹਾਂ ਦੀ ਗੱਲ ਬੜੇ ਧਿਆਨ ਨਾਲ ਸੁਣਨ।



# ਖੇਤਾਂ ਦੀ ਅੱਗ

## 2 ਮਿੰਨੀ ਕਹਾਣੀਆਂ





ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)


ਲੋਕਾਂ ਨੇ ਚਾਰੇ ਪਾਸੇ ਖੇਤਾਂ ਵਿਚ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਈ ਹੋਈ ਸੀ, ਜਿਸ ਕਾਰਨ ਸਵਾਹ ਉੱਡ-ਉੱਡ ਕੇ ਲੋਕਾਂ ਦੇ ਸਿਰਾਂ ਵਿਚ ਪੈ ਰਹੀ ਸੀ। 'ਕੁੱਕੜ ਖੇਹ ਉਡਾਈ ਤੇ ਆਪਣੇ ਸਿਰ ਵਿਚ ਪਾਈ', ਵਾਲੀ ਕਹਾਵਤ ਸ਼ਤ-ਪ੍ਰਤੀਸ਼ਤ ਸੱਚ ਸਾਬਤ ਹੋ ਰਹੀ ਸੀ। ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀ ਬਿਮਾਰੀ ਵਾਲੇ ਬੰਦਿਆਂ ਦਾ ਖੰਘ-ਖੰਘ ਕੇ ਬੁਰਾ ਹਾਲ ਹੋ ਰਿਹਾ ਸੀ। ਖੇਤਾਂ ਅਤੇ ਸੜਕਾਂ ਦੇ ਕਿਨਾਰੇ ਪੰਜ ਕੁ ਮਹੀਨੇ ਪਹਿਲਾਂ ਝੋਨੇ ਦੀ ਪਰਾਲੀ ਦੀ ਅੱਗ ਤੋਂ ਬਚੇ ਥੋੜ੍ਹੇ ਬਹੁਤੇ ਦਰਖਤਾਂ ਵਿਚੋਂ ਕੁਝ ਸੜ ਚੁੱਕੇ ਸਨ ਤੇ ਕੁਝ ਅਜੇ ਧੁਖ ਰਹੇ ਸਨ। ਦਾਵਾਨਲ ਕਾਰਨ ਉਨ੍ਹਾਂ 'ਤੇ ਪਾਏ ਪੰਛੀਆਂ ਦੇ ਆਲ੍ਹਣਿਆਂ ਵਿਚੋਂ ਮਾਸੂਮ ਬੋਟ ਫੁੜਕ-ਫੁੜਕ ਕੇ ਧਰਤੀ 'ਤੇ ਡਿੱਗ ਰਹੇ ਸਨ। ਆਪਣੇ ਬੇਕਸੂਰ ਬੱਚਿਆਂ ਦੀ ਹੋ ਰਹੀ ਅਣਿਆਈ ਮੌਤ ਵੇਖ ਕੇ ਪੰਛੀਆਂ ਵੱਲੋਂ ਪਾਇਆ ਜਾ ਰਿਹਾ ਵਿਰਲਾਪ ਪੱਥਰ ਦਿਲਾਂ ਨੂੰ ਵੀ ਪਾੜ ਰਿਹਾ ਸੀ। ਕਿਉਂਕਿ ਟਟੀਹਰੀ ਧਰਤੀ 'ਤੇ ਆਲ੍ਹਣਾ ਬਣਾ ਕੇ ਬੱਚੇ ਦੇਂਦੀ ਹੈ, ਇਸ ਲਈ ਉਸ ਦਾ ਤਾਂ ਬੀਜ਼ ਨਾਸ ਹੋ ਰਿਹਾ ਸੀ।

ਚੱਬੇ ਪਿੰਡ ਦੇ ਦਸ-ਪੰਦਰਾਂ ਬੰਦੇ ਪੰਚਾਇਤ ਘਰ ਵਿਚਲੇ ਬੋਹੜ ਦੀ ਠੰਡੀ ਛਾਂ ਹੇਠ ਤਾਸ਼ ਖੇਡ ਰਹੇ ਸਨ। ਨੰਗਾਂ ਦੇ ਸੁੱਚੇ ਨੇ ਗੱਲ ਛੇੜੀ, "ਇਸ ਵਾਰ ਤਾਂ ਰੱਬ ਪਿੱਛੇ ਈ ਪੈ ਗਿਆ ਸੀ ਆਪਣੇ। ਰੋਜ਼ ਮੀਂਹ, ਰੋਜ਼ ਮੀਂਹ। ਬੜੀ ਮੁਸ਼ਕਿਲ ਨਾਲ ਕਣਕ ਸਾਂਭੀ ਇਸ ਵਾਰ ਤਾਂ। ਝਾੜ ਵੀ ਘੱਟ ਆਇਆ ਮੇਰਾ।" ਮਾਸਟਰ ਅਵਤਾਰ ਸਿੰਘ ਨੇ ਪੱਤੇ ਫੈਂਟਦੇ ਹੋਏ ਜਵਾਬ ਦਿੱਤਾ, "ਜਦੋਂ ਆਪਾਂ ਰੱਬ ਦੇ ਪਿੱਛੇ ਪਏ ਆਂ, ਫਿਰ ਰੱਬ ਨੇ ਤਾਂ ਆਪਣੇ ਪਿੱਛੇ ਪੈਣਾ ਈ ਆਂ। ਨਾਲੇ ਇਹ ਮੌਸਮੀ ਬਦਲਾਅ ਕੁਦਰਤ ਨਾਲ ਛੇੜਛਾੜ ਦਾ ਨਤੀਜਾ ਆ। ਰੱਬ ਪਤਾ ਨਈਂ ਹੈ ਆ ਜਾਂ ਨਈਂ।" ਪਿਆਰਾ ਸਿੰਘ ਨੇ ਮੁੰਡੇ ਤੇਲੇ ਨੇ ਹੈਰਾਨੀ ਨਾਲ ਪੁੱਛਿਆ, "ਉਹ ਕਿਵੇਂ ਤਾਇਆ?" "ਉਹ ਇਸ ਤਰ੍ਹਾਂ ਕਿ ਜੇ ਇਨਸਾਨ ਕੁਦਰਤ ਨੂੰ ਨੁਕਸਾਨ ਪਹੁੰਚਾਵੇਗਾ, ਤਾਂ ਫਿਰ ਕੁਦਰਤ ਨੇ ਵੀ ਤਾਂ ਇਨਸਾਨ ਨੂੰ ਨੁਕਸਾਨ ਪਹੁੰਚਾਉਣਾ ਹੋਇਆ। ਚਲੋ ਕਿਸਾਨਾਂ ਦੀ ਇਹ ਗੱਲ ਤਾਂ ਕਿਸੇ ਹੱਦ ਤੱਕ ਮੰਨੀ ਜਾ ਸਕਦੀ ਹੈ ਕਿ ਝੋਨੇ ਦੀ ਰਹਿੰਦ-ਖੂੰਹਦ ਸੰਭਾਲਣੀ ਔਖੀ ਹੁੰਦੀ ਆ। ਪਰ ਲੋਕ ਤਾਂ ਕਣਕ ਵੇਲੇ ਵੀ ਹੱਦ ਕਰੀ ਜਾਂਦੇ ਆ। ਤੂੜੀ ਵਾਲੀ ਮਸ਼ੀਨ ਚਲਾਉਣ ਤੋਂ ਬਾਅਦ ਤਾਂ ਸਿਰਫ ਦੋ ਦੋ ਇੰਚ ਦੇ ਬੁੱਥੇ (ਕਰਚੇ) ਬਚਦੇ ਆ ਪਿੱਛੇ। ਉਨ੍ਹਾਂ ਨੂੰ ਅੱਗ ਲਗਾਉਣ ਦੀ ਕੀ ਲੋੜ ਆ? ਉਹ ਕਿਹੜੇ ਪੈਲੀ ਵਾਹੁਣ ਵੇਲੇ ਹੱਲਾਂ ਵਿਚ ਫਸਦੇ ਆ? ਅੱਗ ਲਾਉਣ ਨਾਲ ਇੱਕ ਤਾਂ ਆਰਗੈਨਿਕ ਤੱਤ ਤੇ ਮਿੱਤਰ ਕੀੜੇ ਸੜਦੇ ਆ ਤੇ ਦੂਸਰਾ ਜ਼ਮੀਨ ਬਰਬਾਦ ਹੁੰਦੀ ਆ। ਹੋਰ ਦਸਾਂ ਸਾਲਾਂ ਨੂੰ ਪੰਜਾਬ ਦੀ ਧਰਤੀ ਐਨੀ ਕਰੜੀ ਹੋ ਜਾਣੀ ਆ ਕਿ ਭੱਠੇ ਤੋਂ ਇੱਟਾਂ ਖਰੀਦਣ ਦੀ ਜ਼ਰੂਰਤ ਈ ਨਹੀਂ ਪਿਆ ਕਰਨੀ। ਸਿੱਧੀਆਂ ਖੇਤਾਂ ਵਿਚੋਂ ਈ ਪੁੱਟ ਲਿਆ ਕਰਿਉ ਭਾਵੇਂ।"

"ਤਾਇਆ ਤੂੰ ਤਾਂ ਬੱਸ ਕਿਸਾਨਾਂ ਦੇ ਪਿੱਛੇ ਈ ਪਿਆ ਰਿਹਾ ਕਰ। ਆ ਜਿਹੜਾ ਕਰੋੜਾਂ ਟਨ ਧੂੰਆਂ ਗੱਡੀਆਂ, ਕਾਰਖਾਨਿਆਂ ਤੇ ਭੱਠਿਆਂ ਵਿਚੋਂ ਨਿਕਲਦਾ ਆ, ਉਹ ਨਈਂ ਦਿਸਦਾ ਤੈਨੂੰ," ਬੁੱਚਿਆਂ ਦੇ ਲਾਲੂ ਨੇ ਖਿਝ ਕੇ ਕਿਹਾ। ਅਵਤਾਰ ਮਾਸਟਰ ਨੇ ਹਾਉਕਾ ਭਰ ਕੇ ਬੋਲਿਆ, "ਕਾਕਾ ਇਹੋ ਤਾਂ ਦੁੱਖ ਆ। ਅਸੀਂ ਹਮੇਸ਼ਾਂ ਦੂਸਰਿਆਂ ਦੀਆਂ ਭੈੜੀਆਂ ਆਦਤਾਂ ਅਪਨਾਉਣ ਨੂੰ ਪਹਿਲ ਦੇਂਦੇ ਆਂ ਤੇ ਚੰਗੇ ਬੰਦਿਆਂ ਦੇ ਕੰਮਾਂ ਵੱਲੋਂ ਅੱਖਾਂ ਬੰਦ ਕਰ ਲੈਂਦੇ ਆਂ। ਕਦੇ ਬਾਬੇ ਸੇਵਾ ਸਿੰਘ ਖਡੂਰ ਸਾਹਿਬ ਤੇ ਬਾਬੇ ਬਲਬੀਰ ਸਿੰਘ ਸੀਚੇਵਾਲ ਵਰਗਿਆਂ ਵਾਂਗ ਪੌਦੇ ਲਗਾ ਕੇ ਕੁਦਰਤ ਨੂੰ ਬਚਾਉਣ ਦੀ ਰੀਸ ਵੀ ਕਰ ਲਿਆ ਕਰੋ। ਤੇਰੇ ਵਰਗੇ ਜ਼ਾਹਿਲਾਂ ਨੇ ਪੌਦੇ ਲਗਾਉਣੇ ਤਾਂ ਕੀ ਸਨ, ਸਗੋਂ ਇਨ੍ਹਾਂ ਬਾਬਿਆਂ ਵੱਲੋਂ ਸੜਕਾਂ ਕਿਨਾਰੇ ਲਗਾਏ ਗਏ ਬੂਟੇ ਵੀ ਸੜ ਕੇ ਸਵਾਹ ਕਰ ਦਿੱਤੇ ਹਨ। ਕਈ ਤਾਂ ਐਨੇ ਮਹਾਂਮੂਰਖ ਹਨ, ਜੋ ਪਹਿਲਾਂ ਨਾੜ ਸਾੜ ਕੇ ਧਰਤੀ ਦੀ ਹਿੱਕ ਫੂਕਦੇ ਹਨ ਤੇ ਫਿਰ ਉਨ੍ਹਾਂ ਖੇਤਾਂ ਨੂੰ ਠੰਡੇ ਕਰਨ ਦੇ ਨਾਂ ਹੇਠ ਮੋਟਰਾਂ ਚਲਾ ਕੇ ਦੁਨੀਆਂ ਦੀ ਸਭ ਤੋਂ ਅਣਮੋਲ ਚੀਜ਼ ਪਾਣੀ ਦੀ ਬਰਬਾਦੀ ਕਰ ਰਹੇ ਹਨ।" ਮਾਸਟਰ ਦੀ ਗੱਲ ਸੁਣ ਕੇ ਸਾਰੇ ਆਸੇ-ਪਾਸੇ ਝਾਕਣ ਲੱਗ ਪਏ।

# ਐੱਸ. ਪੀ. ਸਾਹਿਬ ਦੇ ਬੈਂਗਣ

ਪਟਿਆਲੇ ਰੇਂਜ ਦੇ ਕਿਸੇ ਜ਼ਿਲ੍ਹੇ ਵਿਚ ਇੱਕ ਐੱਸ.ਪੀ. ਲੱਗਾ ਹੋਇਆ ਸੀ, ਜੋ ਖਾਣ-ਪੀਣ ਦਾ ਬਹੁਤ ਸ਼ੌਕੀਨ ਸੀ। ਇੱਕ ਦਿਨ ਉਸ ਦਾ ਇੱਕ ਵਾਕਿਫ ਉਸ ਨੂੰ ਘਰ ਉਗਾਏ ਹੋਏ ਦੋ-ਤਿੰਨ ਕਿੱਲੋ ਬੈਂਗਣ ਦੇ ਗਿਆ। ਗੂਹੜੇ ਨੀਲੇ ਗੋਲ-ਗੋਲ ਲਿਸ਼ਕਦੇ ਹੋਏ ਬੈਂਗਣ ਵੇਖ ਕੇ ਐੱਸ.ਪੀ. ਦੇ ਮੂੰਹ ਵਿਚ ਪਾਣੀ ਭਰ ਆਇਆ। ਪਹਿਲਾਂ ਤਾਂ ਉਸ ਨੇ ਸੋਚਿਆ ਕਿ ਪੁਲਿਸ ਲਾਈਨ ਵਿਚਲੀ ਸਰਕਾਰੀ ਕੋਠੀ ਵਿਚ ਹੀ ਬੈਂਗਣ ਪਕਾ ਕੇ ਖਾ ਲਏ ਜਾਣ। ਪਰ ਫਿਰ ਉਸ ਨੇ ਸੋਚਿਆ ਕਿ ਕੱਲ੍ਹ ਨੂੰ ਐਤਵਾਰ ਹੈ, ਅਜਿਹੇ ਆਰਗੈਨਿਕ ਬੈਂਗਣਾਂ ਨੂੰ ਪਰਿਵਾਰ ਵਿਚ ਬੈਠ ਕੇ ਖਾਣ ਦਾ ਮਜ਼ਾ ਹੀ ਕੁਝ ਹੋਰ ਹੈ। ਉਸ ਦਾ ਪਰਿਵਾਰ ਲੁਧਿਆਣੇ ਰਹਿੰਦਾ ਸੀ। ਉਸ ਨੇ ਆਪਣੀ ਪਤਨੀ ਨੂੰ ਫੋਨ ਕਰ ਕੇ ਦੱਸਿਆ ਕਿ ਅੱਜ ਮੈਂ ਸ਼ੁੱਧ ਆਰਗੈਨਿਕ ਬੈਂਗਣ ਭੇਜ ਰਿਹਾ ਹਾਂ, ਤੁਸੀਂ ਕੱਲ੍ਹ ਨੂੰ ਦੁਪਹਿਰ ਦੇ ਖਾਣੇ ਵਾਸਤੇ ਬੈਂਗਣਾਂ ਦਾ ਕਰਾਰਾ ਜਿਹਾ ਭੜਥਾ ਬਣਾ ਲੈਣਾ।

ਫੋਨ ਕਰਨ ਤੋਂ ਬਾਅਦ ਉਸ ਨੇ ਆਪਣੇ ਸਭ ਤੋਂ ਖਾਸ ਗੰਨਮੈਨ ਕਰਨੈਲ ਕੁੰਡੀ ਨੂੰ ਬੈਂਗਣ ਦੇ ਕੇ ਲੁਧਿਆਣੇ ਦੀ ਬੱਸ ਚੜ੍ਹਾ ਦਿੱਤਾ। ਕੁੜਿੱਕੀ ਸ਼ਰਾਬ ਪੀਣ ਦਾ ਬੇਹੱਦ ਸ਼ੌਕੀਨ ਸੀ। ਜਦੋਂ ਉਹ ਲੁਧਿਆਣੇ ਬੱਸ ਅੱਡੇ ਤੋਂ ਬਾਹਰ ਨਿਕਲਿਆ, ਤਾਂ ਉਸ ਨੂੰ ਮਹਿਕਮੇ ਦੇ ਕੁਝ ਪੁਰਾਣੇ ਯਾਰ-ਦੋਸਤ ਮਿਲ ਗਏ। ਉਹ ਟਰੈਫਿਕ ਵਿਚ ਲੱਗੇ ਹੋਏ ਸਨ ਤੇ ਸਵੇਰ ਤੋਂ ਲਗਾਏ ਨਾਕੇ ਕਾਰਨ ਜ਼ੇਬਾਂ ਗਰਮ ਸਨ। ਉਨ੍ਹਾਂ ਨੇ ਪੈੱਗ ਪਿਆਲੇ ਦੀ ਸੁਲ੍ਹਾ ਮਾਰੀ, ਤਾਂ ਕੁੰਡੀ ਦੀਆਂ ਵਰਾਛਾਂ ਖਿੜ ਗਈਆਂ। ਉਸ ਨੇ ਝੱਟ ਹਾਂ ਕਰ ਦਿੱਤੀ। ਉਹ ਬੱਸ ਸਟੈਂਡ ਦੇ ਸਾਹਮਣੇ ਹੀ ਇੱਕ ਅਹਾਤੇ ਵਿਚ ਬੈਠ ਕੇ ਮੁਰਗ-ਮੁਸੱਲਮ ਨਾਲ ਦਾਰੂ ਪੀਣ ਲੱਗ ਪਏ। ਦਾਰੂ ਨਾਲ ਟੱਲੀ ਹੋ ਕੇ ਕੁੰਡੀ ਨੇ ਸਾਥੀਆਂ ਤੋਂ ਵਿਦਾ ਲਈ ਤੇ ਰਿਕਸ਼ੇ 'ਤੇ ਬੈਠ ਕੇ ਐੱਸ.ਪੀ. ਦੇ ਘਰ ਵੱਲ ਚੱਲ ਪਿਆ। ਜਦੋਂ ਉਹ ਘਰ ਦੇ ਨਜ਼ਦੀਕ ਪਹੁੰਚਿਆ ਤਾਂ ਉਸ ਨੂੰ ਚੇਤਾ ਆਇਆ ਕਿ ਬੈਂਗਣਾਂ ਵਾਲਾ ਝੋਲਾ ਤਾਂ ਉਹ ਅਹਾਤੇ ਵਿਚ ਹੀ ਭੁੱਲ ਆਇਆ ਹੈ। ਉਸ ਨੇ ਫਟਾਫਟ ਇੱਕ ਰੇਹੜੀ ਤੋਂ ਚੰਗੇ ਮਾੜੇ ਚਾਰ ਕਿੱਲੋ ਬੈਂਗਣ ਲਏ ਤੇ ਬੀਬੀ ਜੀ ਫੜਾ ਕੇ ਖਿਸਕਣ ਦੀ ਕੀਤੀ।

ਅਗਲੇ ਦਿਨ ਐੱਸ.ਪੀ. ਵੀ ਭੜਥੇ ਦੇ ਸੁਪਨੇ ਲੈਂਦਾ ਹੋਇਆ ਘਰ ਪਹੁੰਚ ਗਿਆ। ਜਦੋਂ ਉਸ ਨੇ ਲੰਚ ਵੇਲੇ ਬੈਂਗਣਾਂ ਦੀ ਡਿਸ਼ ਵੇਖੀ, ਤਾਂ ਸੜ ਬਲ ਕੇ ਕੋਲਾ ਹੋ ਗਿਆ। ਅਗਲੇ ਦਿਨ ਵਾਪਸ ਆ ਕੇ ਉਸ ਨੇ ਕੁੰਡੀ ਦੀ ਪੇਸ਼ੀ ਮੰਗ ਲਈ, "ਉਏ ਕੁੰਡੀ, ਕੱਲ੍ਹ ਤੈਨੂੰ ਬੈਂਗਣ ਦੇ ਕੇ ਭੇਜਿਆ ਸੀ। ਕਿੱਥੇ ਗਏ ਉਹ?" ਕੁੰਡੀ ਨੇ ਸਮਝਿਆ ਸਾਹਿਬ ਸ਼ਾਇਦ ਮਜ਼ਾਕ ਕਰ ਰਹੇ ਹਨ। ਉਹ ਹੀਂ-ਹੀਂ ਕਰ ਕੇ ਬੋਲਿਆ, "ਜ਼ਨਾਬ, ਬੈਂਗਣ ਤਾਂ ਮੈਂ ਕੱਲ੍ਹ ਹੀ ਦੇ ਆਇਆ ਸੀ ਲੁਧਿਆਣੇ ਪੂਰੀ ਹਿਫਾਜ਼ਤ ਨਾਲ। ਸਗੋਂ ਬੀਬੀ ਜੀ ਨੇ ਖੁਦ ਫੜੇ ਸਨ।" "ਭੂਤਨੀ ਦਿਆਂ ਮੈਨੂੰ ਬੇਵਕੂਫ ਬਣਾਉਂਦਾ ਆਂ? ਮੈਂ ਤੈਨੂੰ ਗੋਲ ਬੈਂਗਣ ਦੇ ਕੇ ਤੋਰਿਆ ਸੀ ਭੜਥੇ ਵਾਲੇ। ਉਹ ਲੁਧਿਆਣੇ ਪਹੁੰਚਦੇ-ਪਹੁੰਚਦੇ ਗੋਲ ਤੋਂ ਲੰਬੇ ਕਿੱਦਾਂ ਬਣ ਗਏ ਉਏ," ਐੱਸ.ਪੀ. ਨੇ ਪੇਪਰ ਵੇਟ ਖਿੱਚ ਕੇ ਕੁੰਡੀ ਦੇ ਸਿਰ 'ਚ ਮਾਰਿਆ। ਪਰ ਕੁੰਡੀ ਖਤਰਾ ਭਾਸ ਕੇ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਕੇ ਫਰਾਰ ਹੋ ਚੁੱਕਾ ਸੀ।

**-ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ :**
**95011-00062**
**(Punjab Mail USA)**

# ਉਰਦੂ ਕਹਾਣੀ ਦਾ ਪੰਜਾਬੀ ਅਨੁਵਾਦ:-

# "ਕਾਜ਼ੀ ਦਾ ਅਨੋਖਾ ਨਿਆਂ"


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਇੱਕ ਸ਼ਖ਼ਸ ਆਪਣੇ ਘਰੋਂ ਇੱਕ ਮੁਰਗਾ ਲੈ ਕੇ ਕਸਾਈ ਦੀ ਦੁਕਾਨ 'ਤੇ ਗਿਆ ਅਤੇ ਉਸ ਨੂੰ ਕਹਿੰਦਾ ਹੈ, ਇਸ ਨੂੰ ਕੱਟ ਕੇ ਮੀਟ ਬਣਾ ਦਿਉ, ਮੈਂ ਤੁਹਾਨੂੰ ਇਸ ਦਾ ਮਿਹਨਤਾਨਾ ਦੇ ਦਿਆਂਗਾ। ਕਸਾਈ ਨੇ ਮੁਰਗਾ ਹਲਾਲ ਕੀਤਾ ਅਤੇ ਉਸ ਦੇ ਟੁਕੜੇ ਕਰਕੇ ਲਿਫਾਫੇ ਵਿਚ ਪਾ ਕੇ ਉਸ ਵਿਅਕਤੀ ਵੱਲ ਵਧਾਏ, ਤਾਂ ਵਿਅਕਤੀ ਕਹਿਣ ਲੱਗਾ ਕਿ ਕੁਝ ਦੇਰ ਇਹ ਇਥੇ ਹੀ ਰੱਖ ਲਵੋ, ਮੈਂ ਬਜ਼ਾਰੋਂ ਹੋਰ ਸਮਾਨ ਲੈ ਕੇ ਵਾਪਸੀ 'ਤੇ ਇਸ ਨੂੰ ਲੈ ਜਾਵਾਂਗਾ। ਉਹ ਵਿਅਕਤੀ ਏਨਾ ਕਹਿ ਕੇ ਚੰਦ ਕਦਮ ਹੀ ਗਿਆ ਹੋਵੇਗਾ ਕਿ ਉਥੇ ਕਾਜ਼ੀ ਸਾਹਿਬ ਆ ਗਏ ਤੇ ਕਸਾਈ ਨੂੰ ਕਹਿੰਦੇ ਮੈਨੂੰ ਮੀਟ ਚਾਹੀਦਾ ਹੈ, ਤਾਂ ਕਸਾਈ ਨੇ ਕਿਹਾ ਕਿ ਮੇਰੇ ਕੋਲ ਮੀਟ ਖਤਮ ਹੋ ਗਿਆ ਹੈ। ਕਾਜ਼ੀ ਸਾਹਿਬ ਕਹਿੰਦੇ ਕਿ ਬੰਦਿਆਂ ਵਾਲੀ ਗੱਲ ਕਰ ਤੂੰ ਮੈਨੂੰ ਜਾਣਦੇ ਹੋਏ ਵੀ ਸਾਹਮਣੇ ਮੀਟ ਪਿਆ ਹੋਣ ਦੇ ਬਾਵਜੂਦ ਕਹਿ ਰਿਹੈਂ ਕਿ ਮੀਟ ਨਹੀਂ ਹੈ। ਕਸਾਈ ਨੇ ਹੱਥ ਜੋੜੇ ਤੇ ਕਹਿੰਦਾ, ਕਾਜ਼ੀ ਸਾਹਿਬ ਮੈਂ ਅਜਿਹੀ ਹਿਮਾਕਤ ਨਹੀਂ ਕਰ ਸਕਦਾ, ਇਹ ਮੀਟ ਕਿਸੇ ਦਾ ਮੁਰਗਾ ਜਿਬ੍ਹਾ ਕਰਕੇ ਬਣਾ ਕੇ ਹਟਿਆ ਹਾਂ, ਹੁਣੇ ਉਹ ਇਸ ਨੂੰ ਲੈਣ ਆ ਰਿਹਾ ਹੈ, ਪਰ ਉਸਦੇ ਤਰਲੇ ਨੂੰ ਅਣਸੁਣਿਆ ਕਰਕੇ ਕਾਜ਼ੀ ਇਸ ਗੱਲ 'ਤੇ ਅੜ ਗਿਆ ਕਿ ਇਹ ਮੀਟ ਤਾਂ ਮੈਂ ਲੈ ਕੇ ਹੀ ਜਾਣਾ ਹੈ, ਉਸ ਨੂੰ ਬਹਾਨਾ ਲਾ ਦੇਵੀਂ ਕਿ ਮੁਰਗਾ ਉੱਡ ਗਿਆ ਹੈ ਜਾਂ ਦੌੜ ਗਿਆ ਹੈ ਪਰ ਮੈਂ ਇਸ ਨੂੰ ਲੈ ਕੇ ਹੀ ਜਾਣਾ ਹੈ। ਕਸਾਈ ਨੇ ਫਿਰ ਹੱਥ ਜੋੜੇ ਤੇ ਕਹਿਣ ਲੱਗਾ, ਜੋ ਸ਼ਖ਼ਸ ਆਪਣੇ ਸਾਹਮਣੇ ਕਟਾ ਕੇ ਗਿਆ ਹੈ, ਮੈਂ ਉਸ ਨੂੰ ਕਿਹੜੇ ਮੂੰਹ ਨਾਲ ਕਹਾਂ ਕਿ ਮੁਰਗਾ ਉੱਡ ਗਿਆ ਹੈ। ਕਾਜ਼ੀ ਕਹਿੰਦਾ ਹੈ, ਜੇ ਉਹ ਵਿਅਕਤੀ ਜ਼ਿਆਦਾ ਤਿੜ-ਫਿੜ ਕਰੇ, ਤਾਂ ਕੇਸ ਮੇਰੇ ਕੋਲ ਆਵੇਗਾ, ਫੈਸਲਾ ਤਾਂ ਮੈਂ ਹੀ ਕਰਨਾ ਹੈ, ਆਪੇ ਵੇਖ ਲਵਾਂਗਾ। ਨਾ ਚਾਹੁੰਦੇ ਹੋਏ ਵੀ ਮਜਬੂਰੀ ਵਿਚ ਫਸੇ ਕਸਾਈ ਨੇ ਮੁਰਗਾ ਕਾਜ਼ੀ ਨੂੰ ਫੜਾ ਦਿੱਤਾ ਤੇ ਚਿੰਤਾ ਵਿਚ ਡੁੱਬ ਗਿਆ ਕਿ ਇਨ੍ਹਾਂ ਵੱਡੇ ਲੋਕਾਂ ਦਾ ਕੀ ਪਤਾ ਕੀ ਕਰਨ, ਮੈਂ ਖਾਹ-ਮਖਾਹ ਫਸ ਗਿਆ ਹਾਂ। ਅਜੇ ਉਹ ਯੱਕੋ-ਤੱਕੀਆਂ ਵਿਚ ਹੀ ਫਸਿਆ ਹੋਇਆ ਸੀ ਕਿ ਮੁਰਗੇ ਦਾ ਮਾਲਕ ਆ ਗਿਆ ਤੇ ਲਿਫਾਫੇ ਦੀ ਮੰਗ ਕੀਤੀ। ਕਸਾਈ ਉਸ ਨੂੰ ਕਹਿੰਦਾ, ਭਾਈ ਉਹ ਮੁਰਗਾ ਤਾਂ ਉੱਡ ਗਿਆ ਹੈ। ਉਹ ਕਹਿੰਦਾ, ਤੇਰਾ ਦਿਮਾਗ ਠੀਕ ਹੈ ਕਿ ਖਰਾਬ? ਮਰਿਆ ਮੁਰਗਾ ਕਿਥੇ ਉੱਡ ਗਿਆ? ਅਕਲ ਨੂੰ ਹੱਥ ਮਾਰ। ਕਸਾਈ ਨੇ ਫਿਰ ਕਿਹਾ, ਤੂੰ ਤਲਾਸ਼ੀ ਲੈ ਲੈ, ਮੁਰਗਾ ਇਥੇ ਹੈ ਹੀ ਨਹੀਂ। ਮੁਰਗੇ ਵਾਲਾ ਆਦਮੀ ਪ੍ਰੇਸ਼ਾਨ ਹੋ ਕੇ ਕਹਿੰਦਾ ਕਿ ਤੂੰ ਮੁਰਗਾ ਵੇਚ ਲਿਆ ਹੋਵੇਗਾ, ਮੈਂ ਤਲਾਸ਼ੀ ਦੇ ਚੱਕਰ ਵਿਚ ਨਹੀਂ ਪੈਣਾ, ਵਰਨਾਂ ਮੈਂ ਤੈਨੂੰ ਕਾਜ਼ੀ ਸਾਹਿਬ ਕੋਲ ਲੈ ਕੇ ਜਾਵਾਂਗਾ। ਕਸਾਈ ਕਹਿੰਦਾ, ਲੈ ਚੱਲ ਭਾਈ ਜਿੱਥੇ ਮਰਜ਼ੀ। ਇਸ 'ਤੇ ਉਹ ਆਦਮੀ ਕਸਾਈ ਨੂੰ ਨਾਲ ਲੈ ਕੇ ਕਾਜ਼ੀ ਵੱਲ ਚੱਲ ਪਿਆ। ਰਸਤੇ ਵਿਚ ਦੋ ਆਦਮੀ ਲੜ ਰਹੇ ਸਨ, ਕਸਾਈ ਉਨ੍ਹਾਂ ਨੂੰ ਛੁਡਾਉਣ ਲੱਗਾ, ਤਾਂ ਉਨ੍ਹਾਂ ਵਿਚੋਂ ਇੱਕ ਦੀ ਅੱਖ ਵਿਚ ਕਸਾਈ ਦੀ ਉਂਗਲ ਲੱਗ ਗਈ ਤੇ ਉਸ ਦਾ ਡੇਲਾ ਨਿਕਲ ਗਿਆ। ਕੁਝ ਲੋਕ ਕਹਿ ਰਹੇ ਸਨ ਕਿ ਕਸਾਈ ਦੇ ਹੱਥ ਵਿਚ ਛੁਰੀ ਸੀ, ਉਸ ਨਾਲ ਅੱਖ ਨਿਕਲੀ ਹੈ ਪਰ ਉਸ ਪੀੜਤ ਆਦਮੀ ਨੇ ਕਿਹਾ, ਚੱਲ ਤੈਨੂੰ ਕਾਜ਼ੀ ਕੋਲ ਲੈ ਕੇ ਚੱਲਦਾ ਹਾਂ, ਤਾਂ ਕਸਾਈ ਕਹਿੰਦਾ, ਭਰਾਵਾ ਮੈਂ ਤਾਂ ਪਹਿਲਾਂ ਹੀ ਕਾਜ਼ੀ ਕੋਲ ਜਾ ਰਿਹਾ ਹਾਂ, ਤੂੰ ਵੀ ਚੱਲ ਨਾਲ ਹੀ ਤੇ ਉਹ ਅੱਖ ਨਿਕਲੀ ਵਾਲਾ ਆਦਮੀ ਵੀ ਨਾਲ ਤੁਰ ਪਿਆ। ਹੁਣ ਕਸਾਈ ਭੈ ਭੀਤ ਸੀ ਕਿ ਕਾਜ਼ੀ ਕਿੰਨੀ ਕੁ ਮਦਦ ਕਰੇਗਾ? ਇਨ੍ਹਾਂ ਯੱਕੋ-ਤੱਕੀਆਂ ਵਿਚ ਜਾਂਦਾ ਕਸਾਈ ਭੱਜ ਕੇ ਇੱਕ ਮੀਨਾਰ 'ਤੇ ਚੜ੍ਹ ਗਿਆ ਅਤੇ ਖੁਦਕੁਸ਼ੀ ਕਰਨ ਦੇ ਮਨਸੂਬੇ ਨਾਲ ਮੀਨਾਰ ਤੋਂ ਛਾਲ ਮਾਰ ਦਿੱਤੀ। ਕਰਨੀ ਰੱਬ ਦੀ, ਕਸਾਈ ਇੱਕ ਰਾਹਗੀਰ ਬਜ਼ੁਰਗ ਉਤੇ ਡਿੱਗ ਪਿਆ, ਜਿਸ ਨਾਲ ਕਸਾਈ ਤਾਂ ਬਚ ਗਿਆ ਪਰ ਰਾਹਗੀਰ ਬਜ਼ੁਰਗ ਖੁਦਾ ਨੂੰ ਪਿਆਰਾ ਹੋ ਗਿਆ। ਹੁਣ ਉਸ ਬਜ਼ੁਰਗ ਦਾ ਪੁੱਤਰ ਵੀ ਕਸਾਈ ਨੂੰ ਕਾਜ਼ੀ ਦੀ ਕਚਿਹਰੀ ਵਿਚ ਪੇਸ਼ ਕਰਨ ਤੁਰ ਪਿਆ। ਜਦ ਤਿੰਨਾਂ ਨੇ ਆਪਣੀ-ਆਪਣੀ ਸ਼ਿਕਾਇਤ ਕਾਜ਼ੀ ਸਾਹਿਬ ਨੂੰ ਦੱਸੀ, ਤਾਂ ਕਾਜ਼ੀ ਸਾਹਿਬ ਨੇ ਸਭ ਤੋਂ ਪਹਿਲਾਂ ਮੁਰਗੇ ਵਾਲੇ ਨੂੰ ਕਿਹਾ ਕਿ ਕਹਿ ਰਿਹਾ ਹੈਂ ਕਿ ਕਸਾਈ ਨੇ ਤੈਨੂੰ ਕਿਹਾ ਹੈ ਕਿ ਤੇਰਾ ਮੁਰਗਾ ਉੱਡ ਗਿਆ ਹੈ ਤੇ ਕਹਿ ਰਿਹਾ ਹੈਂ ਕਿ ਜਿਬ੍ਹਾ ਕੀਤਾ ਹੋਇਆ ਮੁਰਗਾ ਉੱਡ ਨਹੀਂ ਸਕਦਾ, ਕੀ ਤੂੰ ਇਸਲਾਮ ਧਰਮ ਨੂੰ ਨਹੀਂ ਮੰਨਦਾ। ਇਸ 'ਤੇ ਮੁਰਗੇ ਵਾਲਾ ਆਦਮੀ ਕਹਿੰਦਾ, ਹਜ਼ੂਰ ਮੈਂ ਇੱਕ ਮੁਸਲਮਾਨ ਹਾਂ, ਮੈਂ ਇਸਲਾਮ ਨੂੰ ਕਿਉਂ ਨਹੀਂ ਮੰਨਦਾ। ਤਾਂ ਕਾਜ਼ੀ ਸਾਹਿਬ ਕਹਿਣ ਲੱਗੇ ਤੈਨੂੰ ਪਤਾ ਹੈ ਕਿ ਨਬੀ ਪਾਕ ਨੇ ਕਿਹਾ ਹੈ ਕਿ ਮ੍ਰਿਤਕ ਸਰੀਰ ਉੱਠਦਾ ਸਕਦਾ ਹੈ। ਇੱਕ ਦਿਨ ਸਾਰੇ ਮੁਰਦੇ ਉੱਠ ਪੈਣਗੇ ਪਰ ਤੂੰ ਮੁਰਗੇ ਦੇ ਉੱਡਣ ਨੂੰ ਚੈਲਿੰਜ ਕਰਕੇ ਇਸਲਾਮ ਦੀ ਤੌਹੀਨ ਕਰ ਰਿਹੈਂ ਜਾਂ ਤਾਂ ਆਪਣੀ ਗੱਲ ਦੀ ਕਸਾਈ ਕੋਲੋਂ ਮੁਆਫੀ ਮੰਗ ਅਤੇ ਅੱਗੇ ਤੋਂ ਅਜਿਹੀ ਹਰਕਤ ਕਰਨ ਤੋਂ ਤੌਬਾ ਕਰ, ਨਹੀਂ ਤੇ ਸ਼ਰ੍ਹਾ ਅਨੁਸਾਰ ਤੈਨੂੰ ਧਰਮ ਵਿਚੋਂ ਫਾਰਿਗ ਕਰ ਦਿਆਂਗਾ ਤੇ ਇੱਕ ਕਾਫਰ ਦੀ ਜ਼ਿੰਦਗੀ ਕਿਹੋ ਜਿਹੀ ਹੁੰਦੀ ਹੈ, ਤੂੰ ਜਾਣਦਾ ਹੈਂ। ਇਸਲਾਮ ਵਿਚੋਂ ਨਿਕਾਲਾ ਦੇਣ ਦੀ ਗੱਲ ਸੁਣ ਕੇ ਉਹ ਵਿਅਕਤੀ ਕੰਬ ਗਿਆ ਅਤੇ ਇੱਕ ਮੁਰਗੇ ਬਦਲੇ ਏਨੀ ਵੱਡੀ ਸਜ਼ਾ ਪਾਉਣ ਦੀ ਗੱਲ ਸੁਣ ਕੇ ਕਸਾਈ ਕੋਲੋਂ ਮੁਆਫ਼ੀਆਂ ਮੰਗਣ ਲੱਗਾ। ਹੁਣ ਕਾਜ਼ੀ ਸਾਹਿਬ ਨੇ ਅੱਖ ਵਾਲਾ ਕੇਸ ਸ਼ੁਰੂ ਕੀਤਾ ਤੇ ਪੀੜਤ ਵਿਅਕਤੀ ਨੂੰ ਕਹਿਣ ਲੱਗੇ ਤੇਰੀ ਅੱਖ ਨਿਕਲਣ ਦਾ ਮੈਨੂੰ ਡਾਢਾ ਰੰਜ ਹੈ ਤੇ ਹਮਦਰਦੀ ਵੀ, ਤੂੰ ਆਪਣੇ ਦੁੱਖ ਦਾ ਅੱਧਾ ਦੁੱਖ ਕਸਾਈ ਨੂੰ ਦੇ ਸਕਦਾ ਹੈਂ, ਭਾਵ ਕਸਾਈ ਦੀ ਇੱਕ ਅੱਖ ਕੱਢ ਦੇ ਪਰ ਜਿੰਨਾਂ ਨੁਕਸਾਨ ਤੇਰਾ ਹੋਇਆ ਹੈ, ਉਸ ਤੋਂ ਅੱਧੀ ਸਜ਼ਾ ਤੂੰ ਉਸ ਨੂੰ ਦੇ ਸਕਦਾ ਹੈਂ, ਇਸ ਲਈ ਤੂੰ ਆਪਣੀ ਦੂਜੀ ਅੱਖ ਵੀ ਕਸਾਈ ਕੋਲੋਂ ਕਢਵਾ ਲੈ ਤੇ ਅਸੀਂ ਕਸਾਈ ਦੀ ਇੱਕ ਅੱਖ ਕੱਢ ਕੇ ਉਸ ਨੂੰ ਸਜਾ ਦੇ ਦੇਂਦੇ ਹਾਂ। ਉਸ ਆਦਮੀ ਨੇ ਕਿਹਾ ਕਿ ਮੈਂ ਕਸਾਈ ਨੂੰ ਕਾਣਾ ਕਰਨ ਵਾਸਤੇ ਖੁਦ ਅੰਨ੍ਹਾ ਹੋ ਜਾਵਾਂ, ਇਹ ਕਿਹੜੀ ਅਕਲਮੰਦੀ ਹੈ? ਲਿਹਾਜ਼ਾ ਉਸ ਨੇ ਵੀ ਕਸਾਈ ਨੂੰ ਮੁਆਫ ਕਰ ਦਿੱਤਾ। ਹੁਣ ਵਾਰੀ ਆਈ ਮ੍ਰਿਤਕ ਬਜ਼ੁਰਗ ਦੇ ਕੇਸ ਦੀ, ਕਾਜ਼ੀ ਸਾਹਿਬ ਕਹਿੰਦੇ ਕਿ ਤੇਰੇ ਅੱਬੂ ਜੀ ਦੇ ਫੌਤ ਹੋਣ ਦਾ ਮੈਨੂੰ ਡਾਢਾ ਦੁੱਖ ਹੈ ਤੇ ਕਸਾਈ ਨੂੰ ਮੌਤ ਬਦਲੇ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਇਸ ਨੂੰ ਉਸੇ ਮੀਨਾਰ ਕੋਲ ਲਿਜਾਣ ਦਾ ਹੁਕਮ ਦਿੱਤਾ ਜਾਂਦਾ ਹੈ, ਤੂੰ ਮੀਨਾਰ ਦੇ ਉਤੇ ਚੜ੍ਹ ਕੇ ਛਾਲ ਮਾਰ, ਇਸ ਨੂੰ ਅਸੀਂ ਹੇਠਾਂ ਦੀ ਲੰਘਾਂਵਾਂਗੇ, ਤੂੰ ਇਸ ਦੇ ਉਤੇ ਡਿੱਗੇਂਗਾ ਤੇ ਇਸ ਦਾ ਕੰਮ ਤਮਾਮ ਹੋ ਜਾਵੇਗਾ। ਉਹ ਆਦਮੀ ਕਹਿੰਦਾ, ਜਨਾਬ ਮੈਨੂੰ ਇਹ ਫੈਸਲਾ ਮਨਜ਼ੂਰ ਨਹੀਂ ਹੈ, ਮੈਂ ਕੇਸ ਵਾਪਸ ਲੈਂਦਾ ਹਾਂ ਕਿਉਂਕਿ ਮੈਂ ਛਾਲ ਮਾਰਾਂ ਇਹ ਇੱਕ-ਦੋ ਇੰਚ ਅੱਗੇ ਪਿੱਛੇ ਹੋ ਜਾਵੇ, ਮੇਰੀਆਂ ਹੱਡੀਆਂ ਦਾ ਤਾਂ ਚੂਰਮਾ ਹੋ ਜਾਵੇਗਾ। ਹੁਣ ਕਾਜ਼ੀ ਸਾਹਿਬ ਨੇ ਤਿੰਨਾਂ ਕੇਸਾਂ ਵਿਚ ਸਜ਼ਾ ਵੀ ਸੁਣਾ ਦਿੱਤੀ, ਨਾਲੇ ਕਸਾਈ ਦੇ ਮੁਰਗੇ ਦੀ ਕੀਮਤ ਵੀ ਬਾਖੂਬੀ ਅਦਾ ਕਰ ਦਿੱਤੀ। ਜਿਸ ਮੁਲਕ ਵਿਚ ਵੀ ਇਹ ਨਿਆਂ ਹੋ ਰਹੇ ਹਨ, ਉਸ ਦਾ ਅੱਲਾ ਹੀ ਬੇਲੀ ਹੈ।

## 6 ਜੂਨ ਅਪ੍ਰੇਸ਼ਨ ਬਲਿਊ ਸਟਾਰ 'ਤੇ ਵਿਸ਼ੇਸ਼ ਲੇਖ

# ਖ਼ੂਨ ਨਾਲ ਭਿੱਜਿਆ ਤੀਜਾ ਘੱਲੂਘਾਰਾ




ਸੁਖਵਿੰਦਰ ਸਿੰਘ ਮੁੱਲਾਂਪੁਰ

ਵ.ਅੱਪ.: +91-99141-84794

(Punjab Mail USA)




ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਸਿੱਖਾਂ 'ਤੇ ਅਜਿਹੇ ਖ਼ੂਨੀ ਕਾਂਢ ਵਰਤਾਏ, ਜੋ ਨਾ ਭੁੱਲਣਯੋਗ ਬਣ ਕੇ ਰਹਿ ਗਏ। ਪਹਿਲਾ ਘੱਲੂਘਾਰਾ 1746 ਵਿਚ ਕਾਹਨੂੰਵਾਨ (ਗੁਰਦਾਸਪੁਰ) ਦੀ ਧਰਤੀ 'ਤੇ ਵਾਪਰਿਆ। ਦੂਸਰਾ ਘੱਲੂਘਾਰਾ 1762 ਈ: ਵਿਚ ਕੁੱਪਰਹੀੜਾ (ਮਲੇਰਕੋਟਲਾ) ਦੀ ਧਰਤੀ 'ਤੇ ਵਾਪਰਿਆ। ਤੀਜਾ ਘੱਲੂਘਾਰਾ ਸਿੱਖਾਂ ਦੇ 37 ਇਤਿਹਾਸਿਕ ਗੁਰਦੁਆਰਿਆਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵਾਪਰਿਆ, ਜਿੱਥੇ ਸਰੋਵਰ ਦਾ ਸਾਰਾ ਅੰਮ੍ਰਿਤ ਜਲ ਖ਼ੂਨ ਨਾਲ ਲਾਲ ਹੋ ਗਿਆ ਸੀ, ਦਰਬਾਰ ਸਾਹਿਬ ਦੀ ਪ੍ਰਕਿਰਮਾਂ ਅਤੇ ਸਰਾਵਾਂ ਵਿਚ ਲਾਸ਼ਾਂ ਦੇ ਢੇਰ ਲੱਗ ਗਏ ਸਨ।

1 ਜੂਨ 1984 ਨੂੰ ਸੀ.ਆਰ.ਪੀ.ਐੱਫ. ਵਲੋਂ ਸਵੇਰੇ 12 ਵੱਜ ਕੇ 40 ਮਿੰਟ 'ਤੇ ਸ੍ਰੀ ਦਰਬਾਰ ਸਾਹਿਬ ਵੱਲ ਗੋਲੀ ਚੱਲਣੀ ਸ਼ੁਰੂ ਹੋ ਗਈ ਸੀ। ਇਹ ਰੁੱਕ-ਰੁੱਕ ਕੇ ਲਗਾਤਾਰ 7 ਘੰਟੇ ਚੱਲਦੀ ਰਹੀ, ਜੋ ਸ਼ਾਮ ਨੂੰ ਲਗਭਗ 8 ਵੱਜ ਕੇ 15 ਮਿੰਟ 'ਤੇ ਚਲਣੀ ਬੰਦ ਹੋਈ। ਇਸ ਅੰਨੇਵਾਹ ਫਾਇਰਿੰਗ ਨਾਲ ਸ੍ਰੀ ਦਰਬਾਰ ਸਾਹਿਬ ਦੇ ਸੁਨਿਹਰੀ ਗੁੰਬਦ 'ਤੇ ਵੀ 32 ਨਿਸ਼ਾਨ ਪੈ ਗਏ ਸਨ। ਇਸ ਗੋਲਾਬਾਰੀ ਨਾਲ 11 ਆਦਮੀਆਂ ਦੇ ਮਰਨ ਅਤੇ ਦਰਜਨਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਸੁਣਾਈ ਗਈ। ਸਾਰੇ ਪੰਜਾਬ ਵਿਚ ਰਾਤ 9 ਵਜੇ ਤੋਂ 32 ਘੰਟੇ ਦਾ ਕਰਫ਼ਿਊ ਲਗਾ ਦਿੱਤਾ ਗਿਆ ਸੀ।

2 ਜੂਨ ਨੂੰ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਕਮਰਾ ਨੰਬਰ 40 ਵਿਚ ਚਾਰ-ਪੰਜ ਲਾਸ਼ਾਂ ਰੱਖੀਆਂ ਹੋਈਆਂ ਸਨ। ਉਨ੍ਹਾਂ ਲਾਸ਼ਾਂ ਉਪਰ ਉਨ੍ਹਾਂ ਦੀਆਂ ਦਸਤਾਰਾਂ ਦਿੱਤੀਆਂ ਹੋਈਆਂ ਸਨ। ਉਨ੍ਹਾਂ ਨੂੰ ਪੁਲਿਸ ਆ ਕੇ ਪੋਸਟ ਮਾਰਟਮ ਲਈ ਲੈ ਗਈ ਪਰ ਭਾਈ ਮਹਿੰਗਾਂ ਸਿੰਘ ਬੱਬਰ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਸਾਥੀਆਂ ਦੀਆਂ ਲਾਸ਼ਾਂ ਨਾ ਦਿੱਤੀਆਂ ਗਈਆਂ। ਮਹਿੰਗਾ ਸਿੰਘ ਦਾ ਸਸਕਾਰ ਮੰਜੀ ਸਾਹਿਬ ਦੇ ਨਜ਼ਦੀਕ ਅਤੇ ਅਤੇ ਚਾਰ-ਪੰਜ ਜਾਣਿਆਂ ਦਾ ਸਸਕਾਰ ਸ੍ਰੀ ਗੁਰੂ ਰਾਮਦਾਸ ਲੰਗਰ ਦੇ ਨਜ਼ਦੀਕ ਕੀਤਾ ਗਿਆ। 2 ਜੂਨ ਨੂੰ ਫ਼ੌਜਾਂ ਬਹੁਤ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਵੱਲ ਨੂੰ ਆ ਰਹੀਆਂ ਸਨ।

3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸੀ, ਭਾਰੀ ਗਿਣਤੀ ਵਿਚ ਸੰਗਤਾਂ ਦੇ ਪਹੁੰਚਣ ਨੂੰ ਵੇਖਦਿਆਂ ਪੁਲਿਸ ਅਫ਼ਸਰਾਂ ਦੇ ਕਹਿਣ ਦੇ ਬਾਵਜੂਦ ਅੰਮ੍ਰਿਤਸਰ ਦੇ ਡੀ.ਸੀ. ਗੁਰਦੇਵ ਸਿੰਘ ਬਰਾੜ ਨੇ ਕਰਫ਼ਿਊ ਲਾਉਣ ਤੋਂ ਇਨਕਾਰ ਕਰ ਦਿੱਤਾ, ਇਸ ਕਰਕੇ ਸੰਗਤਾਂ ਭਾਰੀ ਗਿਣਤੀ ਵਿਚ ਅੰਦਰ ਜਾਣੀਆਂ ਸ਼ੁਰੂ ਹੋ ਗਈਆਂ ਸਨ। ਦੁਪਿਹਰ 12 ਵਜੇ ਕਰਫ਼ਿਊ ਲਗਾ ਦਿੱਤਾ ਗਿਆ। ਸ਼ਾਮ 5 ਤੋਂ 7 ਵਜੇ ਤੱਕ ਕਰਫ਼ਿਊ ਵਿਚ ਢਿੱਲ ਦਿੱਤੀ ਗਈ, ਬਹੁਤੇ ਲੋਕਾਂ ਨੂੰ ਇਸ ਢਿੱਲ ਦਾ ਪਤਾ ਨਾ ਲੱਗਾ। ਇਸ ਕਰਕੇ ਸ਼ਹੀਦੀ ਪੁਰਵ 'ਤੇ 12 ਵਜੇ ਤੋਂ ਪਹਿਲਾਂ ਆਏ ਯਾਤਰੀ ਅੰਦਰ ਹੀ ਘਿਰੇ ਹੋਣ ਕਰਕੇ ਰਾਤ ਅੰਦਰ ਹੀ ਰਹਿਣਾ ਪਿਆ।

ਰਾਤ ਨੂੰ 9 ਵਜੇ ਸਰਕਾਰ ਵਲੋਂ ਟੀ.ਵੀ. ਅਤੇ ਰੇਡੀਓ 'ਤੇ ਹੁਕਮ ਸੁਣਾਇਆ ਗਿਆ ਕੇ ਹੁਣ 9 ਵਜੇ ਤੋਂ ਸਾਰਾ ਪੰਜਾਬ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ 36 ਘੰਟੇ ਦਾ ਕਰਫ਼ਿਊ ਲਾ ਦਿੱਤਾ ਹੈ। ਇਸ ਦੌਰਾਨ ਰੇਲਾਂ, ਬੱਸਾਂ, ਟਰੱਕਾਂ, ਕਾਰਾਂ, ਸਕੂਟਰਾਂ, ਮੋਟਰ ਸਾਇਕਲਾਂ, ਬੈਲ ਗੱਡੀਆਂ ਅਤੇ ਸਾਈਕਲ ਚਲਾਉਣ 'ਤੇ ਪਬੰਦੀ ਲਗਾ ਦਿੱਤੀ ਗਈ ਹੈ।

ਅਜਿਹੇ ਕਾਰਨਾਂ ਕਰਕੇ ਫ਼ੌਜੀ ਕਾਰਵਾਈ ਦੇ ਲੱਛਣ ਦਿੱਸਣ ਲੱਗ ਪਏ ਸਨ।

ਰਾਤ ਦੇ 12 ਵਜੇ ਸਾਰੇ ਅੰਮ੍ਰਿਤਸਰ ਸ਼ਹਿਰ ਦੇ ਫੋਨ ਕੱਟ ਦਿੱਤੇ ਗਏ ਅਤੇ ਦਰਬਾਰ ਸਾਹਿਬ ਸਮੂਹ ਦਾ ਪਾਣੀ ਅਤੇ ਬਿਜਲੀ ਵੀ ਕੱਟ ਦਿੱਤੇ ਗਏ ਸਨ।

4 ਜੂਨ ਤੜਕੇ 4 ਵੱਜ ਕੇ 40 ਮਿੰਟ 'ਤੇ ਭਾਰੀ ਤੋਪ ਦਾ ਗੋਲਾ ਚਲਿਆ। ਥੋੜੇ ਸਮੇਂ ਬਾਅਦ ਫਿਰ ਇਕ ਗੋਲਾ ਚਲਿਆ। ਇਸ ਤਰ੍ਹਾਂ ਥੋੜੇ-ਥੋੜੇ ਫ਼ਰਕ ਨਾਲ 10-12 ਗੋਲੇ ਚੱਲੇ। ਸਾਰੇ ਸ਼ਹਿਰ ਵਿਚ ਦਹਿਸ਼ਤ ਫੈਲ ਗਈ ਕਿ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ, ਫਿਰ ਗੋਲੀਆਂ ਚੱਲਣ ਲੱਗ ਪਈਆਂ। ਸਾਰਾ ਦਿਨ ਗੋਲੀਆਂ ਚੱਲਦੀਆਂ ਰਹੀਆਂ। ਇਹ ਕਦੇ ਜ਼ੋਰ ਨਾਲ ਚੱਲਦੀਆਂ ਸਨ, ਕਦੇ ਮੱਧਮ ਪੈ ਜਾਂਦੀਆਂ ਸਨ। ਫ਼ੌਜ ਸੜਕਾਂ 'ਤੇ ਗਸ਼ਤ ਕਰ ਰਹੀ ਸੀ। ਫ਼ੌਜੀ ਕਿਸੇ ਨੂੰ ਬੂਹੇ ਤੋਂ ਬਾਹਰ ਸਿਰ ਨਹੀਂ ਕੱਢਣ ਦਿੰਦੇ ਸਨ। ਇਸ ਕਰਕੇ ਲੋਕਾਂ ਦੇ ਦੁੱਧ, ਆਟਾ, ਸਬਜ਼ੀਆਂ ਅਤੇ ਹੋਰ ਘਰਾਂ ਦੇ ਰਾਸ਼ਨ ਦੀ ਸਪਲਾਈ ਬੰਦ ਹੋ ਗਈ ਸੀ।

ਸ੍ਰੀ ਦਰਬਾਰ ਸਾਹਿਬ ਦੇ ਅੰਦਰੋਂ ਕੋਈ ਖ਼ਬਰ ਬਾਹਰ ਨਹੀਂ ਆ ਰਹੀ ਸੀ, ਨਾ ਅਖ਼ਬਾਰਾਂ ਆਈਆਂ, ਟੈਲੀਫ਼ੋਨ ਵੀ ਸਭ ਘਰਾਂ ਦੇ ਬੰਦ ਸਨ। 4 ਅਤੇ 5 ਜੂਨ ਦੀ ਦਰਮਿਆਨੀ ਰਾਤ ਨੂੰ ਕਦੇ ਤੇਜ਼ ਕਦੇ ਰੁੱਕ-ਰੁੱਕ ਕੇ ਗੋਲੀਆਂ ਚੱਲਦੀਆਂ ਰਹੀਆਂ।

5 ਜੂਨ ਦਿਨੇ ਬਾਰ੍ਹਾਂ ਵਜੇ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਸਰਾਂ ਵਿਚਲੀ ਪਾਣੀ ਦੀ ਸਭ ਤੋਂ ਵੱਡੀ ਟੈਂਕੀ ਵਿਚ ਟੈਂਕਾਂ ਦੇ ਗੋਲੇ ਵੱਜਣ ਲੱਗੇ। ਇਹ ਟੈਂਕੀ ਲੋਹਾ ਬਜਰੀ ਤੇ ਸੀਮੈਂਟ ਨਾਲ ਬਣੀ ਹੋਈ ਬਹੁਤ ਮਜ਼ਬੂਤ ਸੀ। ਇਕ ਪਾਸੇ ਬਹੁਤ ਵੱਡਾ ਮਘੋਰਾ ਹੋ ਗਿਆ, ਜਿਸ ਨਾਲ ਪਾਣੀ ਦੀ ਮੋਟੀ ਧਾਰ ਬਹਿ ਤੁਰੀ ਅਤੇ ਟੈਂਕੀ ਖਾਲੀ ਹੋ ਗਈ ਸੀ। ਸ਼ਾਮ ਵੇਲੇ ਪੁਲਿਸ ਸਟੇਸ਼ਨ ਅਤੇ ਜਲ੍ਹਿਆਂਵਾਲੇ ਬਾਗ਼ ਨੇੜੇ ਫ਼ੌਜ ਵਲੋਂ ਤੋਪਾਂ ਤੇ ਟੈਂਕ ਖੜ੍ਹੇ ਕੀਤੇ ਜਾ ਰਹੇ ਸਨ।

ਰਾਤ ਨੂੰ 8.30 ਵਜੇ ਦੇ ਕਰੀਬ ਤੋਪਾਂ ਨਾਲ ਕੰਪਲੈਕਸ 'ਤੇ ਗੋਲੇ ਸੁਟੇ ਗਏ, ਜਿਸ ਨਾਲ ਪਾਣੀ ਦੀ ਟੈਂਕੀ, ਬਾਬਾ ਅਟੱਲ ਸਾਹਿਬ, ਲੰਗਰ ਤੇ ਦੋਵਾਂ ਸਰਾਵਾਂ ਦੇ ਸਾਰੇ ਮੋਰਚੇ ਤੋੜ ਕੇ ਫ਼ੌਜ ਨੇ ਲੰਗਰ, ਦੋਵੇਂ ਸਰਾਵਾਂ, ਅਕਾਲ ਰੈਸਟ ਹਾਊਸ ਤੇ ਮੰਜੀ ਸਾਹਿਬ 'ਤੇ ਕਬਜ਼ਾ ਕਰ ਲਿਆ ਸੀ। ਰਾਤੀਂ 9 ਵਜੇ ਦੇ ਕਰੀਬ ਸਾਰੇ ਸ਼ਹਿਰ ਦੀ ਬਿਜਲੀ ਕੱਟ ਦਿੱਤੀ ਗਈ। ਹਨੇਰੀ ਰਾਤ ਵਿਚ ਗੋਲਿਆਂ ਦੀ ਕੜਕ ਦੀਆਂ ਆਵਾਜ਼ਾਂ ਨੇ ਸ਼ਹਿਰ ਵਾਸੀਆਂ ਨੂੰ ਦਹਿਸ਼ਤ ਵਿਚ ਪਾ ਦਿੱਤਾ ਸੀ। 5 ਜੂਨ ਦੀ ਰਾਤ ਬੜੀ ਕਹਿਰ ਦੀ ਰਾਤ ਸੀ, ਕੋਈ ਵਿਰਲਾ ਹੀ ਸਿੱਖ ਸੁੱਤਾ ਹੋਵੇਗਾ।

ਰਾਤ ਨੂੰ ਲਗਭਗ 10 ਵਜੇ ਰੈਜ਼ਮਿੰਟ ਨੇ ਤੋਪਾਂ ਅਤੇ ਟੈਂਕਾਂ ਨਾਲ ਲੈਸ ਹੋ ਕੇ ਸਰਾਂ ਵਾਲੇ ਪਾਸਿਓਂ ਕੰਪਲੈਕਸ ਵਿਚ ਦਾਖ਼ਲ ਹੋ ਕੇ ਸਾਂਝੇ ਤੌਰ 'ਤੇ ਜ਼ੋਰਦਾਰ ਹਮਲਾ ਕੀਤਾ।

ਅੱਗੋਂ ਸਰਾਂ ਵਾਲੇ ਪਾਸਿਓਂ ਡਿਊਢੀ ਰਾਹੀਂ ਦੁੱਖ ਭਜਨੀ ਬੇਰੀ ਗੁਰਦੁਆਰੇ ਦੇ ਨੇੜੇ ਡਿਊਢੀ ਦੀਆਂ ਪੌੜੀਆਂ ਤੋੜਦੇ ਹੋਏ ਟੈਂਕ ਪ੍ਰਕਿਰਮਾਂ 'ਚੋਂ ਉਤਰੇ। ਕੁਝ ਟੈਂਕ ਸੱਜੇ ਹੱਥ ਬ੍ਰਹਮਬੂਟਾ ਅਖਾੜੇ ਕੋਲ ਪ੍ਰਕਿਰਮਾਂ ਕੋਲ ਖੜ੍ਹੇ ਕੀਤੇ ਗਏ। ਦੂਜੇ ਪਾਸੇ ਖੱਬੇ ਹੱਥ ਗੁਰਦੁਆਰਾ ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਤੇ ਅੱਗੇ ਪ੍ਰਕਿਰਮਾਂ ਵਿਚ ਟੈਂਕ ਖੜ੍ਹੇ ਕੀਤੇ ਗਏ। ਫ਼ੌਜੀ ਟੈਂਕ ਲੈ ਕੇ ਪ੍ਰਕਿਰਮਾਂ ਵਿਚ ਤਾਂ ਵੜ ਗਏ ਪਰ ਸਿੰਘਾਂ ਨੇ ਬਹੁਤ ਜ਼ਬਰਦਸਤ ਫਾਇਰਿੰਗ ਕਰਕੇ ਬਹੁਤ ਸਾਰੇ ਫ਼ੌਜੀ ਮਾਰ ਦਿੱਤੇ ਸਨ।

ਇਨ੍ਹਾਂ ਟੈਂਕਾਂ ਨਾਲ ਦੋਹਾਂ ਪਾਸਿਆਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੀ ਇਮਾਰਤ ਜਿਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਸਾਥੀਆਂ ਸਮੇਤ ਰਹਿ ਰਹੇ ਸਨ, ਉੱਪਰ ਗੋਲੇ ਸੁੱਟੇ ਗਏ, ਜਿਸ ਨਾਲ ਉਹ ਮੰਜ਼ਿਲ ਉੱਡ ਗਈ। ਪਰ ਇਸ ਤੋਂ ਪਹਿਲਾਂ ਹੀ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੀਜੀ ਮੰਜ਼ਿਲ ਤੇ ਫਿਰ ਦੂਜੀ ਮੰਜ਼ਿਲ ਵੱਲ ਆ ਗਏ।

ਉਨ੍ਹਾਂ ਨੇ ਪਹਿਲਾਂ ਗੋਲੇ ਗੁੰਬਦ 'ਚੋਂ ਮਾਰੇ, ਜਿਸ ਨਾਲ ਗੁੰਬਦ ਵਿਚ ਮਘੋਰੇ ਹੋ ਕੇ ਅੰਦਰ ਲੱਕੜ ਦੇ ਰੈਕਾਂ 'ਚੋਂ ਬਿਰਾਜਮਾਨ ਕੀਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਅਗਨ ਭੇਟ ਹੋ ਗਈਆਂ। ਗੁੰਬਦ ਦੇ ਨੇੜੇ ਹੀ ਇਕ ਬੁਰਜੀ ਉਡ ਗਈ। ਗੁੰਬਦ ਤੋਂ ਬਾਅਦ ਤੀਜੀ ਮੰਜ਼ਿਲ ਦੀਆਂ ਬਾਰੀਆਂ ਉਡਾ ਦਿੱਤੀਆਂ ਤੇ ਛੱਜਾ ਹੇਠਾਂ ਡੇਗ ਦਿੱਤਾ, ਫਿਰ ਦੂਸਰੀ ਮੰਜ਼ਿਲ ਵਿਚ ਗੋਲੇ ਮਾਰ ਕੇ ਸਾਹਮਣੇ ਦਾ ਹਿੱਸਾ ਢਾਹ ਦਿੱਤਾ।

6 ਜੂਨ ਦੀ ਸਵੇਰ ਨੂੰ ਪੌਣੇ 9 ਵਜੇ ਤੋਂ ਸਵਾ 9 ਵਜੇ ਦੇ ਵਿਚਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਘਮਸਾਨ ਦਾ ਯੁੱਧ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਤੇ ਆਸ-ਪਾਸ ਦੇ ਬੁੰਗਿਆਂ 'ਤੇ ਹਜੇ ਫ਼ੌਜ ਕਾਬਜ਼ ਨਹੀਂ ਹੋ ਸਕੀ ਸੀ, ਕੋਈ ਦੋ ਕੁ ਵਜੇ ਤੱਕ ਗੋਲੀ ਚਲਦੀ ਰਹੀ, ਫਿਰ ਕੁਝ ਘੱਟ ਗਈ। 6 ਜੂਨ ਸਵੇਰ ਵੇਲੇ ਖ਼ਬਰ ਸੁਣਾਈ ਗਈ ਕਿ ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਅਤੇ ਜਰਨਲ ਸੁਬੇਗ ਸਿੰਘ ਦੀਆਂ ਬਾਕੀ ਸਾਥੀਆਂ ਸਮੇਤ ਲਾਸ਼ਾਂ ਮਿਲ ਗਈਆਂ ਹਨ ਅਤੇ ਸੰਤ ਜਰਨੈਲ ਸਿੰਘ ਦੀ ਲਾਸ਼ ਦੀ ਸ਼ਨਾਖਤ ਹੋ ਗਈ ਹੈ।

6 ਜੂਨ ਨੂੰ ਹੀ ਸ਼ਾਮ 4 ਵੱਜ ਕੇ ਪੰਜ ਮਿੰਟ 'ਤੇ ਫ਼ੌਜੀਆਂ ਵਲੋਂ ਮੈਗਾਫ਼ੋਨ ਤੇ ਕੰਪਲੈਕਸ ਵਿਚ ਮੌਜੂਦ ਸਾਰਿਆਂ ਨੂੰ ਅੱਧੇ ਘੰਟੇ ਵਿਚ ਬਾਹਰ ਆਉਣ ਦੀ ਅਨਾਊਂਸਮੈਂਟ ਕੀਤੀ ਗਈ।

ਇਸ ਤਰ੍ਹਾਂ ਬਹੁਤ ਸਾਰੇ ਸੇਵਾਦਾਰ ਆ ਗਏ ਸਨ, ਜਿਨ੍ਹਾਂ ਨੂੰ ਫ਼ੌਜ ਆਪਣੀ ਨਿਗਰਾਨੀ ਹੇਠ ਫੜ ਕੇ ਬਾਹਰ ਲੈ ਗਈ।

ਟੋਹੜਾ ਸਾਹਿਬ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸਰਾਂ ਵਿਚ ਰੱਖ ਕੇ ਉਨ੍ਹਾਂ ਨੂੰ ਸੁੱਰਖਿਆ ਦੇਣ ਲਈ ਪੁਲਿਸ ਟੁਕੜੀ ਚੁਫੇਰੇ ਖਲੋਤੀ ਸੀ। 6 ਜੂਨ ਸ਼ਾਮ ਨੂੰ ਫ਼ੌਜੀ ਗੱਡੀ ਰਾਹੀਂ ਦੋਵਾਂ ਨੂੰ ਬਿਠਾ ਕੇ ਮਿਲਟਰੀ ਕੈਂਪ ਵਿਚ ਲੈ ਗਏ ਸਨ।

ਇੰਨੀ ਜ਼ਿਆਦਾ ਤਬਾਹੀ ਹੋ ਚੁੱਕੀ ਸੀ ਕਿ ਫ਼ੌਜ ਨੇ ਮਹੀਨਿਆਂ ਤੱਕ ਦਰਬਾਰ ਸਾਹਿਬ ਸੰਗਤਾਂ ਲਈ ਨਹੀਂ ਖੋਲ੍ਹਿਆ, ਸਿੱਖ ਰੈਫ਼ਰੈਂਸ ਲਾਇਬਰੇਰੀ ਵੀ ਸੜ ਕੇ ਸੁਵਾਹ ਹੋ ਚੁੱਕੀ ਸੀ।

ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ 'ਤੇ 380 ਗੋਲੀਆਂ ਦੇ ਨਿਸ਼ਾਨ ਲੱਗੇ, ਜੋ ਸੋਨੇ ਦੇ ਪੱਤਰਿਆਂ 'ਤੇ ਲੱਗੇ ਹੋਏ ਸਨ।

ਭਾਈ ਨਰਾਇਣ ਸਿੰਘ ਅਨੁਸਾਰ 7 ਜੂਨ ਨੂੰ ਸੰਤ ਜਰਨੈਲ ਸਿੰਘ ਜੀ ਦਾ ਅੰਮ੍ਰਿਤਸਰ ਦੇ ਸ਼ਮਸ਼ਾਨ ਘਾਟ ਵਿਚ ਡਾਕਟਰ ਕੰਗ ਵਲੋਂ ਪੋਸਟ ਮਾਰਟਮ ਕੀਤਾ ਗਿਆ। ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਸੰਤਾਂ ਦੇ ਸਰੀਰ ਉੱਪਰ 14 ਗੋਲੀਆਂ ਲੱਗੀਆਂ ਹੋਈਆਂ ਸਨ। ਉਨ੍ਹਾਂ ਵਿਚੋਂ 7 ਸਿਰ ਦੇ ਇਕ ਪਾਸੇ ਦੋ ਛਾਤੀ ਵਿਚ ਇੱਕ ਡੋਲੇ ਵਿਚ ਤਿੰਨ ਪੈਰ੍ਹਾਂ ਵਿਚ ਇਕ ਪਿਜਣੀ ਵਿਚ। ਇਨ੍ਹਾਂ ਵਿਚੋਂ 11 ਗੋਲੀਆਂ ਸਾਹਮਣੇ ਤੇ ਦੋ ਸਾਇਡਾਂ 'ਤੇ ਲੱਗੀਆਂ ਸਨ। ਇਸ ਰਿਪੋਰਟ ਤੋਂ ਸਪੱਸ਼ਟ ਹੈ ਕਿ ਸਿੱਖ ਕੌਮ ਦੇ ਅਣਖ਼ੀਲੇ ਜਰਨੈਲ ਸੰਤ ਜਰਨੈਲ ਸਿੰਘ ਜੀ ਨੇ ਸਨਮੁੱਖ ਜੂਝਦਿਆਂ ਛਾਤੀ ਤਾਣ ਕੇ ਗੋਲੀਆਂ ਖਾਦੀਆਂ ਅਤੇ ਸ਼ਹੀਦੀ ਪਾਈ।

ਕਾਰ ਸੇਵਾ ਵਾਲੇ ਬਾਬਾ ਬੁੱਧ ਸਿੰਘ ਹਵੇਲੀ ਰਾਂਝੇਵਾਲੀ ਨੇੜੇ ਸ਼ਮਸ਼ਾਨ ਘਾਟ ਸ਼ਹੀਦਾਂ ਅੰਮ੍ਰਿਤਸਰ ਅਨੁਸਾਰ ਸੰਤ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਦੇ ਸਰੀਰ (ਲਾਸ਼ਾਂ) ਰਾਤ ਨੂੰ 10 ਵਜੇ ਇਕ ਗੱਡੀ ਰਾਹੀ ਲਿਆਂਦੀਆਂ ਗਈਆਂ। ਗੱਡੀ ਵਿਚ ਹੀ ਸੰਤ ਜਰਨੈਲ ਸਿੰਘ ਜੀ ਦੀ ਅਤੇ ਭਾਈ ਅਮਰੀਕ ਸਿੰਘ ਜੀ ਦੀਆਂ ਦੇਹਾਂ ਦੇ ਇਸ਼ਨਾਨ ਕਰਵਾਏ ਗਏ। ਇਨ੍ਹਾਂ ਦੀਆਂ ਦੋ ਵੱਖ-ਵੱਖ ਚਿਖਾਵਾਂ ਚਿਣ ਕੇ ਗੁਰ ਮਰਿਆਦਾ ਅਨੁਸਾਰ ਸਸਕਾਰ ਕੀਤੇ ਗਏ।



# ਜੱਗੀ ਬਰਾੜ ਸਮਾਲਸਰ ਦਾ ਕਹਾਣੀ ਸੰਗ੍ਰਹਿ 'ਕੈਨੇਡੀਅਨ ਪਾਸਪੋਰਟ' ਜ਼ਿੰਦਗੀ ਦੀ ਜੱਦੋ-ਜਹਿਦ ਦਾ ਸ਼ੀਸ਼ਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਜੱਗੀ ਬਰਾੜ ਸਮਾਲਸਰ ਬਹੁਪੱਖੀ ਸਾਹਿਤਕਾਰ ਹੈ। ਉਸ ਦੀਆਂ 5 ਪੁਸਤਕਾਂ ਜਿਨ੍ਹਾਂ ਵਿਚ ਤਿੰਨ ਕਾਵਿ ਸੰਗ੍ਰਹਿ 'ਕੱਤਣੀ', 'ਵੰਝਲੀ' ਅਤੇ 'ਕਸਤੂਰੀ', ਇਕ ਕਹਾਣੀ ਸੰਗ੍ਰਹਿ 'ਉਹਦੀ ਡਾਇਰੀ ਦੇ ਪੰਨੇ' ਅਤੇ ਇਕ ਵਾਰਤਕ ਦੀ ਪੁਸਤਕ 'ਸਮਾਲਸਰ ਮੇਰਾ ਪਿੰਡ' ਪ੍ਰਕਾਸ਼ਤ ਹੋ ਚੁੱਕੀਆਂ ਹਨ। ਵਿਚਾਰ ਅਧੀਨ ਕਹਾਣੀ ਸੰਗ੍ਰਹਿ 'ਕੈਨੇਡੀਅਨ ਪਾਸਪੋਰਟ' ਉਸ ਦੀ ਛੇਵੀਂ ਵਡ ਅਕਾਰੀ ਰੰਗਦਾਰ ਮੁੱਖ ਕਵਰ ਵਾਲੀ ਪੁਸਤਕ ਹੈ। ਜੱਗੀ ਬਰਾੜ ਸਮਾਲਸਰ ਨੇ ਸਕੂਲ ਵਿਚ ਪੜ੍ਹਦਿਆਂ ਹੀ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਦਾ ਪਹਿਲਾ ਕਹਾਣੀ ਸੰਗ੍ਰਹਿ 'ਉਹਦੀ ਡਾਇਰੀ ਦੇ ਪੰਨੇ' 1988 ਵਿਚ ਕਾਲਜ ਪੜ੍ਹਦਿਆਂ ਹੀ ਪ੍ਰਕਾਸ਼ਤ ਹੋ ਗਿਆ ਸੀ। 'ਕੈਨੇਡੀਅਨ ਪਾਸਪੋਰਟ' ਕਹਾਣੀ ਸੰਗ੍ਰਹਿ ਵਿਚ 40 ਕਹਾਣੀਆਂ ਹਨ। ਕਹਾਣੀਕਾਰ ਨੇ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਸੰਜੀਦਗੀ ਨਾਲ ਵਾਚਿਆ ਹੈ, ਫਿਰ ਉਨ੍ਹਾਂ ਨੂੰ ਆਪਣੀ ਕਾਬਲੀਅਤ ਨਾਲ ਕਲਮੀ ਰੂਪ ਦਿੱਤਾ ਹੈ। ਲੇਖਕਾ ਦੀ ਸਮਾਜਿਕ ਤਾਣੇ-ਬਾਣੇ ਨੂੰ ਅਨੁਭਵ ਕਰਨ ਦੀ ਪ੍ਰਵਿਰਤੀ ਜ਼ਿਆਦਾ ਹੈ। ਬਿਲਕੁਲ ਇਸ ਲਈ ਜੱਗੀ ਬਰਾੜ ਸਮਾਲਸਰ ਨੇ ਸਮਾਜਿਕ ਜੀਵਨ ਅਤੇ ਉਸ ਨਾਲ ਸੰਬੰਧਤ ਘਟਨਾਵਾਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਇਨ੍ਹਾਂ ਕਹਾਣੀਆਂ ਵਿਚ ਬਹੁਰੰਗੀ ਦੁਨੀਆਂ ਦੇ ਸਾਰੇ ਰੰਗ ਬਾਖ਼ੂਬੀ ਦੱਸੇ ਹਨ। ਹਰ ਕਹਾਣੀ ਦਾ ਸੰਬੰਧ ਕੈਨੇਡਾ ਅਤੇ ਪੰਜਾਬ ਨਾਲ ਜੋੜਿਆ ਹੋਇਆ ਹੈ। ਸਾਰੀਆਂ ਹੀ ਕਹਾਣੀਆਂ ਠੇਠ ਮਲਵਈ ਪੰਜਾਬੀ ਬੋਲੀ ਵਿਚ ਲਿਖੀਆਂ ਗਈਆਂ ਹਨ। ਸ਼ਬਦਾਵਲੀ ਦਿਹਾਤੀ ਪੰਜਾਬ ਦੀ ਸਰਲ ਅਤੇ ਉਸੇ ਤਰ੍ਹਾਂ ਕੈਨੇਡਾ ਵਿਚ ਬੋਲੀ ਜਾਂਦੀ ਅੰਗਰੇਜ਼ੀ ਨੁਮਾ ਪੰਜਾਬੀ ਹੈ। ਜਿਵੇਂ ਫਿਫੜੀਆਂ, ਘਤਿਤਾਂ, ਦੁੱਧ ਧੋਤੀ, ਪਾਣੀ 'ਚ ਮਧਾਣੀ ਅਤੇ ਨਾਗਵਲ ਆਦਿ ਸ਼ਬਦ ਹਨ। ਕਹਾਣੀਆਂ ਦੀ ਰੌਚਕਤਾ ਬਰਕਰਾਰ ਰਹਿੰਦੀ ਹੈ ਕਿਉਂਕਿ ਹਰ ਘਟਨਾ ਦੀ ਕੜੀ ਇਕ ਦੂਜੀ ਨਾਲ ਜੁੜੀ ਹੋਈ ਹੈ। ਰੌਚਕਤਾ ਇੰਨੀ ਹੈ ਕਿ ਕਹਾਣੀ ਨੂੰ ਪਾਠਕ ਅੱਧ ਵਿਚਕਾਰ ਛੱਡ ਨਹੀਂ ਸਕਦਾ। ਵਾਰਤਕ ਦਾ ਵਹਿਦ ਦਰਿਆ ਦੇ ਵਹਿਣ ਦੀ ਤਰ੍ਹਾਂ ਵਹਿੰਦਾ ਹੋਇਆ ਛੱਲਾਂ ਮਾਰਦਾ ਹੈ ਕਿਉਂਕਿ ਜੱਗੀ ਬਰਾੜ ਸਮਾਲਸਰ ਕਵਿੱਤਰੀ ਵੀ ਹੈ। ਇਸ ਕਰਕੇ ਉਸ ਦੀ ਵਾਰਤਕ ਵਿਚ ਰਵਾਨਗੀ ਵੀ ਹੈ। ਮੁਹਾਵਰਿਆਂ ਦੀ ਲੋੜ ਅਨੁਸਾਰ ਵਰਤੋਂ ਕੀਤੀ ਗਈ ਹੈ, ਉਦਾਹਰਣ ਲਈ 'ਨੰਗੇ ਨੂੰ ਕੱਤਣਾ ਸਿਖਾ ਦਿੰਦੀ ਹੈ', 'ਲੋੜ ਖੱਟੇ ਦਾ ਮਿੱਠਾ ਬਣਾ ਦੇਣਾ', ਸੌ ਹੱਥ ਰੱਸਾ ਸਿਰੇ ਤੇ ਗੰਢ', 'ਸੱਤੀਂ ਕੱਪੜੀਂ ਅੱਗ ਲੱਗਣਾ', 'ਨਵੀਂਆਂ ਗੁੱਡੀਆਂ ਨਵੇਂ ਪਟੋਲੇ', 'ਬਾਂਝ ਕੀ ਜਾਣੇ ਪ੍ਰਸੂਤਾਂ ਦੀਆਂ ਪੀੜਆਂ', 'ਕਾਲੇ ਕਦੇ ਨਾ ਹੋਣ ਬੱਗੇ ਭਾਵੇਂ ਸੌ ਮਣ ਸਾਬਣ ਲੱਗੇ', 'ਅੱਖਾਂ ਨਾਲ ਮਿਰਚਾਂ ਭੋਰਨਾ' ਅਤੇ 'ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨਾ' ਆਦਿ। ਹਾਲਾਂਕਿ ਜੱਗੀ ਬਰਾੜ ਸਮਾਲਸਰ ਦਾ ਇਹ ਦੂਜਾ ਕਹਾਣੀ ਸੰਗ੍ਰਹਿ ਹੈ ਪ੍ਰੰਤੂ ਲੇਖਕਾ ਇਸ ਕਹਾਣੀ ਸੰਗ੍ਰਹਿ ਤੋਂ ਬਾਅਦ ਇਕ ਪ੍ਰੌੜ੍ਹ ਕਹਾਣੀਕਾਰ ਦੇ ਤੌਰ 'ਤੇ ਉਭਰਕੇ ਆ ਗਈ ਹੈ। ਆਮ ਕਹਾਣੀਆਂ ਨਾਲੋਂ ਇਹ ਵੱਖਰੀ ਕਿਸਮ ਦੀਆਂ ਨਿਵੇਕਲੀਆਂ ਕਹਾਣੀਆਂ ਹਨ, ਜਿਵੇਂ 'ਮੱਥੇ ਦਾ ਕਸੇਵਾਂ' ਕਹਾਣੀ ਸ਼ੁਰੂ ਵਿਚ ਤਾਂ ਕੈਨੇਡਾ ਵਿਚ ਨਸ਼ੇ, ਰੂੜੀਵਾਦੀ ਤੇ ਸ਼ੱਕੀ ਸੋਚ ਬਾਰੇ ਦੱਸਿਆ ਹੈ ਅਤੇ ਵਿਧਵਾ ਮਨਮੀਤ ਨੂੰ ਪਤੀ ਪ੍ਰੀਤ ਦੀ ਮੌਤ ਤੋਂ ਬਾਅਦ ਸੱਸ ਵੱਲੋਂ ਪੇਕੇ ਭੇਜਣ ਦਾ ਪ੍ਰਭਾਵ ਗ਼ਲਤ ਸੋਚ ਦਾ ਪ੍ਰਤੀਕ ਬਣਦਾ ਲੱਗਦਾ ਹੈ ਪ੍ਰੰਤੂ ਕਹਾਣੀ ਦੇ ਅੰਤ ਵਿਚ ਜਦੋਂ ਸੱਸ ਇਹ ਕਹਿੰਦੀ ਹੈ ਕਿ ਪੇਕੇ ਮੈਂ ਇਸ ਕਰਕੇ ਭੇਜ ਰਹੀ ਹਾਂ, ਤਾਂ ਜੋ ਇਹ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰ ਸਕੇ। ਫਿਰ ਕਹਾਣੀ ਦਾ ਉਸਾਰੂ ਪੱਖ ਸਾਹਮਣੇ ਆਉਂਦਾ ਹੈ। ਕਹਾਣੀ ਜੱਗੀ ਬਰਾੜ ਸਮਾਲਸਰ ਦੀ ਅਗਾਂਹਵਧੂ ਸੋਚ ਦੀ ਲਿਖਾਇਕ ਹੈ। ਪਰਵਾਸ ਦੀ ਜੱਦੋ-ਜਹਿਦ ਵਾਲੀ ਜ਼ਿੰਦਗੀ ਦੀ ਹੂਬਹੂ ਸੰਜੀਦਗੀ ਨਾਲ ਤਸਵੀਰ ਪੇਸ਼ ਕੀਤੀ ਹੈ। ਲੇਖਕਾ ਘਟਨਾਵਾਂ ਨੂੰ ਦ੍ਰਿਸ਼ਟਾਂਤਿਕ ਬਣਾ ਦਿੰਦੀ ਹੈ, ਜਿਵੇਂ ਪਾਠਕ ਸਭ ਕੁਝ ਆਪ ਵੇਖ ਰਿਹਾ ਹੋਵੇ। ਬਹੁਤੀਆਂ ਕਹਾਣੀਆਂ ਫਸਟ ਪਰਸਨ ਵਿਚ ਲਿਖੀਆਂ ਹੋਈਆਂ ਹਨ, ਕਹਾਣੀ ਪੜ੍ਹਨ ਤੋਂ ਇਉਂ ਅਹਿਸਾਸ ਹੁੰਦਾ ਹੈ ਕਿ ਜਿਵੇਂ ਇਹ ਸਾਰੀਆਂ ਕਹਾਣੀ ਜੱਗੀ ਬਰਾੜ ਸਮਾਲਸਰ ਦੇ ਨਿੱਜੀ ਤਜ਼ਰਬਿਆਂ 'ਤੇ ਆਧਾਰਿਤ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਕੈਨੇਡਾ




ਵਿਚ ਵਸ ਰਹੇ ਪੰਜਾਬੀ ਭਾਈਚਾਰੇ ਦੇ ਦਰਦ ਦਾ ਪ੍ਰਗਟਾਵਾ ਕਰਦੀਆਂ ਹਨ। ਕੈਨੇਡਾ ਵਿਚ ਕਿਵੇਂ ਹੋਰ ਦੇਸ਼ਾਂ ਵਿਚੋਂ ਆ ਕੇ ਲੋਕ ਵਸੇ ਹਨ ਅਤੇ ਉਨ੍ਹਾਂ ਕਿਸ ਪ੍ਰਕਾਰ ਸਥਾਨਕ ਮੂਲ ਨਿਵਾਸੀ ਕੈਨੇਡੀਅਨ ਨੂੰ ਅਣਡਿੱਠ ਕਰਕੇ ਆਪਣੀ ਸਰਵਉੱਚਤਾ ਕਾਇਮ ਕੀਤੀ ਹੈ। 'ਈਗਲ ਫ਼ੈਦਰ' ਅਤੇ 'ਪਵਨ ਗੁਰੂ ਪਾਣੀ ਪਿਤਾ' ਕਹਾਣੀਆਂ ਕੈਨੇਡੀਅਨ ਮੂਲ ਨਿਵਾਸੀਆਂ ਨਾਲ ਰੈਜੀਡੈਂਸ਼ਲ ਸਕੂਲਾਂ ਅਤੇ ਉਨ੍ਹਾਂ ਦੀਆਂ ਕਾਲੋਨੀਆਂ ਵਿਚ ਕੀਤੇ ਜਾਂਦੇ ਅਣਮਨੁੱਖੀ ਵਰਤਾਰੇ ਬਾਰੇ ਵੀ ਸੁਚੱਜੀ ਜਾਣਕਾਰੀ ਦਿੱਤੀ ਗਈ ਹੈ। ਲੇਖਕਾ ਨੇ ਇਨ੍ਹਾਂ ਘਟਨਾਵਾਂ ਦੀ ਪੰਜਾਬ ਦੇ ਕਾਲੇ ਦਿਨਾਂ ਨਾਲ ਤੁਲਨਾ ਵੀ ਕੀਤੀ ਹੈ ਕਿਉਂਕਿ ਪੰਜਾਬ ਵਿਚ ਵੀ ਅਜਿਹੇ ਢੰਗ ਨਾਲ ਕੀਤਾ ਗਿਆ ਸੀ। ਕਹਾਣੀ ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ 'ਕੈਨੇਡੀਅਨ ਪਾਸਪੋਰਟ' ਪੰਜਾਬ ਦੇ 1984 ਦੇ ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਦੇ ਹਾਲਾਤ ਦਾ ਝੰਬਿਆ ਹੋਇਆ ਮੇਹਰ ਗ਼ੈਰ ਕਾਨੂੰਨੀ ਢੰਗ ਨਾਲ ਪਹਿਲਾਂ ਅਮਰੀਕਾ ਅਤੇ ਫਿਰ ਕੈਨੇਡਾ ਪਹੁੰਚ ਜਾਂਦਾ ਹੈ। ਕੈਨੇਡਾ ਦਾ ਪਾਸਪੋਰਟ ਲੈਣ ਲਈ ਕੀਤੀ ਜੱਦੋ-ਜਹਿਦ ਦੀ ਤਸਵੀਰ ਬਹੁਤ ਹੀ ਦਿਲਚਸਪ ਢੰਗ ਨਾਲ ਲਿਖੀ ਗਈ ਹੈ। ਕਿਵੇਂ ਪੰਜਾਬ ਵਿਚ ਪਿੱਛੇ ਭੈਣ ਭਰਾ ਅਤੇ ਰਿਸ਼ਤੇਦਾਰ ਚੂੰਡਣ ਵਿਚ ਲੱਗੇ ਰਹਿੰਦੇ ਹਨ, ਜਿਸ ਦੇ ਸਿੱਟੇ ਵਜੋਂ ਮੇਹਰ ਆਪਣੀ ਜੀਵਨ ਸਾਥਣ ਦਾ ਭਰੋਸਾ ਵੀ ਗੁਆ ਬੈਠਦਾ ਹੈ। ਪਿੰਡ ਭਰਾ ਉਸ ਦੀ ਜਾਇਦਾਦ 'ਤੇ ਕਾਬਜ਼ਾ ਕਰ ਲੈਂਦੇ ਹਨ। ਕਹਾਣੀਆਂ ਪੜ੍ਹਨ ਤੋਂ ਮਹਿਸੂਸ ਹੁੰਦਾ ਹੈ ਕਿ ਨਸ਼ਿਆਂ ਦਾ ਪ੍ਰਕੋਪ ਪੰਜਾਬ ਦੀ ਤਰ੍ਹਾਂ ਕੈਨੇਡਾ ਵਿਚ ਭਾਰੂ ਹੈ। ਪੰਜਾਬੀ ਕੈਨੇਡਾ ਵਿਚ ਆ ਕੇ ਵੀ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆਉਂਦੇ। ਕਹਾਣੀਕਾਰ ਨੇ ਵਿਸ਼ੇ ਵੀ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਚੁਣੇ ਹਨ, ਜਿਵੇਂ ਜਾਤ-ਪਾਤ, ਵਹਿਮਭਰਮ, ਪੰਜਾਬੀ ਔਰਤਾਂ ਦੀ ਮਾਨਸਿਕਤਾ ਭਾਵੇਂ ਪੰਜਾਬ ਤੇ ਭਾਵੇਂ ਕੈਨੇਡਾ ਇਕੋ ਜਹੀ ਹੈ, ਜਾਇਦਾਦਾਂ ਦੇ ਝਗੜੇ ਝੇੜੇ, ਅਕਲ ਨਾਲੋਂ ਸ਼ਕਲ ਸੂਰਤ ਨੂੰ ਤਰਜੀਹ, ਪਰਵਾਸ ਵਿਚ ਜਾਣ ਲਈ ਵਰਤੇ ਜਾਂਦੇ ਹੱਥਕੰਡੇ, ਇਸ਼ਕ ਦਾ ਅੱਧਵਾਟੇ ਟੁੱਟਣਾ, ਨਿੰਦਿਆ ਚੁਗਲੀ, ਗੱਪ ਛੱਪ ਆਦਿ ਹਨ। ਕਹਾਣੀਕਾਰ ਨੇ ਕੈਨੇਡਾ ਵਿਚ ਪੰਜਾਬੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਦਿਲਚਸਪ ਕਹਾਣੀਆਂ ਦੇ ਰੂਪ ਵਿਚ ਲਿਖਕੇ ਕਮਾਲ ਕਰ ਦਿੱਤੀ ਹੈ। ਆਮ ਤੌਰ 'ਤੇ ਅਜਿਹੀਆਂ ਸਮੱਸਿਆਵਾਂ ਬਾਰੇ ਲੇਖ ਲਿਖੇ ਜਾਂਦੇ ਹਨ। ਜਿਵੇਂ ਕੈਨੇਡਾ ਦੀ ਸਿਹਤ ਪ੍ਰਣਾਲੀ ਬਾਰੇ ਬਹੁਤ ਹੀ ਸੁਚੱਜੇ ਢੰਗ ਨਾਲ ਕਹਾਣੀਆਂ ਵਿਚ ਘਟਨਾਵਾਂ ਦੀਆਂ ਉਦਹਾਰਣਾਂ ਦੇ ਕੇ ਦੱਸਿਆ ਗਿਆ ਹੈ। ਕਈ ਕਹਾਣੀਆਂ ਵਿਚ ਜੱਗੀ ਬਰਾੜ ਸਮਾਲਸਰ ਨੇ ਇਕ ਦੀ ਥਾਂ ਕਈ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਹੈ। ਪੰਜਾਬੀਆਂ ਦੀ ਮਾਨਸਿਕਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਹੈ ਕਿ ਪਰਵਾਸ ਵਿਚ ਆ ਕੇ ਉਹ ਕੈਨੇਡਾ ਦੇ ਸਿਆਸਤਦਾਨਾਂ ਨਾਲ ਤਸਵੀਰਾਂ ਖਿਚਵਾਉਂਦੇ ਹਨ, ਭਾਵੇਂ ਉਨ੍ਹਾਂ ਦੇ ਵਿਚਾਰਾਂ ਦੇ ਆਪਸੀ ਮਤਭੇਦ ਵੀ ਹੋਣ। ਵਾਲੰਟੀਅਰਜ਼ ਨੂੰ ਪੀਜ਼ੇ ਅਤੇ ਸਮੋਸਿਆਂ ਦੇ ਲਾਲਚ ਦੇ ਕੇ ਤਸਵੀਰਾਂ ਖਿਚਾਈਆਂ ਜਾਂਦੀਆਂ ਹਨ। ਕੈਨੇਡੀਅਨ ਪੰਜਾਬੀ ਪੰਜਾਬ ਜਾ ਕੇ ਪੰਜਾਬੀ ਸਿਆਸਤਦਾਨਾਂ ਨਾਲ ਤਸਵੀਰਾਂ ਖਿਚਾਉਂਦੇ ਹਨ। ਦਾਨ ਦੇਣ ਬਾਰੇ ਕੈਨੇਡਾ ਅਤੇ ਪੰਜਾਬ ਦਾ ਜ਼ਮੀਨ-ਅਸਮਾਨ ਦਾ ਫਰਕ ਹੈ, ਪੰਜਾਬ ਵਿਚ ਤਾਂ ਪੱਖੇ ਦਾਨ ਕਰਕੇ ਉਨ੍ਹਾਂ 'ਤੇ ਨਾਮ ਲਿਖ ਦਿੱਤਾ ਜਾਂਦਾ ਹੈ ਪ੍ਰੰਤੂ ਪਰਵਾਸ ਵਿਚ ਅੰਗ ਦਾਨ ਨੂੰ ਦਾਨ ਸਮਝਿਆ ਜਾਂਦਾ ਹੈ। ਇਥੋਂ ਤੱਕ ਕਿ ਬੱਚੇ ਦਾ ਨਾੜੂਆ ਦਾਨ ਕੀਤਾ ਜਾਂਦਾ ਹੈ, ਜੋ ਉਸ ਦੇ ਮਾਪਿਆਂ ਨੂੰ ਕੈਂਸਰ ਦੀ ਬੀਮਾਰੀ ਦੇ ਇਲਾਜ ਲਈ ਵਰਤਿਆ ਜਾ ਸਕਦਾ ਹੈ। ਪੰਜਾਬੀ ਵਿਦਿਆਰਥੀਆਂ ਬਾਰੇ ਵੀ ਦਿਲਚਸਪ ਜਾਣਕਾਰੀ ਦਿੱਤੀ ਗਈ ਹੈ ਕਿ ਕਿਵੇਂ ਉਨ੍ਹਾਂ ਨੂੰ ਸੈਟਲ ਹੋਣ ਅਤੇ ਪੀ.ਆਰ. ਲੈਣ ਲਈ ਜੱਦੋ-ਜਹਿਦ ਕਰਨੀ ਪੈਂਦੀ ਹੈ। ਪਰਵਾਸ ਵਿਚ ਬੱਚਿਆਂ ਨੂੰ ਕੁੱਤਿਆਂ ਦਾ ਪਿਆਰ ਕਿਵੇਂ ਪ੍ਰਭਾਵਤ ਕਰਦਾ ਹੈ। 'ਫ਼ਲਾਈਟ ਨੰਬਰ ਵੱਨ ਏਟੀ ਟੂ' ਕਹਾਣੀ ਸਾਬਤ ਕਰਦੀ ਹੈ ਕਿ ਅਜਿਹੀਆਂ ਹਿਰਦੇਵੇਦਿਕ ਘਟਨਾਵਾਂ ਇਨਸਾਨ ਦੇ ਚੇਤਿਆਂ ਵਿਚ ਘੁੰਮਦੀਆਂ ਰਹਿੰਦੀਆਂ ਹਨ। ਇਹ ਕਹਾਣੀ ਪੰਜਾਬ ਦੇ ਕਾਲੇ ਦਿਨਾਂ ਦੀਆਂ ਘਟਨਾਵਾਂ ਨੂੰ ਵੀ ਯਾਦ ਕਰਵਾਉਂਦੀ ਹੈ ਕਿ ਕਿਵੇਂ ਪੰਜਾਬੀਆਂ ਨੇ ਸੰਤਾਪ ਭੋਗਿਆ ਹੈ। ਜੱਗੀ ਬਰਾੜ ਸਮਾਲਸਰ ਪ੍ਰਸ਼ੰਸਾ ਦੀ ਪਾਤਰ ਹੈ ਕਿਉਂਕਿ ਉਨ੍ਹਾਂ ਆਪਣੀਆਂ ਲਗਪਗ ਸਾਰੀਆਂ ਕਹਾਣੀਆਂ ਦੇ ਨਾਮ ਵੀ ਬੜੇ ਵਧੀਆ ਅਤੇ ਦਿਲ ਨੂੰ ਟੁੰਬਣ ਵਾਲੇ ਲਿਖੇ ਹਨ, ਜਿਨ੍ਹਾਂ ਨੂੰ ਪੜ੍ਹਕੇ ਕਹਾਣੀ ਪੜ੍ਹਨ ਲਈ ਪਾਠਕ ਵਿਚ ਉਤੇਜਨਾ ਪੈਦਾ ਹੋ ਜਾਂਦੀ ਹੈ। ਉਦਾਹਰਣ ਲਈ ਕੈਨੇਡੀਅਨ ਪਾਸਪੋਰਟ, ਮੁਰਦਾ ਖਤ, ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ, ਤਿੰਨ ਗੋਤ, ਸਮੋਸਾ ਕਲਚਰ, ਨਾਨਕਾ ਢੇਰੀ, ਪਾਰੋ, ਗੂੰਗਾ ਸੱਚ, ਛੋਟੀ ਮੌਮ ਅਤੇ ਨਾ ਜਾ ਬਰ੍ਹਮਾ ਨੂੰ, ਲੇਖ ਜਾਣਗੇ ਨਾਲੇ ਆਦਿ। ਕਹਾਣੀਕਾਰ ਦੀ ਸੋਚ ਅਤੇ ਤਕਨੀਕ ਤੋਂ ਜ਼ਾਹਰ ਹੁੰਦਾ ਹੈ ਕਿ ਭਵਿੱਖ ਵਿਚ ਹੋਰ ਵੀ ਸਾਰਥਿਕ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਕਰਕੇ ਪੰਜਾਬੀਆਂ ਅਤੇ ਕੈਨੇਡੀ ਪੰਜਾਬੀਆਂ ਦਾ ਮਾਰਗ ਦਰਸ਼ਨ ਕਰੇਗੀ।

260 ਪੰਨਿਆਂ, 495 ਰੁਪਏ ਕੀਮਤ ਵਾਲਾ ਇਹ ਕਹਾਣੀ ਸੰਗ੍ਰਹਿ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪੰਜਾਬ ਹਿਤੈਸ਼ੀ ਚਿੰਤਕ ਪ੍ਰੋ: ਪਿਆਰਾ ਸਿੰਘ ਭੋਗਲ ਇੱਕ ਵਿਅਕਤੀ ਨਹੀਂ, ਸਗੋਂ ਇੱਕ ਸੰਸਥਾ ਸਨ

ਗੁਰਮੀਤ ਸਿੰਘ ਪਲਾਹੀ

# ਮੋਬਾਈਲ : 98158-02070
(Punjab Mail USA)



ਪੰਜਾਬ ਹਿਤੈਸ਼ੀ ਪ੍ਰਸਿੱਧ ਲੇਖਕ, ਆਲੋਚਕ, ਜਾਣੇ-ਪਹਿਚਾਣੇ ਕਾਲਮਨਵੀਸ ਅਤੇ ਸਿੱਖਿਆ ਸ਼ਾਸਤਰੀ ਪ੍ਰੋ: ਪਿਆਰਾ ਸਿੰਘ ਭੋਗਲ, ਧਰਤੀ ਨਾਲ ਜੁੜੇ ਹੋਏ ਇਹੋ ਸਖ਼ਸ਼ ਸਨ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਦ੍ਰਿੜ੍ਹ, ਸੁਚੱਜੀ, ਸਾਫ਼-ਸੁਥਰੀ ਸੋਚ ਨਾਲ ਗੁਜ਼ਾਰੀ। ਸਮੇਂ-ਸਮੇਂ ਪੰਜਾਬੀ ਕੌਮ ਨੂੰ ਆਏ ਸੰਕਟ ਸਮੇਂ ਨਿਡਰ, ਨਿਰਭੈ ਰਹਿ ਕੇ ਆਪਣੀ ਤਿੱਖੀ ਕਲਮ ਚਲਾਈ ਅਤੇ ਰਾਹ ਦਸੇਰਾ ਬਣਕੇ ਇੱਕ ਸੁਚੱਜੇ ਬੁੱਧੀਜੀਵੀ ਲੇਖਕ ਹੋਣ ਦਾ ਪ੍ਰਮਾਣ ਦਿੱਤਾ।

ਪ੍ਰੋ. ਪਿਆਰਾ ਸਿੰਘ ਭੋਗਲ 92 ਵਰ੍ਹੇ ਤੋਂ ਵੱਧ ਜੀਵੇ। ਆਪਣੀ ਉਮਰ ਦੇ ਆਖ਼ਰੀ ਦੋ-ਤਿੰਨ ਵਰ੍ਹੇ ਛੱਡਕੇ ਉਨ੍ਹਾਂ ਸਿਹਤਮੰਦ, ਕਾਰਜਸ਼ੀਲ ਜ਼ਿੰਦਗੀ ਗੁਜ਼ਾਰੀ ਅਤੇ ਇਨ੍ਹਾਂ ਆਖ਼ਰੀ ਵਰ੍ਹਿਆਂ ਵਿਚ ਵੀ ਉਹ ਆਪਣੀ ਸੋਚ ਮੁਤਾਬਕ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਮੁਦੱਈ ਅਖ਼ਬਾਰ "ਅਜੀਤ" ਲਈ ਕਦੇ ਕਦਾਈਂ ਸਿਆਸੀ ਕਾਲਮ ਲਿਖਦੇ ਰਹੇ।


ਉਹ ਪੰਜਾਬ ਦੇ ਪ੍ਰਸਿੱਧ ਇਤਹਾਸਕ ਪਿੰਡ ਪਲਾਹੀ ਵਿਖੇ 14 ਅਗਸਤ, 1931 ਨੂੰ ਜਨਮੇ। ਇਹ ਪਿੰਡ ਉਨ੍ਹਾਂ ਦਾ ਨਾਨਕਾ ਪਿੰਡ ਹੈ। ਅੱਠਵੀਂ ਤੱਕ ਦੀ ਪੜ੍ਹਾਈ ਉਨ੍ਹਾਂ ਆਪਣੇ ਨਾਨਕੇ ਪਿੰਡ ਕੀਤੀ। ਦਸਵੀਂ ਰਾਮਗੜ੍ਹੀਆ ਹਾਈ ਸਕੂਲ ਸਤਨਾਮਪੁਰਾ ਫਗਵਾੜਾ ਵਿਖੇ ਕੀਤੀ। ਉਪਰੰਤ ਲਿਖਣ ਦੇ ਸ਼ੌਕ ਕਾਰਨ ਉਨ੍ਹਾਂ ਪਹਿਲਾਂ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ (ਰਜਿ:) ਵਲੋਂ ਛਾਪੇ ਜਾਂਦੇ ਰਾਮਗੜ੍ਹੀਆ ਸੰਦੇਸ਼ ਨਾਮ ਦੇ ਫਗਵਾੜਾ ਤੋਂ ਨਿਕਲਦੇ ਸਪਤਾਹਿਕ ਪੱਤਰ 'ਚ ਕੰਮ ਕੀਤਾ, ਫਿਰ ਉਹ ਸ: ਸਾਧੂ ਸਿੰਘ ਹਮਦਰਦ ਜੀ ਦੀ ਸਰਪ੍ਰਸਤੀ ਹੇਠ ਜਲੰਧਰ ਸ਼ਹਿਰ ਤੋਂ ਨਿਕਲਦੇ ਅਖ਼ਬਾਰ "ਅਜੀਤ" 'ਚ ਸਬ-ਐਡੀਟਰ ਦੇ ਤੌਰ 'ਤੇ ਕੰਮ ਕਰਨ ਲੱਗੇ। ਉਨ੍ਹਾਂ ਦਾ ਪੱਤਰਕਾਰੀ ਦਾ ਇਹ ਸਫ਼ਰ ਜ਼ਿੰਦਗੀ ਭਰ ਜਾਰੀ ਰਿਹਾ।

ਭਾਵੇਂ ਕਿ ਕੁਝ ਸਮੇਂ ਬਾਅਦ ਕੁਲਵਕਤੀ ਨੌਕਰੀ ਛੱਡਕੇ ਉਨ੍ਹਾਂ ਆਪਣੀ ਐਮ.ਏ. ਪੰਜਾਬੀ ਦੀ ਪੜ੍ਹਾਈ ਪ੍ਰਾਈਵੇਟ ਤੌਰ 'ਤੇ ਪੂਰੀ ਕਰਨ ਉਪਰੰਤ ਪੱਕਾ ਬਾਗ, ਜਲੰਧਰ ਵਿਖੇ ਯੂਨੀਵਰਸਲ ਕਾਲਜ ਖੋਲ੍ਹਿਆ, ਜਿਥੇ ਉਹ ਨੌਜਵਾਨ ਲੜਕੇ, ਲੜਕੀਆਂ ਨੂੰ ਗਿਆਨੀ, ਐੱਮ.ਏ. ਪੰਜਾਬੀ ਪੜ੍ਹਾਇਆ ਕਰਦੇ ਸਨ। ਇਸੇ ਦੌਰਾਨ ਉਨ੍ਹਾਂ ਆਲੋਚਨਾ ਦੀਆਂ ਪੁਸਤਕਾਂ ਲਿਖੀਆਂ, ਜੋ ਕਿ ਪੰਜਾਬੀ ਦੇ ਵਿਦਿਆਰਥੀਆਂ ਲਈ ਲਾਭਦਾਇਕ ਸਿੱਧ ਹੋਈਆਂ।

ਉਹ ਪੰਜਾਬੀ ਦੇ ਅਧਿਆਪਨ ਖੇਤਰ 'ਚ ਇੰਨੇ ਪ੍ਰਸਿੱਧ ਹੋਏ ਕਿ ਜਲੰਧਰ ਸ਼ਹਿਰ ਦੇ ਕਾਲਜਾਂ ਦੇ ਪੰਜਾਬੀ ਵਿਭਾਗਾਂ 'ਚ ਜਿੰਨੇ ਵਿਦਿਆਰਥੀ ਪੰਜਾਬੀ ਐੱਮ.ਏ. ਕਰਿਆ ਕਰਦੇ ਸਨ, ਉਸ ਤੋਂ ਵੀ ਵੱਧ ਗਿਣਤੀ 'ਚ ਵਿਦਿਆਰਥੀ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਉਨ੍ਹਾਂ ਦੇ ਸਥਾਪਿਤ ਯੂਨੀਵਰਸਲ ਕਾਲਜ ਵਿਚ ਲਾਇਆ ਕਰਦੇ ਸਨ। ਸੈਂਕੜਿਆਂ ਦੀ ਗਿਣਤੀ 'ਚ ਵਿਦਿਆਰਥੀਆਂ ਨੇ ਉਨ੍ਹਾਂ ਦੀ ਕਰਾਈ ਪੜ੍ਹਾਈ ਉਪਰੰਤ ਐੱਮ.ਏ. ਪੰਜਾਬੀ ਪਾਸ ਕੀਤੀ ਅਤੇ ਮੰਨੇ-ਪ੍ਰਮੰਨੇ ਪੰਜਾਬ ਦੇ ਕਾਲਜਾਂ 'ਚ ਅਧਿਆਪਨ ਕਾਰਜ ਕੀਤਾ ਅਤੇ ਸਰਕਾਰੀ ਗੈਰ-ਸਰਕਾਰੀ ਸਕੂਲਾਂ 'ਚ ਅਧਿਆਪਕ ਵਜੋਂ ਸੇਵਾ ਕੀਤੀ।

ਇੱਕ ਸਿੱਖਿਆ ਸ਼ਾਸਤਰੀ ਵਜੋਂ ਵੱਡੀਆਂ ਪ੍ਰਾਪਤੀਆਂ ਦੇ ਮੱਦੇਨਜ਼ਰ ਉਨ੍ਹਾਂ ਦਾ ਪੰਜਾਬ ਦੇ ਸਿੱਖਿਆ ਅਦਾਰਿਆਂ ਨਾਲ ਵੱਡਾ ਸੰਪਰਕ ਤੇ ਸਹਿਯੋਗ ਰਿਹਾ। ਪਿੰਡ ਪਲਾਹੀ ਦੇ ਸਿੱਖਿਆ ਅਦਾਰੇ ਸ੍ਰੀ ਗੁਰੂ ਹਰਿਗੋਬਿੰਦ ਐਜੂਕੇਸ਼ਨਲ ਕੌਂਸਲ, ਜਿਸ ਵਲੋਂ ਖਾਲਸਾ ਐਂਗਲੋ ਵਰਨੈਕੂਲਰ ਸਕੂਲ ਚਲਾਇਆ ਜਾਂਦਾ ਸੀ, ਦੇ ਉਹ ਵਿਦਿਆਰਥੀ ਰਹੇ, ਉਸੇ ਸੰਸਥਾ ਦੇ ਉਹ ਬਾਅਦ ਵਿਚ ਤਿੰਨ ਵਰ੍ਹੇ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਹੇ।

ਫਗਵਾੜਾ ਦੇ ਸਿੱਖਿਆ ਅਦਾਰੇ, ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ, ਜੋ 1969 'ਚ ਇਲਾਕੇ ਦੇ ਲੋਕਾਂ ਵਲੋਂ ਗੁਰੂ ਨਾਨਕ ਦੇਵ ਜੀ ਦੀ 500ਵੇਂ ਪ੍ਰਕਾਸ਼ ਦਿਹਾੜੇ ਵਰ੍ਹੇ ਸਮੇਂ ਸਥਾਪਿਤ ਕੀਤਾ ਗਿਆ ਸੀ ਅਤੇ ਜਿਸਦੇ ਲੰਮਾ ਸਮਾਂ ਪ੍ਰਧਾਨ ਜਗਤ ਸਿੰਘ ਪਲਾਹੀ ਰਹੇ, ਉਸ ਕਾਲਜ ਦੇ ਉਹ ਐਕਟਿੰਗ ਪ੍ਰਧਾਨ ਬਣੇ ਅਤੇ ਲੰਮਾ ਸਮਾਂ ਸਿੱਖਿਆ ਸੁਧਾਰ ਦੇ ਕੰਮਾਂ 'ਚ ਕਾਰਜ਼ਸ਼ੀਲ ਰਹੇ। ਇਸੇ ਦੌਰਾਨ ਉਨ੍ਹਾਂ ਪਿੰਡ ਪਲਾਹੀ ਦੀ ਪੇਂਡੂ ਵਿਕਾਸ ਲਈ ਕਾਰਜ਼ਸ਼ੀਲ ਸੰਸਥਾ ਕਮਿਊਨਿਟੀ ਪੌਲੀਟੈਕਨਿਕ ਪਲਾਹੀ ਦੇ ਐਕਟਿੰਗ ਚੇਅਰਮੈਨ ਵਜੋਂ ਕੰਮ ਕੀਤਾ ਅਤੇ ਪੇਂਡੂ ਵਿਕਾਸ ਸਕੀਮਾਂ 'ਚ ਅਹਿਮ ਯੋਗਦਾਨ ਪਾਇਆ।



ਇੱਕ ਲੇਖਕ ਵਜੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਬਹੁਤ ਵੱਡੀਆਂ ਹਨ। ਉਨ੍ਹਾਂ ਨੇ 70 ਵਰ੍ਹੇ ਪਹਿਲਾਂ ਪੰਜਾਬੀ 'ਚ ਲਿਖਣਾ ਸ਼ੁਰੂ ਕੀਤਾ ਅਤੇ 23 ਸਾਲ ਦੀ ਉਮਰ 'ਚ ਹੀ ਦੋ ਕਿਤਾਬਾਂ ਪ੍ਰਕਾਸ਼ਤ ਕਰਾਈਆਂ। ਉਨ੍ਹਾਂ ਨੇ ਆਪਣੇ ਜੀਵਨ 'ਚ 60 ਕਿਤਾਬਾਂ ਲਿਖੀਆਂ, ਜਿਨ੍ਹਾਂ 'ਚ 6 ਨਾਵਲ, 10 ਆਲੋਚਨਾ ਦੀਆਂ ਪੁਸਤਕਾਂ, 5 ਕਹਾਣੀ ਸੰਗ੍ਰਹਿ, 4 ਨਾਟਕ/ਇਕਾਂਗੀ ਸੰਗ੍ਰਹਿ, ਆਪਣੀ ਸਵੈ-ਜੀਵਨੀ ਅਤੇ ਕੁਝ ਤਰਜ਼ਮੇ ਦੀਆਂ ਪੁਸਤਕਾਂ ਸ਼ਾਮਲ ਹਨ। ਉਨ੍ਹਾਂ ਦਾ ਨਾਵਲ "ਨਾਰੀ" ਅਤੇ ਪੰਜਾਬੀ ਸਾਹਿਤ ਦਾ ਇਤਿਹਾਸ ਪੰਜਾਬੀ ਸਾਹਿਤ ਦਾ ਮੀਲ ਪੱਥਰ ਸਾਬਤ ਹੋਏ।

ਪੰਜਾਬੀ ਸਾਹਿਤ ਦਾ ਇਤਿਹਾਸ ਕਿਤਾਬ ਤਾਂ ਉਨ੍ਹਾਂ ਦੀ ਇੰਨੀ ਮਸ਼ਹੂਰ ਕਿਤਾਬ ਸੀ, ਜਿਸਦੇ 4 ਐਡੀਸ਼ਨ ਛਪੇ। ਪੂਰਾ ਇੱਕ ਦਹਾਕਾ ਉਨ੍ਹਾਂ ਨੇ ਰੈਗੂਲਰ "ਅਜੀਤ" ਅਤੇ ਪੰਜਾਬੀ ਟ੍ਰਿਬਿਊਨ ਅਤੇ ਵਿਦੇਸ਼ੋਂ ਨਿਕਲਦੇ ਪੇਪਰਾਂ ਇੰਡੋ ਕੈਨੇਡੀਅਨ ਟਾਈਮਜ਼, ਸਰੀ (ਕੈਨੇਡਾ) ਪੰਜਾਬੀ ਟਾਈਮਜ਼ ਲੰਦਨ ਲਈ ਲਗਾਤਾਰ ਸਿਆਸੀ ਕਾਲਮ ਲਿਖੇ। ਆਪਣੀਆਂ ਵੱਡਮੁੱਲੀਆਂ ਪੁਸਤਕਾਂ ਤੋਂ ਬਿਨ੍ਹਾਂ ਉਨ੍ਹਾਂ 500 ਤੋਂ ਵੱਧ ਕਾਲਮ ਸਮੇਂ-ਸਮੇਂ ਤੇ ਅਖ਼ਬਾਰਾਂ ਲਈ ਲਿਖੇ। ਵੱਡੀ ਗਿਣਤੀ 'ਚ ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ 'ਚ ਛਪੀਆਂ। ਉਹ ਕਈ ਵਾਰ ਦੇਸ਼-ਪ੍ਰਦੇਸ਼ 'ਚ ਕਰਵਾਈਆਂ ਗਈਆਂ ਸਾਹਿਤਕ ਕਾਨਫਰੰਸਾਂ 'ਚ ਸ਼ਾਮਲ ਹੋਏ ਅਤੇ ਪੰਜਾਬੀ ਸਾਹਿਤ ਦੇ ਅਨੇਕਾਂ ਵਿਸ਼ਿਆਂ 'ਤੇ ਉਨ੍ਹਾਂ ਆਲੋਚਨਾਤਮਿਕ ਖੋਜ ਪੱਤਰ ਪੜ੍ਹੇ।

ਪੰਜਾਬੀ ਸਾਹਿਤਕ ਸਰਗਰਮੀਆਂ ਨਾਲ ਉਹ ਲਗਾਤਾਰ ਜੁੜੇ ਰਹੇ। ਉਹ ਪੰਜਾਬ ਦੀ ਪ੍ਰਸਿੱਧ ਲੇਖਕਾਂ ਦੀ ਸੰਸਥਾ, ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਰਹੇ, ਜੋ ਕਿ ਇਲਾਕੇ ਦੇ ਲੇਖਕਾਂ ਦੀ ਸਿਰਮੌਰ ਸੰਸਥਾ ਸੀ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਕਈ ਵਰ੍ਹੇ ਮੀਤ ਪ੍ਰਧਾਨ ਚੁਣੇ ਜਾਂਦੇ ਰਹੇ। ਇਹ ਸੰਸਥਾ ਪੰਜਾਬੀ ਲੇਖਕਾਂ ਦੀ ਪ੍ਰਸਿੱਧ ਸੰਸਥਾ ਰਹੀ, ਜਿਸ ਵਲੋਂ ਪੰਜਾਬੀ ਦੇ ਲੇਖਕਾਂ ਨੂੰ ਇੱਕ ਲੜੀ 'ਚ ਪਰੋ ਕੇ ਵੱਡੀਆਂ ਸਾਹਿਤਕ ਸਰਗਰਮੀਆਂ, ਜਿਨ੍ਹਾਂ 'ਚ ਸਾਹਿਤਕ ਸੈਮੀਨਾਰ, ਵੱਡੇ ਸਾਹਿਤਕ ਇਕੱਠ ਕਰਵਾਏ ਜਾਂਦੇ ਰਹੇ। ਜਲੰਧਰ ਵਿਖੇ ਵੀ ਕਈ ਵੱਡੇ ਸਾਹਿਤਕ ਇਕੱਠ ਉਨ੍ਹਾਂ ਦੀ ਅਗਵਾਈ 'ਚ ਗੁਰਬਖਸ਼ ਸਿੰਘ ਬੰਨੋਆਣਾ, ਜਗਦੀਸ਼ ਸਿੰਘ ਵਰਿਆਮ ਦੇ ਸਾਥ ਨਾਲ ਕਰਵਾਏ ਜਾਂਦੇ ਰਹੇ।

ਉਹ ਪੰਜਾਬੀ ਲੇਖਕ ਸਭਾ ਪਲਾਹੀ ਦੇ ਪ੍ਰਧਾਨ ਰਹੇ, ਜਿਸ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪਹਿਲੇ ਪ੍ਰਧਾਨ ਗਿਆਨੀ ਹੀਰਾ ਸਿੰਘ ਦਰਦ ਦੀ ਯਾਦ 'ਚ ਬਹੁ ਚਰਚਿਤ ਪੁਰਸਕਾਰ ਸ਼ੁਰੂ ਕੀਤਾ ਗਿਆ, ਜਿਹੜਾ ਪੰਜਾਬੀ ਕਹਾਣੀਕਾਰਾਂ ਨੂੰ ਕਈ ਵਰ੍ਹੇ ਪ੍ਰਦਾਨ ਕੀਤਾ ਜਾਂਦਾ ਰਿਹਾ।

ਪ੍ਰੋ. ਪਿਆਰਾ ਸਿੰਘ ਭੋਗਲ ਜ਼ਿੰਦਗੀ ਭਰ ਨਵੇਂ ਲੇਖਕਾਂ ਲਈ ਪ੍ਰੇਰਨਾ ਸਰੋਤ ਬਣੇ। ਉਹ ਇਸ ਗੱਲ ਦੇ ਮੁੱਦਈ ਰਹੇ ਕਿ ਲੇਖਕਾਂ ਨੂੰ ਆਪਣੀਆਂ ਪ੍ਰੋੜ ਲਿਖਤਾਂ ਲਈ ਵੱਧ ਤੋਂ ਵੱਧ ਵਿਸ਼ਵ ਪੱਧਰੀ ਸਾਹਿਤ ਦਾ ਅਧਿਐਨ ਕਰਨਾ ਚਾਹੀਦਾ ਹੈ। ਉਹ ਇਸ ਗੱਲ ਦੇ ਵੀ ਮੁੱਦਈ ਸਨ ਕਿ ਪੰਜਾਬੀਆਂ 'ਚ ਪੜ੍ਹਨ ਦਾ ਸ਼ੌਕ ਪੈਦਾ ਕਰਨ ਲਈ ਚੰਗੀਆਂ ਪੁਸਤਕਾਂ ਛਾਪਣੀਆਂ ਚਾਹੀਦੀਆਂ ਹਨ ਅਤੇ ਪਿੰਡਾਂ 'ਚ ਖ਼ਾਸ ਕਰਕੇ ਲਾਇਬ੍ਰੇਰੀਆਂ ਦਾ ਜਾਲ ਵਿਛਾਇਆ ਜਾਣਾ ਚਾਹੀਦਾ ਹੈ। ਉਹ ਸਾਰੀ ਉਮਰ ਲੇਖਕਾਂ ਦੇ ਇਸ ਸੰਘਰਸ਼ ਕਿ ਪੰਜਾਬੀ, ਪੰਜਾਬ ਦੇ ਦਫ਼ਤਰਾਂ 'ਚ ਪੂਰੀ ਤਰ੍ਹਾਂ ਲਾਗੂ ਹੋਣੀ ਚਾਹੀਦੀ ਹੈ ਅਤੇ ਸੂਬੇ 'ਚ ਇਹ ਕਾਰੋਬਾਰੀ ਭਾਸ਼ਾ ਹੋਣੀ ਚਾਹੀਦੀ ਹੈ, ਨਾਲ ਖੜ੍ਹੇ ਰਹੇ।

ਆਪਣੇ ਸਾਹਿਤਕ ਜੀਵਨ ਕਾਲ 'ਚ ਉਨ੍ਹਾਂ ਨੂੰ ਸਰਕਾਰੋਂ-ਦਰਬਾਰੋਂ ਘੱਟ, ਪਰ ਲੋਕ ਦਰਬਾਰੋਂ ਵੱਡੇ ਲੋਕ-ਸਨਮਾਨ ਪ੍ਰਾਪਤ ਹੋਏ।

ਦੋ ਵਰ੍ਹੇ ਪਹਿਲਾਂ ਪੰਜਾਬੀ ਵਿਰਸਾ ਟਰੱਸਟ (ਰਜਿ:) ਅਤੇ ਪੰਜਾਬੀ ਲੇਖਕ ਸਭਾ ਪਲਾਹੀ ਵਲੋਂ ਸਾਂਝੇ ਤੌਰ 'ਤੇ ਉਨ੍ਹਾਂ ਨੂੰ ਜੀਵਨ ਭਰ ਦੀ ਸਾਹਿਤਕ ਪ੍ਰਾਪਤੀਆਂ ਲਈ ਬਿਮਾਰੀ ਦੀ ਅਵਸਥਾ 'ਚ ਸਨਮਾਨਤ ਕੀਤਾ ਗਿਆ। ਇਸ ਸਨਮਾਨ ਸਮੇਂ ਪ੍ਰਸਿੱਧ ਚਿੰਤਕ ਸਤਨਾਮ ਸਿੰਘ ਮਾਣਕ, ਲਖਵਿੰਦਰ ਸਿੰਘ ਜੌਹਲ, ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ, ਗੁਰਮੀਤ ਸਿੰਘ ਪਲਾਹੀ, ਲੇਖਕ ਐੱਸ.ਐੱਲ. ਵਿਰਦੀ ਸ਼ਾਮਲ ਹੋਏ। ਇਹ ਸਨਮਾਨ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਦਿੱਤਾ ਗਿਆ, ਜਿਸ ਵਿਚ ਨਕਦ ਰਾਸ਼ੀ, ਮੰਮੈਂਟੋ, ਦੁਸ਼ਾਲਾ ਸ਼ਾਮਲ ਸੀ।

ਪੰਜਾਬ ਦੇ ਔਖੇ ਵੇਲਿਆਂ 'ਚ ਭਖ਼ਦੇ ਮਸਲਿਆਂ 'ਤੇ ਵਿਚਾਰ ਚਰਚਾ ਕਰਨ ਅਤੇ ਪੰਜਾਬੀਆਂ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਜਾਗ੍ਰਿਤ ਕਰਨ ਅਤੇ ਸੰਘਰਸ਼ ਕਰਨ ਦੀ ਪ੍ਰੇਰਨਾ ਦੇਣ ਵਾਲੀ ਸੰਸਥਾ "ਪੰਜਾਬ ਜਾਗਰਤੀ ਮੰਚ" ਦੇ ਉਹ ਪ੍ਰਧਾਨ ਬਣੇ ਅਤੇ ਲੰਮਾ ਸਮਾਂ ਇਹ ਸੇਵਾ ਨਿਭਾਉਂਦੇ ਰਹੇ। ਉਹ ਬੇਬਾਕੀ ਨਾਲ ਇਸ ਸੰਸਥਾ ਵਲੋਂ ਕਰਵਾਏ ਸਮਾਗਮਾਂ, ਸੈਮੀਨਾਰਾਂ 'ਚ ਬੋਲਦੇ, ਆਪਣੇ ਵਿਚਾਰ ਰੱਖਦੇ।

ਇਸ ਸਮੇਂ ਬਹੁਤੀ ਵਾਰ ਉਨ੍ਹਾਂ ਨੂੰ "ਔਖੇ ਵੇਲਿਆਂ" ਦਾ ਵੀ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਨੇ ਆਪਣੇ ਸਾਥੀ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਅਤੇ ਹੋਰ ਚਿੰਤਕਾਂ ਨਾਲ ਰਲਕੇ "ਪੰਜਾਬ ਪ੍ਰਸਤ" ਹੋਣ ਦਾ ਵੱਡਾ ਸਬੂਤ ਦਿੱਤਾ। ਪ੍ਰੋ: ਪਿਆਰਾ ਸਿੰਘ ਭੋਗਲ ਦੇ ਲੇਖਕਾਂ, ਚਿੰਤਕਾਂ, ਸਿਆਸੀ ਨੇਤਾਵਾਂ ਨਾਲ ਗੂੜ੍ਹੇ ਸਬੰਧ ਸਨ। ਪਰ ਜ਼ਿੰਦਗੀ ਭਰ ਉਨ੍ਹਾਂ ਕਿਸੇ ਤੋਂ ਕੋਈ ਲਾਹਾ ਲੈਣ ਦਾ ਯਤਨ ਨਹੀਂ ਕੀਤਾ। ਅਸਲ ਵਿਚ ਪੰਜਾਬ ਹਿਤੈਸ਼ੀ ਪ੍ਰੋ: ਪਿਆਰਾ ਸਿੰਘ ਭੋਗਲ ਇੱਕ ਵਿਅਕਤੀ ਨਹੀਂ, ਸਗੋਂ ਇੱਕ ਸੰਸਥਾ ਸਨ।

ਕਲਮ ਦੇ ਧਨੀ ਪ੍ਰੋ: ਪਿਆਰਾ ਸਿੰਘ ਭੋਗਲ ਦਾ ਗ੍ਰਹਿਸਥੀ ਅਤੇ ਸਮਾਜਿਕ ਜੀਵਨ ਸਾਰਥਕ ਰਿਹਾ। ਉਨ੍ਹਾਂ ਨੇ ਧਰਮਪਤਨੀ ਮਹਿੰਦਰ ਕੌਰ ਦੇ ਸਾਥ ਨਾਲ ਆਪਣੇ ਦੋਵਾਂ ਪੁੱਤਰਾਂ ਪ੍ਰੋ: ਹਿਰਦੇਜੀਤ ਸਿੰਘ, ਪ੍ਰੇਮ ਪਾਲ ਸਿੰਘ ਅਤੇ ਪੁੱਤਰੀ ਦੀਪ ਨੂੰ ਉਚੇਰੀ ਸਿੱਖਿਆ ਦੁਆਈ, ਜੋ ਆਪੋ-ਆਪਣੇ ਥਾਂ ਸਫ਼ਲ ਜੀਵਨ ਬਿਤਾ ਰਹੇ ਹਨ।

ਪੰਜਾਬੀ ਪਿਆਰਿਆਂ ਵਲੋਂ ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ।




Editorial Board

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨੌਂ ਵਰ੍ਹਿਆਂ ਦਾ ਲੇਖਾ: ਸਵਾਲ-ਦਰ-ਸਵਾਲ; ਜਵਾਬ ਚੁੱਪੀ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਭਾਰਤ ਉਤੇ ਰਾਜ ਕਰਦਿਆਂ ਮੋਦੀ ਸਰਕਾਰ ਨੇ ਨੌਂ ਵਰ੍ਹੇ ਪੂਰੇ ਕਰ ਲਏ ਹਨ। ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ 'ਚ ਦੂਜੀ ਵਾਰ ਚੋਣ ਜਿੱਤਕੇ ਕੇਂਦਰ ਦੀ ਸੱਤਾ 'ਤੇ ਕਬਜ਼ਾ ਕੀਤਾ।

ਪਹਿਲੀ ਵਾਰ 2014 'ਚ ਭਾਜਪਾ, ਕਾਂਗਰਸ ਨੂੰ ਹਰਾ ਕੇ ਚੋਣ ਜਿੱਤੀ ਸੀ। ਭਾਜਪਾ ਅਤੇ ਉਸਦੇ ਗੱਠਜੋੜ ਨੇ 2014 'ਚ 38.5 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 336 ਲੋਕ ਸਭਾ ਸੀਟਾਂ ਜਿੱਤੀਆਂ, ਜਿਸ ਵਿਚੋਂ ਭਾਜਪਾ ਦੀ ਵੋਟ ਪ੍ਰਤੀਸ਼ਤ 31 ਫ਼ੀਸਦੀ ਅਤੇ ਸੀਟਾਂ 282 ਸਨ।

ਭਾਰਤੀ ਲੋਕ ਸਭਾ ਦੀਆਂ ਕੁੱਲ 542 ਸੀਟਾਂ ਹਨ। 1989 ਤੋਂ ਬਾਅਦ ਲੋਕ ਸਭਾ 'ਚ ਭਾਜਪਾ ਪਹਿਲੀ ਸਿਆਸੀ ਪਾਰਟੀ ਬਣੀ, ਜਿਸਨੇ ਇਕੱਲੇ ਤੌਰ 'ਤੇ ਲੋਕ ਸਭਾ 'ਚ ਬਹੁਮਤ ਪ੍ਰਾਪਤ ਕੀਤਾ।

ਸਾਲ 2019 'ਚ ਭਾਜਪਾ ਅਤੇ ਗਠਜੋੜ ਨੇ 353 ਸੀਟਾਂ ਜਿੱਤੀਆਂ ਤੇ ਜਿਸ ਵਿਚੋਂ ਭਾਜਪਾ ਦੀਆਂ 37.36 ਫ਼ੀਸਦੀ ਵੋਟਾਂ ਅਤੇ 303 ਸੀਟਾਂ ਸਨ। ਭਾਵ ਭਾਜਪਾ ਵੱਡੀ ਬਹੁਗਿਣਤੀ ਨਾਲ 2019 'ਚ ਲੋਕ ਸਭਾ ਚੋਣ ਜਿੱਤੀ। ਭਾਜਪਾ ਅਨੁਸਾਰ ਉਸਦੀ ਜਿੱਤ ਵਿਚ ਸਰਕਾਰੀ ਸਕੀਮਾਂ ਅਤੇ ਵੱਡੇ ਫ਼ੈਸਲਿਆਂ ਨੇ ਅਹਿਮ ਭੂਮਿਕਾ ਨਿਭਾਈ ਹੈ।

ਦੇਸ਼ ਦੀ ਦੂਜੀ ਵੱਡੀ ਸਿਆਸੀ ਪਾਰਟੀ ਕਾਂਗਰਸ ਨੇ ਭਾਜਪਾ ਦੇ 9 ਸਾਲਾਂ ਦੇ ਸ਼ਾਸਨ ਕਾਲ ਸਬੰਧੀ 9 ਸਵਾਲ ਉਠਾਏ ਹਨ। ਕਾਂਗਰਸ ਨੇ ਪੁੱਛਿਆ ਹੈ ਕਿ ਦੇਸ਼ ਵਿਚ ਮਹਿੰਗਾਈ ਅਤੇ ਬੇਰੁਜ਼ਗਾਰੀ ਕਿਉਂ ਵਧ ਰਹੀ ਹੈ? ਆਰਥਿਕ ਨਾ-ਬਰਾਬਰੀ ਕਿਉਂ ਵਧ ਰਹੀ ਹੈ? ਕਿਸਾਨਾਂ ਦੀ ਆਮਦਨ ਦੁੱਗਣੀ ਕਿਉਂ ਨਹੀਂ ਹੋਈ? ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਿਉਂ ਨਹੀਂ ਕੀਤੇ ਗਏ? ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਕਿਉਂ ਨਹੀਂ ਦਿੱਤੀ ਗਈ? ਅਡਾਨੀ ਨੂੰ ਫਾਇਦਾ ਪਹੁੰਚਾਉਣ ਲਈ ਐੱਸ.ਬੀ.ਆਈ. ਅਤੇ ਐੱਲ.ਆਈ.ਸੀ. 'ਚ ਲੋਕਾਂ ਦੀ ਮਿਹਨਤ ਦੀ ਕਮਾਈ ਇਸ ਸਮੂਹ 'ਚ ਕਿਉਂ ਦਿੱਤੀ ਗਈ? ਸਿਆਸੀ ਲਾਹੇ ਲਈ ਡਰ ਦਾ ਮਾਹੌਲ ਕਿਉਂ ਬਣਾਇਆ ਜਾ ਰਿਹਾ ਹੈ? ਔਰਤਾਂ, ਦਲਿਤਾਂ, ਆਦਿਵਾਸੀਆਂ ਅਤੇ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰਾਂ 'ਤੇ ਸਰਕਾਰ ਚੁੱਪ ਕਿਉਂ ਹੈ? ਜਾਤੀ ਆਧਾਰਿਤ ਮਰਦਸ਼ੁਮਾਰੀ (ਜਨਗਣਨਾ) 'ਤੇ ਸਰਕਾਰ ਚੁੱਪੀ ਕਿਉਂ ਸਾਧੀ ਬੈਠੀ ਹੈ? ਵਿਰੋਧੀ ਧਿਰ ਦੇ ਨੇਤਾਵਾਂ ਵਿਰੁੱਧ ਬਦਲਖੋਰੀ ਦੀ ਕਾਰਵਾਈ ਕਿਉਂ ਹੋ ਰਹੀ ਹੈ? ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕਿਉਂ ਹੋ ਰਹੀਆਂ ਹਨ?

ਸਵਾਲ ਬਹੁਤ ਵੱਡੇ ਹਨ। ਸਵਾਲਾਂ 'ਚ ਵਜ਼ਨ ਵੀ ਹੈ। ਇਹ ਸਵਾਲ ਵਿਰੋਧੀ ਧਿਰ ਵਲੋਂ ਕੀਤੇ ਜਾਣੇ ਵੀ ਬਣਦੇ ਹਨ, ਕਿਉਂਕਿ ਇਹ ਸਵਾਲ ਅਹਿਮ ਹਨ।

ਦੇਸ਼ ਦੀ ਆਰਥਿਕਤਾ ਤਬਾਹ ਹੋ ਰਹੀ ਹੈ। ਗਰੀਬੀ, ਅਸਮਾਨਤਾ ਗਲਤ ਫ਼ੈਸਲਿਆਂ ਦਾ ਸਿੱਟਾ ਹੈ। ਇਸ ਨਾਲ ਸਮਾਜ ਦੇ ਅਮੀਰ ਲੋਕ, ਗਰੀਬੀ ਦੇ ਹਾਸ਼ੀਏ 'ਤੇ ਰਹਿਣ ਵਾਲੇ ਲੋਕਾਂ ਨੂੰ ਹੋਰ ਜ਼ਿਆਦਾ ਕਮਜ਼ੋਰ ਕਰ ਰਹੇ ਹਨ, ਉਨ੍ਹਾਂ ਦੇ ਮੌਲਿਕਾਂ ਹੱਕਾਂ ਦੀ ਉਲੰਘਣਾ ਕਰ ਰਹੇ ਹਨ। ਸਮਾਜਿਕ ਬਾਈਕਾਟ ਭੇਦਭਾਵ, ਜਿਹੇ ਗਰੀਬੀ ਦੇ ਕਾਰਕ, ਗਰੀਬੀ 'ਚ ਫਸੇ ਲੋਕਾਂ ਦਾ ਜੀਵਨ ਹੋਰ ਵੀ ਔਖਾ ਬਣਾ ਦਿੰਦੇ ਹਨ। ਇਸ ਤੋਂ ਬਿਨ੍ਹਾਂ ਸੋਕਾ, ਹੜ੍ਹ, ਜਲਵਾਯੂ ਤਬਦੀਲੀ ਜਿਹੀਆਂ ਅਤੇ ਕਰੋਨਾ ਵਰਗੀਆਂ ਆਫ਼ਤਾਂ ਗਰੀਬ ਵਰਗ 'ਤੇ ਵੱਡਾ ਅਸਰ ਪਾਉਂਦੀਆਂ ਹਨ। ਦੇਸ਼ ਦੀ ਹਾਕਮ ਧਿਰ ਇਹਨਾ ਮਾਮਲਿਆਂ 'ਤੇ ਅਸਰਦਾਰ ਫ਼ੈਸਲੇ ਕਰਨ 'ਚ ਨਾਕਾਮਯਾਬ ਰਹੀ ਹੈ, ਇਹ ਅਸਲੀਅਤ ਹੈ।

ਮੌਜੂਦਾ ਸਰਕਾਰ ਜਦੋਂ ਆਪਣੇ ਦਸ ਪ੍ਰਭਾਵਸ਼ਾਲੀ ਫ਼ੈਸਲਿਆਂ, ਨੋਟਬੰਦੀ, ਜੀ.ਐੱਸ.ਟੀ., ਤਿੰਨ ਤਲਾਕ ਕਾਨੂੰਨ ਨੂੰ ਲਾਗੂ ਕਰਨਾ, ਸਰਜੀਕਲ ਸਟਰਾਈਕ, ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਖ਼ਤਮ ਕਰਨ, ਨਾਗਰਿਕਤਾ ਸੋਧ ਕਾਨੂੰਨ, ਰੇਲਵੇ ਬਜਟ ਦਾ ਆਮ ਬਜਟ 'ਚ ਰਲੇਵਾਂ, ਉਜਵਲ ਸਕੀਮ ਯੋਜਨਾ, ਕਿਸਾਨ ਸਨਮਾਨ ਨਿਧੀ ਯੋਜਨਾ, ਆਯੁਸ਼ਮਾਨ ਭਾਰਤ ਯੋਜਨਾ ਨੂੰ ਵੱਡੀ ਪ੍ਰਾਪਤੀ ਦੱਸਦੀ ਹੈ, ਤਾਂ ਭੁੱਲ ਜਾਂਦੀ ਹੈ ਕਿ ਵੱਡੀ ਆਫ਼ਤ ਕਰੋਨਾ ਕਾਲ 'ਚ 40 ਲੱਖ ਲੋਕਾਂ (ਅੰਕੜਿਆਂ ਬਾਰੇ ਮਤਭੇਦ ਹਨ) ਦੀ ਮੌਤ ਹੋਈ ਸੀ, ਇਸਦਾ ਜ਼ਿੰਮੇਵਾਰ ਕੌਣ ਹੈ?

ਇਲਾਜ, ਆਕਸੀਜਨ ਨਾ ਮਿਲਣ ਅਤੇ ਇਥੋਂ ਤੱਕ ਕਿ ਲਾਸ਼ਾਂ ਦਫਨਾਉਣ, ਜਾਲਣ ਦਾ ਪ੍ਰਬੰਧ ਨਾ ਹੋਣਾ, ਕਿਸ ਦੀ ਜ਼ਿੰਮੇਵਾਰੀ ਬਣਦੀ ਸੀ ਇਹ? ਆਫ਼ਤ ਕਾਰਨ ਲੋਕਾਂ ਦਾ ਗਰੀਬੀ ਦੇ ਹਾਸ਼ੀਏ ਵੱਲ ਧੱਕੇ ਜਾਣਾ ਅਤੇ ਅਮੀਰ ਲੋਕਾਂ ਦੀ ਕਰੋਨਾ ਕਾਲ 'ਚ ਆਮਦਨ 'ਚ ਬੇਇੰਤਹਾ ਵਾਧਾ ਤੇ ਲੁੱਟ ਲਈ ਜ਼ਿੰਮੇਵਾਰ ਆਖ਼ਿਰ ਸਰਕਾਰ ਹੀ ਤਾਂ ਹੈ।

"ਵਿਸ਼ਵ ਅਸਮਾਨਤਾ ਲੈਬ" ਵਲੋਂ ਵਿਸ਼ਵ ਅਸਮਾਨਤਾ ਰਿਪੋਰਟ 2022 ਛਾਪੀ ਗਈ ਹੈ। ਭਾਰਤ ਅਸਮਾਨਤਾ ਦੇ ਮਾਮਲੇ 'ਚ ਨੰਬਰ ਇੱਕ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਦੁਨੀਆਂ ਦੀ ਸਭ ਤੋਂ ਗਰੀਬ ਅੱਧੀ ਆਬਾਦੀ ਦੇ ਕੋਲ ਕੁੱਲ ਜਾਇਦਾਦ ਦਾ ਸਿਰਫ਼ ਦੋ ਫ਼ੀਸਦੀ ਹੈ। ਜਦਕਿ ਦੁਨੀਆਂ ਦੇ ਸਭ ਤੋਂ ਅਮੀਰ ਦਸ ਫ਼ੀਸਦੀ ਆਬਾਦੀ ਕੋਲ ਕੁੱਲ ਜ਼ਾਇਦਾਦ ਦਾ 76 ਫ਼ੀਸਦੀ ਹੈ।

ਦੇਸ਼ ਵਿਚ ਸਭ ਤੋਂ ਜ਼ਿਆਦਾ ਆਮਦਨ ਵਾਲੇ 10 ਫ਼ੀਸਦੀ ਅਤੇ ਸਭ ਤੋਂ ਘੱਟ ਆਮਦਨ ਵਾਲੇ 50 ਫ਼ੀਸਦੀ ਵਿਅਕਤੀਆਂ ਦੀ ਔਸਤ ਆਮਦਨ ਵਿਚ ਅੰਤਰ ਦੋ ਗੁਣਾ ਹੋ ਗਿਆ ਹੈ।



ਅਧਿਐਨ ਇਹ ਕਹਿੰਦਾ ਹੈ ਕਿ ਪਿਛਲੇ 40 ਸਾਲਾਂ ਵਿਚ ਦੇਸ਼ ਤਾਂ ਕਾਫੀ ਅਮੀਰ ਹੋ ਗਏ ਹਨ, ਪਰ ਉਨ੍ਹਾਂ ਦੀਆਂ ਸਰਕਾਰਾਂ ਕਾਫੀ ਗਰੀਬ ਹੋ ਗਈਆਂ ਹਨ। ਇਹੋ ਕਾਰਨ ਹੈ ਕਿ ਲੋਕ ਭਲਾਈ ਦੇ ਕਾਰਜਾਂ ਤੋਂ ਸਰਕਾਰਾਂ ਹੱਥ ਖਿੱਚਦੀਆਂ ਹਨ। ਨਾਗਰਿਕਾਂ ਨੂੰ ਸਿੱਖਿਆ, ਸਿਹਤ ਸਹੂਲਤਾਂ ਦੇਣ ਤੋਂ ਕਿਨਾਰਾ ਕਰੀ ਜਾ ਰਹੀਆਂ ਹਨ। ਭਾਰਤ ਦੀ ਹਾਕਮ ਧਿਰ ਦੇ ਕਾਰਜ ਵੀ ਇਸ ਤੋਂ ਵੱਖਰੇ ਨਹੀਂ ਹਨ। ਸਿਹਤ ਸਬੰਧੀ ਅਯੂਸ਼ਮਾਨ ਭਾਰਤ ਯੋਜਨਾ ਦਾ ਦੇਸ਼ ਭਰ 'ਚ ਬੁਰਾ ਹਾਲ ਹੋ ਰਿਹਾ ਹੈ। ਇਹ ਯੋਜਨਾ ਠੁੱਸ ਹੋ ਗਈ ਹੈ। ਦੇਸ਼ ਦੇ ਨਾਗਰਿਕਾਂ ਨੂੰ ਆਪਣੀ ਸਿਹਤ ਸੰਭਾਲ ਅਤੇ ਬੀਮਾਰੀ ਸਮੇਂ ਆਪਣੀ ਆਮਦਨ ਦਾ ਵੱਡਾ ਹਿੱਸਾ ਪੱਲਿਓਂ ਖਰਚਣਾ ਪੈਂਦਾ ਹੈ। ਪਰ ਸਰਕਾਰ ਚੁੱਪੀ ਵੱਟਣ ਤੋਂ ਇਲਾਵਾ ਕੁਝ ਵੀ ਨਹੀਂ ਕਰਦੀ।

ਦੇਸ਼ 'ਚ ਜਨਸੰਖਿਆ ਲਗਾਤਾਰ ਵਧ ਰਹੀ ਹੈ, ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ, ਦੇਸ਼ ਵਿਚ ਪੂੰਜੀ ਦੀ ਕਮੀ ਹੋ ਗਈ ਹੈ। ਬੁਨਿਆਦੀ ਢਾਂਚੇ ਦਾ ਵਿਕਾਸ ਨਹੀਂ ਹੋ ਰਿਹਾ। ਅਧਿਕ ਗਰੀਬੀ ਕਾਰਨ ਲੋਕਾਂ ਨੂੰ ਭੁੱਖ ਤੇ ਕੁਪੋਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਦਿੱਤਾ ਜਾ ਰਿਹਾ ਹੈ। ਪਰ ਕੀ ਇਹ ਅਧੂਰਾ ਸੱਚ ਨਹੀਂ ਹੈ?

ਸਵਾਲ-ਦਰ-ਸਵਾਲ ਇਹ ਹੈ ਕਿ ਦੇਸ਼ 'ਚ ਇੰਨੇ ਕਰੋੜ ਲੋਕਾਂ ਦੇ ਭੁੱਖੇ ਰਹਿਣ ਜਾਂ ਉਨ੍ਹਾਂ ਦੀਆਂ ਅਨਾਜ ਲੋੜਾਂ ਪੂਰੀਆਂ ਨਾ ਹੋਣ ਤੇ ਬੇਰੁਜ਼ਗਾਰ ਰਹਿਣ ਦਾ ਆਖ਼ਰ ਕਾਰਨ ਕੀ ਹੈ? ਪਿਛਲੇ ਇੱਕ ਦਹਾਕੇ 'ਚ ਮੌਜੂਦਾ ਸਰਕਾਰ ਦਾ ਇਸ ਸਬੰਧੀ ਦ੍ਰਿਸ਼ਟੀਕੋਣ, ਪ੍ਰਾਪਤੀਆਂ ਅਤੇ ਹਾਸਲ ਕੀ ਹਨ? ਸਰਕਾਰ ਨੇ ਕਦੇ ਅੰਕੜੇ ਅਤੇ ਨੀਤੀ ਲੋਕਾਂ ਸਾਹਮਣੇ ਪੇਸ਼ ਨਹੀਂ ਕੀਤੀ।

ਕਹਿਣ ਨੂੰ ਤਾਂ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਪਾਈ-ਪਾਈ ਨਾਲ ਦੇਸ਼ ਦੇ ਗਰੀਬ ਦੀ ਭਲਾਈ ਹੋ ਰਹੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਭਾਰਤ ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਗਿਆ ਹੈ ਪਰ ਗਰੀਬ-ਅਮੀਰ ਦਾ ਪਾੜਾ ਦੇਸ਼ ਵਿਚ ਵਧਣਾ, ਅਮੀਰਾਂ ਦੀ ਗਿਣਤੀ 'ਚ ਵੱਡਾ ਵਾਧਾ ਅਤੇ ਨਿੱਜੀਕਰਨ ਦੀ ਨੀਤੀ ਦੇਸ਼ ਨੂੰ ਕਿਸ ਪਾਸੇ ਲੈ ਜਾ ਰਹੀ ਹੈ। ਇਸਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ।

ਨਿਰਪੱਖ ਤੌਰ 'ਤੇ ਮੌਜੂਦਾ ਸਰਕਾਰ ਦੇ ਕੰਮਕਾਰ ਨੂੰ ਸਮਝਣ ਅਤੇ ਪਰਖਣ ਦੀ ਲੋੜ ਹੈ। ਕੀ ਸਰਕਾਰ ਦੀਆਂ ਪ੍ਰਾਪਤੀਆਂ ਲੋਕ-ਹਿੱਤ ਵਿਚ ਹਨ? ਕੀ ਸਰਕਾਰ ਦੀ ਦਿੱਖ ਲੋਕ-ਹਿਤੈਸ਼ੀ ਹੈ? ਕੀ ਸਰਕਾਰ ਗਰੀਬ ਅਤੇ ਹਾਸ਼ੀਏ 'ਤੇ ਗਏ ਲੋਕਾਂ ਲਈ ਕੰਮ ਕਰ ਰਹੀ ਹੈ? ਜਾਂ ਕੀ ਸਰਕਾਰ ਕਿਸੇ ਹੋਰ ਅਜੰਡੇ 'ਤੇ ਕੰਮ ਕਰ ਰਹੀ ਹੈ?

ਸਰਕਾਰ ਵਲੋਂ ਪ੍ਰਚਾਰੇ ਜਾਂਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਸਕੀਮ ਦਾ ਫੇਲ੍ਹ ਹੋ ਜਾਣਾ ਅਤੇ ਦੇਸ਼ ਦੇ ਅਰਥਚਾਰੇ ਦੇ ਥੰਮ੍ਹ ਖੇਤੀ ਖੇਤਰ ਪ੍ਰਤੀ ਅਣਗਹਿਲੀ ਅਤੇ ਅਣਦੇਖੀ ਕੀ ਸਿੱਧ ਕਰਦੀ ਹੈ? ਕੀ ਕਾਰਪੋਰੇਟ ਸੈਕਟਰ ਦੇ ਸਰਵਿਸ ਸੈਕਟਰ ਦੇ ਅਜੰਡੇ ਨੂੰ ਲਾਗੂ ਕਰਨਾ ਦੇਸ਼ ਨੂੰ ਧਨਾਢਾਂ ਹੱਥ ਗਿਰਵੀ ਰੱਖਣਾ ਨਹੀਂ? ਕੀ ਉਸ ਖੇਤੀ ਖੇਤਰ ਦੀ ਅਣਦੇਖੀ ਜਾਇਜ਼ ਹੈ, ਜਿਸਨੇ ਕਰੋਨਾ ਆਫ਼ਤ ਦੌਰਾਨ ਗਰੀਬ ਵਰਗ ਦੀ ਬਾਂਹ ਫੜੀ ਅਤੇ ਮਰਦੇ ਜਾ ਰਹੇ ਮਜ਼ਦੂਰ ਵਰਗ ਨੂੰ ਰਾਹਤ ਦਿੱਤੀ।

ਵੱਡਾ ਸਵਾਲ ਸਰਕਾਰ ਉਤੇ ਘੱਟ ਗਿਣਤੀਆਂ ਨਾਲ ਦੁਪਰਿਆਰੇ ਸਲੂਕ ਸਬੰਧੀ ਉਠ ਰਹੇ ਹਨ। ਸਵਾਲ ਸੂਬਿਆਂ ਦੇ ਅਧਿਕਾਰਾਂ ਨੂੰ ਸੰਗੋੜਕੇ ਸੀਮਤ ਕਰਨ ਅਤੇ ਕੇਂਦਰੀਕਰਨ ਸਬੰਧੀ ਵੀ ਹਨ? ਸਵਾਲ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਅਤੇ ਸੂਬਿਆਂ 'ਚ ਸਿਰਫ਼ ਆਪਣਾ ਰਾਜ ਭਾਗ ਸਥਾਪਿਤ ਕਰਨ ਲਈ ਸਾਮ, ਦਾਮ, ਦੰਡ ਦੀ ਵਰਤੋਂ ਦੇ ਵੀ ਹੋ ਰਹੇ ਹਨ।

ਸਭ ਤੋਂ ਵੱਡਾ ਸਵਾਲ ਦੇਸ਼ ਦੀ ਪ੍ਰੈੱਸ ਦੀ ਆਜ਼ਾਦੀ ਖ਼ਤਮ ਕਰਕੇ, ਕੇਂਦਰੀ ਏਜੰਸੀਆਂ ਨੂੰ ਆਪਣੇ ਭਲੇ ਹਿੱਤ ਵਰਤਕੇ ਅਤੇ ਦੇਸ਼ ਦੀ ਸੁਪਰੀਮ ਕੋਰਟ ਉਤੇ ਦਾਬਾ ਪਾਉਣ ਦੇ ਵੀ ਉਠ ਰਹੇ ਹਨ। ਕੀ ਇਹ ਲੋਕਤੰਤਰੀ ਭਾਰਤ ਦੇ ਸਿਹਤ ਲਈ ਚੰਗਾ ਹੈ। ਕੀ ਇਹ ਪਹਿਲਾਂ ਹੀ ਬੀਮਾਰ ਲੋਕਤੰਤਰ ਨੂੰ "ਮੰਜੇ" ਉਤੇ ਪਾਉਣ ਦੀ ਸਥਿਤੀ ਵੱਲ ਦੇਸ਼ ਨੂੰ ਨਹੀਂ ਲੈ ਜਾ ਰਿਹਾ?

ਮੌਜੂਦਾ ਸਰਕਾਰ ਅਤੇ ਭਾਜਪਾ ਉੱਤੇ ਦੇਸ਼ ਨੂੰ ਹਿੰਦੂਤਵੀ ਦੇਸ਼ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਦਾ ਵੀ ਦੋਸ਼ ਲੱਗਦਾ ਹੈ। ਦੋਸ਼ ਇਹ ਵੀ ਲੱਗਦਾ ਹੈ ਕਿ ਧਰਮਾਂ ਦੇ ਧਰੂਵੀਕਰਨ ਕਾਰਨ ਵੋਟ ਬੈਂਕ ਪੱਕੀ ਕਰੋ ਅਤੇ ਚੋਣ ਜਿੱਤੋ। ਕੀ ਇਹ ਦੇਸ਼ ਦੇ ਹਿੱਤ ਵਿਚ ਰਹੇਗਾ?

ਚੰਗੇ ਲੋਕਤੰਤਰ 'ਚ ਤਾਂ ਵਿਰੋਧੀ ਧਿਰ ਦੀ ਮਜ਼ਬੂਤੀ ਸਾਰਥਿਕ ਗਿਣੀ ਜਾਂਦੀ ਹੈ। ਸੰਘੀ ਸਰਕਾਰ 'ਚ ਤਾਂ ਸੂਬਿਆਂ ਦੇ ਵੱਧ ਅਧਿਕਾਰਾਂ ਨੂੰ ਚੰਗਾ ਮੰਨਿਆ ਜਾਂਦਾ ਹੈ, ਤਾਂ ਕਿ ਹਰ ਖੇਤਰ, ਖਿੱਤੇ ਦੇ ਲੋਕ ਆਪਣੀਆਂ ਲੋੜਾਂ, ਥੋੜਾਂ ਕੇਂਦਰ ਤੋਂ ਵੱਧ ਅਧਿਕਾਰ ਲੈ ਕੇ ਸਥਾਨਕ ਤੌਰ 'ਤੇ ਪੂਰੀਆਂ ਕਰ ਸਕਣ। ਪਰ ਇਸ ਵੇਲੇ ਹੋ ਇਸ ਤੋਂ ਉਲਟ ਰਿਹਾ ਹੈ। ਕਿਸਾਨ ਵਿਰੋਧੀ ਖੇਤੀ ਕਾਨੂੰਨ ਸੂਬਿਆਂ ਦੇ ਅਧਿਕਾਰ ਖੋਹਣ ਦਾ ਵੱਡਾ ਯਤਨ ਸੀ। ਕਸ਼ਮੀਰ ਵਿਚੋਂ 370 ਧਾਰਾ ਹਟਾਉਣ ਉਥੇ ਦੇ ਲੋਕਾਂ ਨੇ ਆਪਣੇ ਆਪ ਨਾਲ ਧੱਕਾ ਮਹਿਸੂਸ ਕੀਤਾ। ਨਾਗਰਿਕ ਕਾਨੂੰਨ ਨੇ ਘੱਟ ਗਿਣਤੀਆਂ 'ਚ ਅਵਿਸ਼ਵਾਸੀ ਪੈਦਾ ਕੀਤੀ। ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਤੋੜਨ ਜਾਂ ਅਸਥਿਰ ਕਰਨ ਲਈ ਕੇਂਦਰ ਹਾਕਮਾਂ ਵਲੋਂ ਲਗਾਤਾਰ ਸਰਗਰਮੀ ਜਾਰੀ ਹੈ। ਦਿੱਲੀ, ਰਾਜਸਥਾਨ, ਪੰਜਾਬ ਦੀਆਂ ਵਿਰੋਧੀ ਧਿਰ ਦੀਆਂ ਸਰਕਾਰਾਂ ਪ੍ਰਮੁੱਖ ਉਦਾਹਰਨ ਹਨ। ਪਹਿਲਾਂ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦਾ ਨਾਹਰਾ ਅਤੇ ਵਿਰੋਧੀ ਧਿਰ ਨੂੰ ਮਲੀਆਮੇਟ ਕਰਨ ਵੱਲ ਹਰ ਹੀਲੇ ਵਧਦੇ ਕਦਮ ਕੀ ਦਰਸਾਉਂਦੇ ਹਨ?

ਬਿਨਾਂ ਸ਼ੱਕ ਕੇਂਦਰ ਦੀ ਸਰਕਾਰ ਦਾ ਮੁਖੀ, ਸਿਆਸੀ ਧਿਰ ਭਾਜਪਾ ਅਤੇ ਉਸਨੂੰ ਪਿੱਛੇ ਰਹਿ ਕੇ ਚਲਾਉਣ ਵਾਲੀ ਸਮਾਜਿਕ ਸੰਸਥਾ ਮਨ 'ਚ ਇਹ ਧਾਰਕੇ ਬੈਠੀ ਹੈ ਕਿ ਉਹ 'ਧਰਮੀ ਪੱਤਾ' ਖੇਲ ਕੇ ਦੇਸ਼ ਉਤੇ ਰਾਜ ਕਰਦੀ ਰਹੇਗੀ ਅਤੇ ਲੋਕ ਭਲਾਈ ਦੇ ਕਾਰਕਾਂ ਨੂੰ ਸੀਮਤ ਕਰਕੇ, ਧੰਨਕੁਬੇਰਾਂ ਦਾ ਹੱਥ ਠੋਕਾ ਬਣਾ ਕੇ ਆਪਣਾ ਇਕੋ ਇਕ ਅਜੰਡਾ ਲਾਗੂ ਕਰਨ ਲਈ ਅੱਗੇ ਕਦਮ ਵਧਾਉਂਦੀ ਰਹੇਗੀ, ਪਰ ਦੱਖਣੀ ਰਾਜ ਕਰਨਾਟਕ 'ਚ ਉਸਦੇ ਹਰ ਹੀਲੇ ਦੀ ਨਾਕਾਮੀ, ਉਸਦੇ ਭਵਿੱਖ ਦਾ ਸੰਕੇਤ ਹੈ।

ਬੇਸ਼ੱਕ ਭਾਰਤ 'ਚ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਸਮੇਂ-ਸਮੇਂ ਚਲਾਕ ਕਥਿਤ ਨੇਤਾਵਾਂ ਨੇ ਤੋੜਿਆ, ਮਰੋੜਿਆ ਹੈ, ਪਰ ਦੇਸ਼ ਦੇ ਸੁਚੇਤ ਲੋਕ ਉਨ੍ਹਾਂ ਮਨਸੂਬਿਆਂ ਨੂੰ ਢਹਿ-ਢੇਰੀ ਕਰਨ ਦੇ ਸਮਰੱਥ ਹਨ ਅਤੇ ਰਹਿਣਗੇ, ਜਿਹੜੇ ਦੇਸ਼ ਨੂੰ ਕਮਜ਼ੋਰ ਕਰਨ ਵਾਲੇ ਹਨ ਅਤੇ ਦੇਸ਼ ਦੇ ਲੋਕਾਂ 'ਚ ਧਰਮ, ਮਜ਼ਬ, ਜਾਤ, ਬਰਾਦਰੀ ਦੇ ਨਾਂਅ 'ਤੇ ਵੰਡੀ ਪਾਉਣ ਵਾਲੇ ਹਨ।

# ਭਾਈ ਹਰਨਾਮ ਸਿੰਘ ਜੀ ਦੇ ਨਾਮ ਪੱਤਰ

ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)




**ਭਾਈ ਹਰਨਾਮ ਸਿੰਘ ਜੀ,**
**ਮੁਖੀ ਦਮਦਮੀ ਟਕਸਾਲ ਜਥਾ ਮਹਿਤਾ,**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕੀ ਫ਼ਤਿਹ।**
**ਵਿਸ਼ਾ:- ਸ਼ਹੀਦੀ ਦਿਹਾੜੇ**

ਭਾਈ ਹਰਨਾਮ ਸਿੰਘ ਜੀ, ਜਿਵੇਂ ਕਿ ਆਪ ਜੀ ਜਾਣਦੇ ਹੀ ਹੋ, ਇਸ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 23 ਮਈ ਦਿਨ ਮੰਗਲਵਾਰ ਨੂੰ ਮਨਾਇਆ ਗਿਆ ਸੀ ਅਤੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਬਾਬਾ ਜਰਨੈਲ ਸਿੰਘ ਜੀ ਸਮੇਤ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਦਿਹਾੜਾ 6 ਜੂਨ ਨੂੰ ਮਨਾਇਆ ਜਾਣਾ ਹੈ। ਇਨ੍ਹਾਂ ਦੋਵਾਂ ਦਿਹਾੜਿਆਂ ਵਿਚ ਇਸ ਸਾਲ 2 ਹਫ਼ਤਿਆਂ ਦਾ ਫ਼ਰਕ ਹੈ। ਪਰ ਰਾਗੀਆਂ-ਢਾਡੀਆਂ ਵੱਲੋਂ ਇਹ ਸੁਣਾਇਆ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਇਕੱਤਰ ਹੋਈ ਸੰਗਤ ਉੱਪਰ ਭਾਰਤੀ ਫੌਜ ਨੇ ਟੈਂਕਾਂ-ਤੋਪਾਂ ਨਾਲ ਹਮਲਾ ਕੀਤਾ ਸੀ, ਜੋ ਕਿ ਸਹੀ ਹੈ। 1984 ਈ: ਵਿਚ ਗੁਰੂ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 3 ਜੂਨ ਨੂੰ ਸੀ, ਇਸੇ ਦਿਨ ਹੀ ਭਾਰਤੀ ਫੌਜ ਨੇ ਹਮਲਾ ਕੀਤਾ ਸੀ ਅਤੇ 6 ਜੂਨ ਨੂੰ ਬਾਬਾ ਜਰਨੈਲ ਸਿੰਘ ਜੀ ਦੀ ਸ਼ਹੀਦੀ ਹੋਈ ਸੀ। ਪਿਛਲੇ ਸਾਲ ਇਹ ਦੋਵੇਂ ਦਿਹਾੜੇ ਇਕੱਠੇ ਹੀ (4 ਜੂਨ ਅਤੇ 6 ਜੂਨ) ਮਨਾਏ ਗਏ ਸਨ। ਕੀ ਕਾਰਨ ਹੈ ਕਿ ਜਿਹੜੇ ਦਿਹਾੜੇ ਪਿਛਲੇ ਸਾਲ 2 ਦਿਨਾਂ ਦੇ ਫਰਕ ਨਾਲ ਆਏ ਸਨ, ਇਸ ਸਾਲ ਦੋ ਹਫ਼ਤਿਆਂ ਦੇ ਫ਼ਰਕ ਨਾਲ ਮਨਾਏ ਜਾ ਰਹੇ ਹਨ?

ਭਾਈ ਹਰਨਾਮ ਸਿੰਘ ਜੀ, ਆਪ ਜੀ ਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਪ ਜੀ ਨੇ ਨਾਨਕਸ਼ਾਹੀ ਕੈਲੰਡਰ ਦੀ ਅਲੋਚਨਾ ਕਰਦਿਆਂ ਕਿਹਾ ਸੀ ਕਿ, "ਨਾਨਕਸ਼ਾਹੀ ਕੈਲੰਡਰ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੀ ਤਾਰੀਖ 16 ਜੂਨ ਇਸ ਲਈ ਮਿੱਥੀ ਗਈ ਹੈ, ਤਾਂ ਜੋ ਭਾਰਤ ਸਰਕਾਰ ਨੂੰ ਬਰੀ ਕੀਤਾ ਜਾ ਸਕੇ ਕਿ ਅਕਾਲ ਤਖਤ ਸਾਹਿਬ 'ਤੇ ਹਮਲਾ ਗੁਰੂ ਜੀ ਦੇ ਸ਼ਹੀਦੀ ਦਿਹਾੜੇ 'ਤੇ ਨਹੀਂ, ਸਗੋਂ ਉਸ ਤੋਂ ਕਈ ਦਿਨ ਪਹਿਲਾ ਕੀਤਾ ਗਿਆ ਸੀ"। ਇਹ ਵੀਡੀਓ ਅੱਜ ਵੀ ਤੁਹਾਡੇ ਫੇਸਬੁੱਕ ਪੇਜ਼ (Sant Gyani Harnam Singh Khalsa Bhindranwale) ਉੱਪਰ ਉੱਪਲਬਧ ਹੈ।

ਭਾਈ ਹਰਨਾਮ ਸਿੰਘ ਜੀ, ਆਪ ਜੀ ਸਹਿਮਤ ਹੋਵੋਗੇ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 2 ਹਾੜ, ਸੰਮਤ 1663 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਹੋਈ ਸੀ। ਨਾਨਕਸ਼ਾਹੀ ਕੈਲੰਡਰ ਵਿਚ 2 ਹਾੜ ਹੀ ਦਰਜ ਹੈ, ਨਾ ਕਿ 16 ਜੂਨ। ਹਾਂ, 2 ਹਾੜ ਨੂੰ 16 ਜੂਨ ਜ਼ਰੂਰ ਹੁੰਦੀ ਹੈ।

ਭਾਈ ਹਰਨਾਮ ਸਿੰਘ ਜੀ, ਕੀ ਕਾਰਨ ਹੈ ਕਿ ਦਮਦਮੀ ਟਕਸਾਲ ਨੇ ਤੀਸਰੇ ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ 2 ਹਫ਼ਤੇ ਪਿਛੋਂ ਮਨਾ ਰਹੀ ਹੈ? ਇਹ ਭਾਰਤ ਸਰਕਾਰ ਨੂੰ ਬਰੀ ਕਰਨਾ ਕਿਵੇਂ ਨਹੀਂ ਹੈ?




ਦਮਦਮੀ ਟਕਸਾਲ ਵੱਲੋਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 23 ਮਈ ਨੂੰ ਅਤੇ ਤੀਸਰੇ ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ 6 ਜੂਨ ਨੂੰ ਮਨਾਉਣਾ, ਇਹ ਸਪੱਸ਼ਟ ਕਰਦਾ ਹੈ ਕਿ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵੱਲੋਂ ਹਮਲਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਨਹੀਂ ਸੀ ਕੀਤਾ ਗਿਆ। ਤੁਹਾਡੇ ਮੁਤਾਬਕ, ਜੇ ਨਾਨਕਸ਼ਾਹੀ ਕੈਲੰਡਰ ਵਿਚ ਸਹੀ ਪ੍ਰਵਿਸ਼ਟਾ (2 ਹਾੜ) ਦਰਜ ਕਰਨਾ ਭਾਰਤ ਸਰਕਾਰ ਨੂੰ ਬਰੀ ਕਰਨਾ ਹੈ, ਤਾਂ ਦਮਦਮੀ ਟਕਸਾਲ ਦੀ ਕੀ ਮਜਬੂਰੀ ਸੀ, ਦਮਦਮੀ ਟਕਸਾਲ ਨੇ 1985 ਈ: ਵਿਚ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 24 ਮਈ ਨੂੰ ਮਨਾ ਕੇ ਭਾਰਤ ਸਰਕਾਰ ਨੂੰ ਬਰੀ ਕਰ ਦਿੱਤਾ ਸੀ? ਉਦੋਂ ਤਾਂ ਨਾਨਕਸ਼ਾਹੀ ਕੈਲੰਡਰ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ। ਇਸ ਸਾਲ ਇਹ ਦਿਹਾੜਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ 2 ਹਫ਼ਤੇ ਪਿਛੋਂ ਮਨਾ ਕੇ ਭਾਰਤ ਸਰਕਾਰ ਨੂੰ ਬਰੀ ਕਿਉਂ ਕੀਤਾ ਗਿਆ ਹੈ?

ਭਾਈ ਹਰਨਾਮ ਸਿੰਘ ਜੀ, ਤੁਹਾਡੇ ਵੱਲੋਂ ਕਥਾ ਵਿਚ ਇਹ ਕਹਿਣਾ ਕਿ 38 ਸਾਲ ਪਿਛੋਂ ਇਹ ਦਿਹਾੜੇ ਇਕੱਠੇ ਆਏ ਹਨ, ਠੀਕ ਹੈ ਪਰ, ਸਵਾਲ ਤਾਂ ਇਹ ਹੈ ਕਿ ਹਰ ਸਾਲ ਇਕੱਠੇ ਕਿਉਂ ਨਹੀਂ ਆਉਂਦੇ? ਤੁਹਾਡਾ ਇਹ ਕਹਿਣਾ ਕਿ ਗੁਰਬਾਣੀ ਇਸ ਕੈਲੰਡਰ ਨੂੰ ਮਾਨਤਾ ਨਹੀਂ ਦਿੰਦੀ, ਸੱਚਾਈ ਤੋਂ ਕੋਹਾਂ ਦੂਰ ਹੈ।

ਮੈਨੂੰ ਪੂਰੀ ਆਸ ਹੈ ਕਿ ਆਪ ਜੀ ਆਪਣੀ ਪਿਛਲੇ ਸਾਲ ਕੀਤੀ ਕਥਾ ਦੀ ਵੀਡੀਓ ਨੂੰ ਵੇਖ/ਸੁਣ ਕੇ, ਦਮਦਮੀ ਟਕਸਾਲ ਦਾ ਪੱਖ ਜ਼ਰੂਰ ਸਪੱਸ਼ਟ ਕਰੋਗੇ।

**ਧੰਨਵਾਦ**
**ਸਤਿਕਾਰ ਸਹਿਤ**

## 'ਜੋ ਦਿਖਾ, ਸੋ ਲਿਖਾ'

# ਨਵੇਂ ਸੰਸਦ ਭਵਨ ਉਦਘਾਟਨ 'ਤੇ ਬੇਲੋੜਾ ਵਿਵਾਦ

## ਰਾਸ਼ਟਰਪਤੀ ਦੀ ਗੈਰ ਮੌਜੂਦਗੀ 'ਤੇ ਉਠੇ ਸਵਾਲ




ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)


ਇਸ ਲੇਖ ਵਿਚ ਅਸੀਂ ਇਕ ਮੁੱਦੇ ਦੀ ਬਜਾਏ ਦੇਸ਼ ਅੰਦਰ ਦੋ ਬਹੁ ਚਰਚਿਤ ਮੁੱਦਿਆਂ ਨੂੰ ਵਿਚਾਰਨ ਦਾ ਯਤਨ ਕਾਰਾਂਗੇ। ਮੁੱਦਿਆਂ ਵਿਚ ਦੇਸ਼ ਦੇ ਨਵੇਂ ਉਸਾਰੇ ਵਿਸ਼ਾਲ ਸੰਸਦ ਭਵਨ ਅਤੇ ਰਾਸ਼ਟਰਪਤੀ ਦੀ ਗੈਰ ਮੌਜੂਦਗੀ 'ਤੇ ਹੋਏ ਵਿਵਾਦ ਨੇ। ਦੋਵੇਂ ਮੁੱਦੇ ਪਿਛਲੇ ਹਫਤੇ ਮੀਡੀਆ ਦੀਆਂ ਸੁਰਖੀਆਂ ਵਿਚ ਵੱਡੀ ਪੱਧਰ 'ਤੇ ਚਰਚਿਤ ਰਹੇ।




### ਨਵਾਂ ਸੰਸਦ ਭਵਨ

ਦੇਸ਼ ਦੀ ਵਧੀ ਆਬਾਦੀ 'ਤੇ ਆਧਾਰਿਤ 2026 ਦੀ ਨਵੀਂ ਹੱਦਬੰਦੀ ਨਾਲ ਲੋਕ ਸਭਾ ਲੋਕ ਸਭਾ ਅਤੇ ਰਾਜ ਸਭਾ ਦੀਆਂ ਸੀਟਾਂ ਵਿਚ ਵਾਧਾ ਹੋਣਾ ਨਿਸ਼ਚਿਤ ਹੈ। ਭਵਿੱਖ ਵਿਚ ਵੱਧ ਰਹੀ ਸੀਟਾਂ ਦੀ ਗਿਣਤੀ ਦੀ ਲੋੜ ਅਨੁਸਾਰ 64,500 ਵਰਗ ਮੀਟਰ ਵਿਚ ਨਵਾਂ ਸੰਸਦ ਭਵਨ ਉਸਾਰਿਆ ਗਿਐ। ਇਸ ਦਾ ਉਦਘਾਟਨ 28 ਮਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕੀਤਾ ਗਿਆ। ਨਵੀਂ ਸੰਸਦ ਦਾ ਏਰੀਆ ਮੌਜੂਦਾ ਸੰਸਦ ਭਵਨ ਤੋਂ 17,000 ਵਰਗ ਮੀਟਰ ਜ਼ਿਆਦਾ ਹੈ। ਇਸ ਵਿਚ 888 ਸੀਟਾਂ ਲਗਾਈਆਂ ਗਈਆਂ ਨੇ, ਜਿਸ ਨਾਲ ਸਿਟਿੰਗ ਸਮੱਰਥਾ ਪਹਿਲਾਂ ਦੇ ਮੁਕਾਬਲੇ ਤਿੰਨ ਗੁਣਾ ਹੋ ਗਈ ਹੈ। ਇਸ ਤੋਂ ਇਲਾਵਾ ਲੋਕ ਸਭਾ ਹਾਲ ਵਿਚ ਸਾਂਝੇ ਇਜਲਾਸ ਲਈ 1272 ਸੀਟਾਂ ਦਾ ਪ੍ਰਬੰਧ ਕੀਤਾ ਗਿਐ। ਸੈਂਟਰਲ ਵਿਸਟਾ ਪ੍ਰਾਜੈਕਟ ਅਧੀਨ ਕੌਮੀ ਪੰਛੀ ਮੋਰ ਦੀ ਸ਼ਕਲ ਦੇ ਨਵੇਂ ਸੰਸਦ ਭਵਨ ਦੀ ਉਸਾਰੀ ਤੇ ਕਰੀਬ 971 ਕਰੋੜ ਰੁਪਏ ਖਰਚ ਆਏ ਨੇ ਅਤੇ ਪੂਰੇ ਪ੍ਰੋਜੈਕਟ 'ਤੇ 20 ਹਜ਼ਾਰ ਕਰੋੜ ਰੁਪਏ ਖਰਚ ਦਾ ਅਨੁਮਾਨ ਹੈ। ਨਵੀਂ ਸੰਸਦ ਦੀ ਇਮਾਰਤ ਪੂਰੇ ਸੈਂਟਰਲ ਵਿਸਟਾ ਪ੍ਰੋਜੈਕਟ ਦਾ ਹਿੱਸਾ ਹੈ, ਜਿਸ ਦਾ ਬਲੂਪ੍ਰਿੰਟ ਗੁਜਰਾਤ ਦੀ ਆਰਕੀਟੈਕਚਰ ਫਰਮ ਐੱਚ.ਸੀ.ਪੀ. ਡਿਜ਼ਾਈਨਜ਼ ਨੇ ਤਿਆਰ ਕੀਤੈ। ਕੰਸਲਟੈਂਸੀ 'ਤੇ 229.75 ਕਰੋੜ ਰੁਪਏ ਖਰਚ ਆਏ ਨੇ। ਪੂਰੇ ਸੈਂਟਰਲ ਵਿਸਟਾ ਪ੍ਰਾਜੈਕਟ ਅੰਦਰ ਰਾਸ਼ਟਰਪਤੀ ਭਵਨ, ਸੰਸਦ, ਨੌਰਥ ਬਲਾਕ, ਸਾਊਥ ਬਲਾਕ, ਉਪ ਰਾਸ਼ਟਰਪਤੀ ਦਾ ਘਰ ਵੀ ਆਉਂਦਾ ਹੈ। ਨਵੇਂ ਸੰਸਦੀ ਭਵਨ ਵਿਚ ਇੱਕ ਵਿਸ਼ਾਲ ਸੰਵਿਧਾਨ ਹਾਲ ਹੈ, ਜਿਸ ਵਿਚ ਦੇਸ਼ ਦੀ ਲੋਕਤੰਤਰਿਕ ਵਿਰਾਸਤ ਨੂੰ ਦਰਸਾਇਆ ਗਿਐ। ਇੱਥੇ ਭਾਰਤ ਦੇ ਸੰਵਿਧਾਨ ਦੀ ਅਸਲ ਕਾਪੀ ਵੀ ਰੱਖੀ ਗਈ ਹੈ। ਅਧਿਕਾਰੀਆਂ ਮੁਤਾਬਕ ਨਵੀਂ ਇਮਾਰਤ 'ਚ ਸਾਰੇ ਸੰਸਦ ਮੈਂਬਰਾਂ ਨੂੰ ਵੱਖਰੇ ਦਫਤਰ ਦਿੱਤੇ ਜਾਣਗੇ, ਜਿਨ੍ਹਾਂ 'ਚ ਆਧੁਨਿਕ ਡਿਜੀਟਲ ਸਹੂਲਤਾਂ ਹੋਣਗੀਆਂ। ਇਸ ਦੇ ਨਾਲ ਹੀ ਸੰਸਦ ਮੈਂਬਰਾਂ ਦੇ ਬੈਠਣ ਲਈ ਇੱਕ ਵੱਡਾ ਹਾਲ, ਇੱਕ ਲਾਇਬ੍ਰੇਰੀ, ਕਮੇਟੀਆਂ ਲਈ ਕਈ ਕਮਰੇ, ਡਾਇਨਿੰਗ ਰੂਮ ਅਤੇ ਪਾਰਕਿੰਗ ਲਈ ਕਾਫ਼ੀ ਥਾਂ ਹੈ। 348 ਸੀਟਾਂ ਦੀ ਸਮੱਰਥਾ ਵਾਲੇ ਕੌਮੀ ਫੁੱਲ ਲੋਟਸ ਦੀ ਸ਼ਕਲ ਵਾਲਾ ਰਾਜ ਸਭਾ ਹਾਲ ਬਣਾਇਆ ਗਿਐ। ਹਰੇਕ ਸੰਸਦ ਮੈਂਬਰ ਲਈ ਮਲਟੀਮੀਡੀਆ ਆਧਾਰਿਤ ਆਧੁਨਿਕ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਐ। 530 ਸੀਟਾਂ ਵਾਲੀ ਆਧੁਨਿਕ ਮੀਡੀਆ ਗੈਲਰੀ ਵੀ ਬਣਾਈ ਗਈ ਹੈ। ਸੰਸਦ ਵਿਚ ਜਗ੍ਹਾ ਵਧਾਉਣ ਦੀ ਮੰਗ ਪਿਛਲੇ 50 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਉੱਠਦੀ ਰਹੀ ਹੈ। ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਵਿੱਤ ਵਿਭਾਗ ਵਲੋਂ 75 ਰੁਪਏ ਦਾ ਯਾਦਗਾਰੀ ਸਿੱਕਾ ਜਾਰੀ ਕੀਤਾ ਗਿਐ।

### ਨਵੇਂ ਸੰਸਦ ਭਵਨ 'ਤੇ ਵਿਵਾਦ

ਕਾਂਗਰਸ, ਤ੍ਰਿਣਮੂਲ ਕਾਂਗਰਸ, ਊਧਵ ਠਾਕਰੇ ਦੀ ਸ਼ਿਵ ਸੈਨਾ, ਆਮ ਆਦਮੀ ਪਾਰਟੀ, ਰਾਸ਼ਟਰੀ ਜਨਤਾ ਦਲ, ਰਾਸ਼ਟਰਵਾਦੀ ਕਾਂਗਰਸ ਪਾਰਟੀ, ਜਨਤਾ ਦਲ ਯੂਨਾਈਟਿਡ ਅਤੇ ਸਮਾਜਵਾਦੀ ਪਾਰਟੀ ਸਮੇਤ 20 ਵਿਰੋਧੀ ਪਾਰਟੀਆਂ ਨੇ ਨਵੀਂ ਸੰਸਦ ਦੇ ਉਦਘਾਟਨ ਸਮਾਰੋਹ ਦਾ ਬਾਈਕਾਟ ਕੀਤਾ ਅਤੇ ਬੀ.ਜੇ.ਪੀ. ਸਮੇਤ 25 ਪਾਰਟੀਆਂ ਇਤਿਹਾਸਿਕ ਸਮਾਰੋਹ ਦਾ ਹਿੱਸਾ ਬਣੀਆਂ। ਵਿਰੋਧੀ ਪਾਰਟੀਆਂ ਦਾ ਕਹਿਣੈ ਕਿ ਪ੍ਰਧਾਨ ਮੰਤਰੀ ਦੀ ਬਜਾਏ ਦੇਸ਼ ਅਤੇ ਪਾਰਲੀਮੈਂਟ ਦੇ ਸੰਵਿਧਾਨਿਕ ਮੁੱਖੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਤੋਂ ਸੰਸਦ ਭਵਨ ਦਾ ਉਦਘਾਟਨ ਕਰਵਾਇਆ ਜਾਣਾ ਬਣਦਾ ਸੀ। ਭਾਰਤ ਦੇ ਸੰਵਿਧਾਨ ਦੀ ਧਾਰਾ 79 ਵਿਚ ਕਿਹਾ ਗਿਆ ਹੈ ਕਿ ਸੰਘ ਲਈ ਇੱਕ ਸੰਸਦ ਹੋਵੇਗੀ, ਜਿਸ ਵਿਚ ਇੱਕ ਰਾਸ਼ਟਰਪਤੀ ਅਤੇ ਦੋ ਸਦਨ ਹੋਣਗੇ, ਜੋ ਕ੍ਰਮਵਾਰ ਸੂਬਿਆਂ ਦੀ ਕੌਂਸਲ ਅਤੇ ਲੋਕਾਂ ਦੀ ਅਸੈਂਬਲੀ ਵਜੋਂ ਜਾਣੇ ਜਾਂਦੇ ਹਨ। ਧਾਰਾ 79 ਦਾ ਹਵਾਲਾ ਦਿੰਦੇ ਹੋਏ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਨਾ ਸਿਰਫ਼ ਭਾਰਤ ਵਿਚ ਰਾਜ ਦਾ ਮੁਖੀ ਹੈ, ਸਗੋਂ ਸੰਸਦ ਦਾ ਅਨਿੱਖੜਵਾਂ ਅੰਗ ਵੀ ਹੈ। ਇਸ ਲਈ ਰਾਸ਼ਟਰਪਤੀ ਮੁਰਮੂ ਤੋਂ ਬਿਨਾਂ ਨਵੇਂ ਸੰਸਦ ਭਵਨ ਦਾ ਉਦਘਾਟਨ ਕਰਨ ਦਾ ਫ਼ੈਸਲਾ ਸਹੀ ਨਹੀਂ ਅਤੇ ਇਹ ਰਾਸ਼ਟਰਪਤੀ ਦੇ ਉੱਚ ਅਹੁਦੇ ਦਾ ਅਪਮਾਨ ਕਰਦਾ ਹੈ। ਉਨ੍ਹਾਂ ਮੁਤਾਬਕ ਅਜਿਹਾ ਕਰਨਾ ਸੰਵਿਧਾਨ ਦੀ ਆਤਮਾ ਦੀ ਵੀ ਉਲੰਘਣਾ ਹੈ। ਬੀ.ਜੇ.ਪੀ. ਵਲੋਂ ਮੁਰਮੂ ਨੂੰ ਆਦਿਵਾਸੀ ਔਰਤ ਵਜੋਂ ਰਾਸ਼ਟਰਪਤੀ ਚੋਣ ਸਮੇਂ ਸਭ ਤੋਂ ਉੱਚੇ ਅਹੁਦੇ ਲਈ ਸਹੀ ਪ੍ਰਚਾਰਿਆ ਗਿਆ ਸੀ। ਇਸ ਤੋਂ ਇਲਾਵਾ ਵਿਰੋਧੀ ਧਿਰ ਨੇ ਵੀਰ ਸਾਵਰਕਰ ਦੇ ਜਨਮ ਦਿਨ ਵਾਲੇ ਦਿਨ ਉਦਘਾਟਨ 'ਤੇ ਵੀ ਇਤਰਾਜ਼ ਜਤਾਇਆ ਹੈ। ਲੋਕ ਸਭਾ ਸਪੀਕਰ ਦੀ ਸੀਟ ਲਾਗੇ ਸੱਤਾ ਦੇ ਤਬਾਦਲੇ ਦਾ ਪ੍ਰਤੀਕ ਦੱਸ ਕੇ 'ਸੇਂਗੋਲ' ਲਗਾਇਆ ਗਿਐ, ਜਿਸ 'ਤੇ ਵੀ ਵਿਰੋਧੀ ਧਿਰ ਨੇ ਗੰਭੀਰ ਇਤਰਾਜ਼ ਉਠਾਏ ਨੇ। ਇਸ ਬਾਈਕਾਟ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਦੀ ਏਕਤਾ ਦੇ ਯਤਨ ਵਜੋਂ ਵੀ ਦੇਖਿਆ ਜਾ ਰਿਹਾ ਹੈ। ਰਾਸ਼ਟਰਪਤੀ ਦੀ ਗੈਰ ਮੌਜੂਦਗੀ ਵਿਚ ਉਨ੍ਹਾਂ ਦਾ ਲਿਖਤੀ ਭਾਸ਼ਣ ਰਾਜ ਸਭਾ ਦੇ ਉੱਪ ਚੇਅਰਮੈਨ ਵਲੋਂ ਪੜ੍ਹਿਆ ਗਿਐ। ਭਾਜਪਾ ਦਾ ਕਹਿਣੈ ਕਿ ਇਸ ਮੁੱਦੇ 'ਤੇ ਸਿਆਸਤ ਨਹੀਂ ਹੋਣੀ ਚਾਹੀਦੀ ਅਤੇ ਸਮਾਗਮ ਲਈ ਸਾਰਿਆਂ ਨੂੰ ਸੱਦਾ ਦਿੱਤਾ ਗਿਆ ਹੈ। ਰਾਜਸੀ ਪਾਰਟੀਆਂ ਵਲੋਂ ਉਦਘਾਟਨ ਸਮਾਰੋਹ ਦੇ ਕਈ ਪਹਿਲੂਆਂ 'ਤੇ ਇਤਰਾਜ ਉਠਾਉਣਾ ਤਾਂ ਉਨਾਂ ਦਾ ਅਧਿਕਾਰ ਹੋ ਸਕਦੈ, ਪਰ ਸਮੁੱਚੇ ਦੇਸ਼ ਲਈ ਇਸ ਇਸਿਹਾਸਕ ਗੌਰਵ ਵਾਲੇ ਸਮਾਰੋਹ ਦਾ ਬਾਈਕਾਟ ਕਰਨਾ ਬੇਲੋੜਾ ਸਮਝਿਆ ਜਾ ਰਿਹੈ।



### ਪੰਜਾਬ ਦਾ ਰੋਲ

ਪੰਜਾਬ ਵਿਚੋਂ ਸੱਤਾਧਾਰੀ 'ਆਪ' ਅਤੇ ਕਾਂਗਰਸ ਪਾਰਟੀ ਨੇ ਉਦਘਾਟਨ ਸਮਾਰੋਹ ਦਾ ਬਾਈਕਾਟ ਕੀਤਾ। ਪਰ ਬੀ.ਜੇ.ਪੀ. ਨਾਲ ਗੱਠਬੰਧਨ ਤੋੜ ਚੁੱਕੀ ਅਕਾਲੀ ਦਲ ਸਮਾਗਮ ਸਮੇਂ ਹਾਜਰ ਰਿਹਾ। ਪਹਿਲਾਂ ਰਾਸ਼ਟਰਪਤੀ ਦੀ ਚੋਣ ਸਮੇਂ ਵੀ ਅਕਾਲੀ ਦਲ ਨੇ ਬੀ.ਜੇ.ਪੀ. ਉਮੀਦਵਾਰ ਦਾ ਸਮਰਥਨ ਕੀਤਾ ਸੀ। ਬੀ.ਜੇ.ਪੀ. ਵਲੋਂ ਮੁੜ ਗੱਠਜੋੜ ਨਾ ਕਰਨ ਦੇ ਬਿਆਨਾਂ ਦੇ ਬਾਵਜੂਦ, ਅਕਾਲੀ ਦਲ ਲਗਾਤਾਰ ਤਰਲੋ-ਮੱਛੀ ਹੋ ਰਿਹੈ। ਅਜਿਹੀ ਚਰਚਾ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਫਸੋਸ ਲਈ ਪੁੱਜਣ ਸਮੇਂ ਵੀ ਸਾਹਮਣੇ ਆਈ ਸੀ, ਪਰ ਬੀ.ਜੇ.ਪੀ. ਨੇ ਹੱਥ ਅੱਗੇ ਨਹੀਂ ਸੀ ਵਧਾਇਆ। ਦੋਵੇਂ ਪਾਰਟੀਆਂ ਦੀ ਜਲੰਧਰ ਜ਼ਿਮਨੀ ਚੋਣ ਵਿਚ ਕਰਾਰੀ ਹਾਰ ਬਾਅਦ ਹੁਣ ਮਜਬੂਰੀਆਂ ਜ਼ਰੂਰ ਵਧੀਆਂ ਜਾਪਦੀਆਂ ਨੇ। ਜੇਕਰ ਦੋਵੇਂ ਪੁਰਾਣੀਆਂ ਭਾਈਵਾਲਾਂ ਵਿਚ ਮੁੜ ਗਠਜੋੜ ਦੀ ਗੱਲ ਤੁਰਦੀ ਹੈ, ਤਾਂ ਭਾਜਪਾ ਲੋਕ ਸਭਾ ਅਤੇ ਵਿਧਾਨ ਸਭਾ ਲਈ ਬਰਾਬਰ ਹਿੱਸੇ ਦੀਆਂ ਸੀਟਾਂ ਤੋਂ ਘੱਟ 'ਤੇ ਸਹਿਮਤ ਹੋਣ ਵਾਲੀ ਨਹੀਂ ਜਾਪਦੀ। ਜੇ ਗੱਠਜੋੜ ਹੁੰਦੈ, ਤਾਂ ਇਸ ਨਾਲ ਸੂਬੇ ਦੀ ਰਾਜਨੀਤਿਕ ਦਸ਼ਾ ਅਤੇ ਦਿਸ਼ਾ 'ਤੇ ਅਸਰ ਜ਼ਰੂਰ ਪਏਗਾ। ਦੇਖਿਆ ਜਾਵੇ ਤਾਂ ਸੰਸਦ ਭਵਨ ਮੁੱਦੇ 'ਤੇ ਵਿਰੋਧੀ ਧਿਰ ਪੂਰੀ ਤਰ੍ਹਾਂ ਵੰਡੀ ਦਿਖਾਈ ਦਿੱਤੀ ਹੈ। 20 ਪਾਰਟੀਆਂ ਵਲੋਂ ਉਦਘਾਟਨ ਸਮਾਰੋਹ ਦਾ ਬਾਈਕਾਟ ਹੋਇਐ, ਤਾਂ 25 ਪਾਰਟੀਆਂ ਇਸ ਇਤਿਹਾਸਕ ਸਮਾਗਮ ਦਾ ਹਿੱਸਾ ਵੀ ਬਣੀਆਂ ਨੇ। ਇਸ ਵੰਡ ਨੂੰ ਵੀ 2024 ਲੋਕ ਸਭਾ ਚੋਣਾਂ ਲਈ ਅੰਤਿਮ ਨਹੀਂ ਕਿਹਾ ਜਾ ਸਕਦਾ। ਇਸੇ ਸਾਲ ਸੈਮੀ ਫਾਈਨਲ ਸਮਝੀਆਂ ਜਾਂਦੀਆਂ 9 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਨੇ। ਇਨ੍ਹਾਂ ਦੇ ਨਤੀਜੇ ਵੀ ਵਿਰੋਧੀ ਪਾਰਟੀਆਂ ਦੀ ਏਕਤਾ ਵਿਚ ਅਹਿਮ ਭੂਮਿਕਾ ਨਿਭਾਉਣਗੇ ਅਤੇ ਹਰ ਪਾਰਟੀ ਆਪਣੀ ਰਣਨੀਤੀ ਸਮੇਂ ਦੇ ਹਾਲਾਤ ਮੁਤਾਬਿਕ ਹੀ ਤੈਅ ਕਰੇਗੀ। ਕੁੱਲ ਮਿਲਾ ਕੇ ਦੇਖਿਆ ਜਾਵੇ, ਤਾਂ ਇਸ ਮੁੱਦੇ 'ਤੇ ਹੋਇਆ ਵਿਵਾਦ ਬੇਲੋੜਾ ਹੀ ਸਮਝਿਐ ਜਾਏਗਾ ਅਤੇ ਇਸ ਨੂੰ ਹੋਰ ਅੱਗੇ ਵਧਾਉਣਾ ਸਹੀ ਨਹੀਂ ਹੋਏਗਾ।



# "ਸਾਨੂੰ ਭੋਜਨ ਚਾਹੀਦਾ ਹੈ, ਤੰਬਾਕੂ ਨਹੀਂ"

## 31 ਮਈ ਵਿਸ਼ਵ ਤੰਬਾਕੂ ਰਹਿਤ ਦਿਵਸ

ਸੁਰਜੀਤ ਸਿੰਘ ਫਲੋਰਾ
ਬਰੈਂਪਟਨ
647-829-9397
(Punjab Mail USA)



ਤੰਬਾਕੂ ਇੱਕ ਹਾਨੀਕਾਰਕ ਪਦਾਰਥ ਹੈ; ਤੰਬਾਕੂ ਚਬਾਉਣ ਜਾਂ ਪੀਣ ਨਾਲ ਕਈ ਬਿਮਾਰੀਆਂ ਹੋ ਸਕਦੀਆਂ ਹਨ।

ਤੰਬਾਕੂ ਦੀ ਵਰਤੋਂ ਕਾਰਨ ਹਰ ਸਾਲ ਦੁਨੀਆ ਭਰ ਵਿੱਚ ਲੱਖਾਂ ਲੋਕ ਕੈਂਸਰ ਨਾਲ ਮਰਦੇ ਹਨ, ਇਸ ਲਈ ਤੰਬਾਕੂਨੋਸ਼ੀ ਕਾਰਨ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਦਿਲ ਨਾਲ ਸਬੰਧਤ ਬਿਮਾਰੀਆਂ ਵਿਚ ਵਾਧਾ ਜ਼ਿਆਦਾਤਰ ਸਿਗਰਟਨੋਸ਼ੀ ਕਾਰਨ ਹੁੰਦਾ ਹੈ।

ਤੰਬਾਕੂ ਵਿਚ ਨਿਕੋਟੀਨ ਹੁੰਦਾ ਹੈ, ਜੋ ਤੁਹਾਡੇ ਖ਼ੂਨ ਵਿਚ ਘੁੰਮਦਾ ਹੈ ਅਤੇ ਤੁਹਾਡੇ ਸਰੀਰ ਨੂੰ ਇਸਦਾ ਆਦੀ ਬਣਾਉਂਦਾ ਹੈ। ਤੰਬਾਕੂ ਵਿਚ ਪਾਇਆ ਜਾਣ ਵਾਲਾ ਨਿਕੋਟੀਨ ਮੂੰਹ ਰਾਹੀਂ ਦਾਖਲ ਹੋ ਕੇ ਤੁਹਾਡੇ ਫੇਫੜਿਆਂ, ਦਿਲ, ਪੇਟ ਅਤੇ ਖ਼ੂਨ ਦੀਆਂ ਨਾੜੀਆਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ।

### ਬਾਂਝਪਨ

ਸਿਗਰਟਨੋਸ਼ੀ ਕਿਸੇ ਦੀ ਮੌਤ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਗਰਭ ਧਾਰਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਿਗਰਟਨੋਸ਼ੀ ਅਤੇ ਤੰਬਾਕੂ ਦੇ ਧੂੰਏਂ ਦੇ ਸੰਪਰਕ ਵਿਚ ਆਉਣ ਨਾਲ ਪ੍ਰਜਨਨ ਪ੍ਰਣਾਲੀ ਨੂੰ ਨੁਕਸਾਨ ਹੋ ਸਕਦਾ ਹੈ। ਇਹ ਸ਼ੁਕਰਾਣੂ ਵਿਚਲੇ ਡੀ.ਐੱਨ.ਏ. ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਧੂੰਆਂ ਰਹਿਤ ਤੰਬਾਕੂ ਅੰਡਕੋਸ਼ ਦੇ ਕਾਰਜ, ਗੁਣਵੱਤਾ, ਅਤੇ ਹਾਰਮੋਨਲ ਨਿਯਮ ਨੂੰ ਪ੍ਰਭਾਵਿਤ ਕਰਦਾ ਹੈ। ਇਸ ਦਾ ਮਾਂ ਅਤੇ ਬੱਚੇ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਗਰਭ ਅਵਸਥਾ ਦੌਰਾਨ ਸਿਗਰਟਨੋਸ਼ੀ ਕਈ ਪੇਚੀਦਗੀਆਂ ਦੇ ਜ਼ੋਖਿਮ ਨੂੰ ਵਧਾਉਂਦੀ ਹੈ, ਜਿਵੇਂ ਕਿ ਸਮੇਂ ਤੋਂ ਪਹਿਲਾਂ ਜਨਮ ਅਤੇ ਜਣੇਪੇ, ਜਨਮ ਦੇ ਨੁਕਸਾਨ, ਅਚਾਨਕ ਬਾਲ ਮੌਤ ਸਿੰਡਰੋਮ, ਗਰਭਪਾਤ ਅਤੇ ਐਕਟੋਪਿਕ ਗਰਭ ਅਵਸਥਾ ਆਦਿ।

**ਮੂੰਹ ਦੇ ਕੈਂਸਰ ਦੇ ਨਾਲ-ਨਾਲ ਹੋਰ ਕਿਸਮ ਦੇ ਕੈਂਸਰ ਦਾ ਖ਼ਤਰਾ** : ਜੇਕਰ ਤੁਸੀਂ ਹਰ ਰੋਜ਼ ਤੰਬਾਕੂ ਦੀ ਵਰਤੋਂ ਕਰਦੇ ਹੋ, ਤਾਂ ਇਸ ਨਾਲ ਮੂੰਹ ਦਾ ਕੈਂਸਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਤੰਬਾਕੂ ਉਤਪਾਦਾਂ ਦਾ ਸੇਵਨ ਕਰਨ ਨਾਲ ਗੱਲ੍ਹਾਂ, ਮਸੂੜਿਆਂ ਅਤੇ ਜੀਭ ਦਾ ਕੈਂਸਰ ਹੋ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਤੰਬਾਕੂ ਦੇ ਸੇਵਨ ਕਾਰਨ ਗਲੇ, ਗੁਰਦੇ ਅਤੇ ਪੈਨਕ੍ਰੀਆਟਿਕ ਕੈਂਸਰ ਵੀ ਦੇਖਣ ਨੂੰ ਮਿਲਦੇ ਹਨ। ਬਹੁਤ ਸਾਰੇ ਅਧਿਐਨ ਹੋਏ ਹਨ, ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਤੰਬਾਕੂ ਦੀ ਵਰਤੋਂ ਇਨਸੁਲਿਨ ਪ੍ਰਤੀਰੋਧ, ਹਾਈ ਬਲੱਡ ਪ੍ਰੈਸ਼ਰ, ਪੁਰਾਣੀ ਸਾਹ ਦੀ ਬਿਮਾਰੀ, ਅਤੇ ਓਸਟੀਓਪੋਰੋਸਿਸ ਦਾ ਕਾਰਨ ਬਣਦੀ ਹੈ।




ਵਿਸ਼ਵ ਸਿਹਤ ਸੰਗਠਨ ਤੰਬਾਕੂ ਦੀ ਵਰਤੋਂ ਵਿਰੁੱਧ ਚੇਤਾਵਨੀ ਦੇਣ ਅਤੇ ਜਾਨਾਂ ਬਚਾਉਣ ਲਈ 31 ਮਈ ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਉਂਦਾ ਹੈ।

31 ਮਈ, 2023 ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਲਈ 'ਸਾਨੂੰ ਭੋਜਨ ਦੀ ਲੋੜ ਹੈ, ਤੰਬਾਕੂ ਦੀ ਨਹੀਂ' ਥੀਮ ਹੈ। ਇਸ ਸਾਲ ਦਾ ਇਸ਼ਤਿਹਾਰ ਤੰਬਾਕੂ ਉਤਪਾਦਕਾਂ ਲਈ ਬਦਲਵੀਂ ਫ਼ਸਲ ਦੀ ਕਾਸ਼ਤ ਅਤੇ ਮੰਡੀਕਰਨ 'ਤੇ ਜ਼ੋਰ ਦਿੰਦਾ ਹੈ। ਅਸੀਂ ਟਿਕਾਊ ਅਤੇ ਪੌਸ਼ਟਿਕ ਖੇਤੀ ਦਾ ਸਮਰਥਨ ਕਰਕੇ ਇੱਕ ਸਿਹਤਮੰਦ ਅਤੇ ਅਮੀਰ ਭਵਿੱਖ ਸੁਰੱਖਿਅਤ ਕਰ ਸਕਦੇ ਹਾਂ।

ਇੱਕ ਸਰਵੇਖਣ ਅਨੁਸਾਰ 40 ਫੀਸਦੀ ਕੈਂਸਰ ਤੰਬਾਕੂ ਦੀ ਵਰਤੋਂ ਨਾਲ ਹੁੰਦੇ ਹਨ। ਤੰਬਾਕੂ 4000 ਜ਼ਹਿਰੀਲੇ ਰਸਾਇਣਾਂ ਦਾ ਮਿਸ਼ਰਣ ਹੈ। ਨਿਕੋਟੀਨ ਅਤੇ ਨਾਈਟ੍ਰੋਜਨ ਮਿਸ਼ਰਣਾਂ ਨੂੰ ਮਨੁੱਖੀ ਸਿਹਤ ਲਈ ਸਭ ਤੋਂ ਵੱਧ ਹਾਨੀਕਾਰਕ ਕਰਾਰ ਦਿੱਤਾ ਗਿਆ ਹੈ। ਇਹ ਜ਼ਹਿਰੀਲੇ ਹਿੱਸੇ ਦਿਲ, ਦਿਮਾਗ, ਗੁਰਦੇ, ਸਾਹ ਪ੍ਰਣਾਲੀ ਅਤੇ ਪ੍ਰਜਨਨ ਪ੍ਰਣਾਲੀ 'ਤੇ ਬੁਰਾ ਪ੍ਰਭਾਵ ਪਾਉਂਦੇ ਹਨ। ਨਿਕੋਟੀਨ ਦਿਲ ਦੀ ਧੜਕਣ ਅਤੇ ਬਲੱਡ ਪ੍ਰੈਸ਼ਰ ਨੂੰ ਵਧਾਉਂਦੀ ਹੈ। ਇਸ ਦੀ ਵਰਤੋਂ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਖ਼ੂਨ ਦੀਆਂ ਨਾੜੀਆਂ ਦੇ ਤੰਗ ਹੋਣ ਨਾਲ ਦਿਮਾਗ ਦੀਆਂ ਨਾੜੀਆਂ ਦੇ ਫਟਣ ਦਾ ਖ਼ਤਰਾ ਵਧ ਜਾਂਦਾ ਹੈ। ਸਿਗਰਟ ਪੀਣ ਨਾਲ ਅਸਥਮਾ ਆਸਾਨੀ ਨਾਲ ਵਧ ਜਾਂਦਾ ਹੈ। ਇਹ ਵਿਅਕਤੀ ਨੂੰ ਸਮੇਂ ਤੋਂ ਪਹਿਲਾਂ ਬੁੱਢਾ ਬਣਾ ਦਿੰਦਾ ਹੈ।

ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਇਸ ਦਿਨ ਮਨੁੱਖਤਾ ਲਈ ਸਿਗਰਟਨੋਸ਼ੀ ਛੱਡਣ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕਈ ਪਹਿਲਕਦਮੀਆਂ ਕਰਦੀਆਂ ਹਨ। ਤੰਬਾਕੂ ਦੀ ਵਰਤੋਂ ਕਰਨ ਵਾਲੇ ਮਾਪਿਆਂ ਦੇ ਨਵਜੰਮੇ ਬੱਚੇ ਵੀ ਕਈ ਵਾਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ ਜਾਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੁੰਦੀ।

**ਭਾਰਤ ਵਿਚ ਸਿਗਰਟਨੋਸ਼ੀ ਦੀ ਸਥਿਤੀ। ਧੂੰਆਂ-ਮੁਕਤ ਸੰਸਾਰ ਲਈ ਫਾਊਂਡੇਸ਼ਨ:** ਦੋ ਲੱਖ ਲੋਕ ਮਾਰੇ ਗਏ। ਦੁਨੀਆਂ ਭਰ ਵਿਚ ਧੂੰਏਂ ਰਹਿਤ ਤੰਬਾਕੂ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬੋਝ ਦੇ ਤਿੰਨ ਚੌਥਾਈ ਤੋਂ ਵੱਧ ਲਈ ਭਾਰਤ ਜ਼ਿੰਮੇਵਾਰ ਹੈ। ਖਾਸ ਤੌਰ 'ਤੇ, ਧੂੰਏਂ ਰਹਿਤ ਤੰਬਾਕੂ ਦੀ ਵਰਤੋਂ ਪ੍ਰਤੀ ਸਾਲ 350,000 ਤੋਂ ਵੱਧ ਮੌਤਾਂ ਹੁੰਦੀਆਂ ਹਨ।

ਇਸ ਤੋਂ ਇਲਾਵਾ, ਭਾਰਤ ਆਪਣਾ ਜ਼ਿਆਦਾਤਰ ਤੰਬਾਕੂ ਨੇਪਾਲ, ਸੰਯੁਕਤ ਅਰਬ ਅਮੀਰਾਤ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਨਿਰਯਾਤ ਕਰਦਾ ਹੈ ਅਤੇ ਤੰਬਾਕੂ ਦਾ ਵਿਸ਼ਵ ਦਾ ਸਭ ਤੋਂ ਵੱਡਾ ਨਿਰਯਾਤਕ ਹੈ।

ਚੀਨ ਵਿਚ ਸਭ ਤੋਂ ਵੱਧ ਤੰਬਾਕੂ ਖਪਤਕਾਰ (300.8 ਮਿਲੀਅਨ) ਹਨ, ਇਸ ਤੋਂ ਬਾਅਦ ਭਾਰਤ (274.9 ਮਿਲੀਅਨ) ਹਨ। ਚੀਨ ਵਿਚ ਸਿਗਰਟਨੋਸ਼ੀ ਕਰਨ ਵਾਲਿਆਂ ਦੀ ਸਭ ਤੋਂ ਵੱਧ ਸੰਖਿਆ (300.7 ਮਿਲੀਅਨ) ਹੈ, ਜਦੋਂ ਕਿ ਭਾਰਤ ਵਿਚ ਸਿਗਰਟ ਰਹਿਤ ਤੰਬਾਕੂ ਖਪਤਕਾਰਾਂ ਦੀ ਸਭ ਤੋਂ ਵੱਧ ਸੰਖਿਆ (205.9 ਮਿਲੀਅਨ) ਹੈ। ਰੂਸ ਇੱਕ ਆਉਣ ਵਾਲੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਰੂਸ ਵਿਚ ਸਭ ਤੋਂ ਵੱਧ ਮਰਦ ਸਿਗਰਟਨੋਸ਼ੀ ਦਾ ਪ੍ਰਚਲਨ ਹੈ (60.2%)।

ਅਮਰੀਕਾ ਵਿਚ ਹਰ ਸਾਲ 480,000 ਤੋਂ ਵੱਧ ਮੌਤਾਂ ਹੁੰਦੀਆਂ ਹਨ। ਮਰਦਾਂ ਦੀ ਮੌਤ ਪ੍ਰਤੀ ਸਾਲ 278,544 ਦੀ ਦਰ ਨਾਲ ਹੁੰਦੀ ਹੈ, ਜਿਥੇ ਕਿ ਹਰ ਸਾਲ, 201,773 ਔਰਤਾਂ ਦੀ ਮੌਤ ਹੋ ਜਾਂਦੀ ਹੈ।

ਸੰਯੁਕਤ ਰਾਜ ਵਿਚ, ਤੰਬਾਕੂਨੋਸ਼ੀ ਨਾਲ ਸਬੰਧਤ ਬਿਮਾਰੀ ਹਰ ਸਾਲ $600 ਬਿਲੀਅਨ ਤੋਂ ਵੱਧ ਖਰਚ ਕਰਦੀ ਹੈ, ਜਿਸ ਵਿਚ ਬਾਲਗਾਂ ਲਈ ਸਿੱਧੇ ਡਾਕਟਰੀ ਇਲਾਜ ਵਿਚ $241 ਬਿਲੀਅਨ ਤੋਂ ਵੱਧ ਅਤੇ ਉਤਪਾਦਕਤਾ ਵਿਚ $184 ਬਿਲੀਅਨ ਸ਼ਾਮਲ ਹਨ। ਸੈਕਿੰਡਹੈਂਡ ਸਿਗਰਟਨੋਸ਼ੀ ਹਰ ਉਮਰ ਦੇ ਵਿਅਕਤੀਆਂ ਲਈ ਇੱਕ ਗੰਭੀਰ ਸਿਹਤ ਜ਼ੋਖ਼ਮ ਹੈ, ਜਿਸਦੇ ਨਤੀਜੇ ਵਜੋਂ ਹਰ ਸਾਲ 41,000 ਤੋਂ ਵੱਧ ਮੌਤਾਂ ਹੁੰਦੀਆਂ ਹਨ।

ਹਰ ਰੋਜ਼, ਤੰਬਾਕੂਨੋਸ਼ੀ ਨਾਲ ਸਬੰਧਤ ਬਿਮਾਰੀਆਂ ਲਗਭਗ 125 ਕੈਨੇਡੀਅਨਾਂ ਅਤੇ ਸਾਲਾਨਾ ਲਗਭਗ 48,000 ਕੈਨੇਡੀਅਨਾਂ ਦੀਆਂ ਜਾਨਾਂ ਜਾਂਦੀਆਂ ਹਨ।

ਗਲੋਬਲ ਐਡਲਟ ਤੰਬਾਕੂ ਸਰਵੇਖਣ ਦੇ ਅਨੁਸਾਰ, 80,000 ਤੋਂ 100,000 ਦੇ ਵਿਚਕਾਰ ਨੌਜਵਾਨ ਹਾਣੀਆਂ ਦੇ ਦਬਾਅ, ਪਰਿਵਾਰ ਜਾਂ ਰਿਸ਼ਤੇਦਾਰਾਂ ਦੇ ਪ੍ਰਭਾਵ, ਸਿਗਰੇਟ ਦੇ ਸੰਪਰਕ ਵਿਚ ਆਉਣ, ਤੰਬਾਕੂ ਉਤਪਾਦਾਂ ਤੱਕ ਪਹੁੰਚ ਵਿਚ ਆਸਾਨੀ ਅਤੇ ਅਨੁਕੂਲ ਵਾਤਾਵਰਣ ਸਥਿਤੀਆਂ ਕਾਰਨ ਹਰ ਰੋਜ਼ ਸਿਗਰਟ ਪੀਣੀ ਸ਼ੁਰੂ ਕਰਦੇ ਹਨ। ਖੋਜ ਦਰਸਾਉਂਦੀ ਹੈ ਕਿ 7 ਸਾਲ ਤੋਂ ਘੱਟ ਉਮਰ ਦੇ ਬੱਚੇ ਆਪਣੇ ਮਾਪਿਆਂ ਦੇ ਲੁਭਾਉਣ ਕਾਰਨ ਸਿਗਰਟ ਪੀਂਦੇ ਹਨ ਅਤੇ ਆਪਣੇ ਘਰਾਂ ਵਿਚ ਨਿਯਮਤ ਤੌਰ 'ਤੇ ਤੰਬਾਕੂ ਦੇ ਸੰਪਰਕ ਵਿਚ ਰਹਿੰਦੇ ਹਨ।

ਇਹ ਰੁਝਾਨ ਇੰਨਾ ਮਜ਼ਬੂਤ ਹੈ ਕਿ ਜੇਕਰ ਪਰਿਵਾਰਾਂ ਦੇ ਆਧਾਰ 'ਤੇ ਦਿਸ਼ਾ-ਨਿਰਦੇਸ਼ਾਂ ਦੀ ਸਥਾਪਨਾ ਨਹੀਂ ਕੀਤੀ ਜਾਂਦੀ, ਤਾਂ ਅਜਿਹੇ ਘਰਾਂ ਦੇ ਬੱਚਿਆਂ ਨੂੰ ਗੈਰ-ਸੰਚਾਰੀ ਬਿਮਾਰੀਆਂ ਦੇ ਵਿਕਾਸ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਕੁਝ ਦਿਲ ਅਤੇ ਸਾਹ ਦੀਆਂ ਬਿਮਾਰੀਆਂ, ਜਿਵੇਂ ਕਿ ਦਮਾ, ਛੋਟੀ ਉਮਰ ਵਿਚ ਅਚਾਨਕ ਬਾਲ ਮੌਤ ਦਾ ਸਾਹਮਣਾ ਕਰਦੇ ਹਨ।

ਤੰਬਾਕੂ ਦੀ ਕੀਮਤ ਸਮੁੱਚੀ ਉਤਪਾਦ ਦੀ ਲਾਗਤ ਜਾਂ ਸਹਾਇਤਾ ਦਾ ਇੱਕ ਛੋਟਾ ਜਿਹਾ ਹਿੱਸਾ ਸੀ, ਇਸ ਲਈ ਤੰਬਾਕੂ ਨਿਰਮਾਤਾਵਾਂ ਨੇ ਅਸਲ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਪਰਵਾਹ ਨਹੀਂ ਕੀਤੀ। ਹਾਲਾਂਕਿ, ਇਸਨੇ ਸਰਕਾਰੀ ਵਿਗਿਆਨੀਆਂ ਅਤੇ ਸਿਗਰਟਨੋਸ਼ੀ ਕਰਨ ਵਾਲਿਆਂ ਨੂੰ ਖੁਸ਼ ਕੀਤਾ, ਜੋ ਨਿਕੋਟੀਨ ਅਤੇ ਟਾਰ ਦੇ ਪੱਧਰ ਨੂੰ ਘਟਾਉਣਾ ਚਾਹੁੰਦੇ ਸਨ। ਇਹ ਕੁਦਰਤੀ ਹੈ ਕਿ ਵਿਗਿਆਨੀਆਂ ਅਤੇ ਸਿਗਰਟਨੋਸ਼ੀ ਕਰਨ ਵਾਲੇ ਦੋਵਾਂ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਕਰਨਾ ਚੁਣਿਆ ਹੈ ਕਿ ਸਿਗਰਟਨੋਸ਼ੀ ਕਰਨ ਵਾਲੇ ਲੰਬੇ ਅਤੇ ਡੂੰਘੇ ਸਾਹ ਲੈਣ ਦੇ ਨਾਲ-ਨਾਲ ਜ਼ਿਆਦਾ ਸਿਗਰੇਟ ਪੀ ਕੇ ਇਸ ਦੀ ਪੂਰਤੀ ਕਰਦੇ ਹਨ। ਜੇ ਉਹ ਹੋਰ ਸਿਗਰਟਾਂ ਖਰੀਦਦੇ, ਜਿਸ ਦਾ ਟੈਕਸ ਸਰਕਾਰਾਂ ਨੂੰ ਸਿੱਧਾ ਜਾਂਦਾ ਹੈ, ਤੇ ਇਸ ਪ੍ਰਤੀ ਚੁੱਪ ਧਾਰੀ ਬੈਠੀਆਂ ਹਨ। ਸੱਚਮੁੱਚ! "ਪੈਸੇ ਨੂੰ ਕੌਣ ਪਿਆਰ ਨਹੀਂ ਕਰਦਾ?" ਪਰ ਇਹ ਨਵੀਂ ਪੀੜ੍ਹੀ ਨੂੰ ਬਰਬਾਦ ਕਰ ਰਿਹਾ ਹੈ, ਜਿਸ ਬਾਰੇ ਸਰਕਾਰਾਂ ਅਤੇ ਆਮ ਜਨਤਾ ਨੂੰ ਕੁਝ ਠੋਸ ਕਦਮ ਚੁੱਕਣ ਦੀ ਲੋੜ ਹੈ।

# ਤੰਬਾਕੂ ਨਹੀਂ, ਜ਼ਿੰਦਗੀ ਚੁਣੋ

## (ਤੰਬਾਕੂਨੋਸ਼ੀ ਛੱਡਣਾ, ਸਿਹਤਮੰਦ ਅਤੇ ਖੁਸ਼ਹਾਲ ਜੀਵਨ ਵੱਲ ਪਹਿਲਾ ਕਦਮ)

ਚਾਨਣ ਦੀਪ ਸਿੰਘ ਔਲਖ
ਪਿੰਡ ਗੁਰਨੇ ਖੁਰਦ (ਮਾਨਸਾ)
ਸੰਪਰਕ : 98768-88177
(Punjab Mail USA)



ਹਰ ਸਾਲ 31 ਮਈ ਨੂੰ ਤੰਬਾਕੂ ਦੀ ਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ, ਨੀਤੀਆਂ ਨੂੰ ਉਤਸ਼ਾਹਿਤ ਕਰਨ ਅਤੇ ਇਸ ਦੇ ਸੇਵਨ ਨਾਲ ਸੰਬੰਧਿਤ ਬਿਮਾਰੀਆਂ ਨੂੰ ਘਟਾਉਣ ਲਈ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਦਾ ਅੰਦਾਜ਼ਾ ਹੈ ਕਿ ਤੰਬਾਕੂ ਦੀ ਵਰਤੋਂ ਹਰ ਸਾਲ ਵਿਸ਼ਵ ਪੱਧਰ 'ਤੇ 7 ਮਿਲੀਅਨ ਤੋਂ ਵੱਧ ਲੋਕਾਂ ਦੀ ਮੌਤ ਦਾ ਕਾਰਨ ਬਣਦੀ ਹੈ ਅਤੇ ਜੇਕਰ ਤੰਬਾਕੂ ਦੀ ਵਰਤੋਂ ਮੌਜੂਦਾ ਦਰ 'ਤੇ ਜਾਰੀ ਰਹੀ, ਤਾਂ 2030 ਤੱਕ ਇਹ ਗਿਣਤੀ ਵਧ ਕੇ 8 ਮਿਲੀਅਨ ਤੱਕ ਪਹੁੰਚਣ ਦੀ ਉਮੀਦ ਹੈ। ਵਿਸ਼ਵ ਤੰਬਾਕੂ ਰਹਿਤ ਦਿਵਸ 2023 ਦਾ ਥੀਮ ਹੈ "ਸਾਨੂੰ ਭੋਜਨ ਦੀ ਲੋੜ ਹੈ ਤੰਬਾਕੂ ਦੀ ਨਹੀਂ" ਹੈ। ਤੰਬਾਕੂ ਦੀ ਵਰਤੋਂ ਨਾ ਸਿਰਫ਼ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਬਲਕਿ ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤੰਬਾਕੂਨੋਸ਼ੀ ਦੌਰਾਨ ਛੱਡੇ ਜਾਣ ਵਾਲੇ ਹਾਨੀਕਾਰਕ ਰਸਾਇਣ ਹਵਾ ਪ੍ਰਦੂਸ਼ਣ ਵਿਚ ਯੋਗਦਾਨ ਪਾਉਂਦੇ ਹਨ, ਜੋ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ, ਟਿਕਾਊ ਵਿਕਾਸ, ਖਤਰਨਾਕ ਰਸਾਇਣਾਂ ਦੇ ਸੰਪਰਕ ਨੂੰ ਘਟਾਉਣ ਅਤੇ ਸਮੁੱਚੀ ਜਨਤਕ ਸਿਹਤ ਨੂੰ ਬਿਹਤਰ ਬਣਾਉਣ ਲਈ ਤੰਬਾਕੂ-ਮੁਕਤ ਭਾਈਚਾਰਿਆਂ ਦਾ ਨਿਰਮਾਣ ਕਰਨਾ ਜ਼ਰੂਰੀ ਹੈ। ਵਿਸ਼ਵ ਤੰਬਾਕੂ ਰਹਿਤ ਦਿਵਸ 2023 ਦੀ ਥੀਮ ਸਕੂਲਾਂ, ਕੰਮ ਦੇ ਸਥਾਨਾਂ, ਜਨਤਕ ਖੇਤਰਾਂ ਅਤੇ ਘਰਾਂ ਸਮੇਤ ਤੰਬਾਕੂ-ਮੁਕਤ ਵਾਤਾਵਰਨ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਤਸ਼ਾਹਿਤ ਕਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਇਸ ਦਿਨ ਦਾ ਉਦੇਸ਼ ਨੀਤੀਆਂ ਅਤੇ ਰਣਨੀਤੀਆਂ ਨੂੰ ਉਤਸ਼ਾਹਿਤ ਕਰਨਾ ਹੈ, ਜੋ ਤੰਬਾਕੂ-ਮੁਕਤ ਭਾਈਚਾਰਿਆਂ ਨੂੰ ਸਥਾਪਤ ਕਰਨ ਵਿਚ ਮਦਦ ਕਰਨਾ ਹੈ। ਸਿਗਰਟਨੋਸ਼ੀ ਛੱਡਣ ਨਾਲ, ਵਿਅਕਤੀ ਤੰਬਾਕੂ ਨਾਲ ਸਬੰਧਤ ਕਈ ਸਿਹਤ ਸਮੱਸਿਆਵਾਂ ਜਿਵੇਂ ਕਿ ਕੈਂਸਰ, ਦਿਲ ਦੀ ਬਿਮਾਰੀ, ਸਟ੍ਰੋਕ ਅਤੇ ਸਾਹ ਦੀਆਂ ਬਿਮਾਰੀਆਂ ਦੇ ਜ਼ੋਖਮ ਨੂੰ ਘਟਾ ਸਕਦੇ ਹਨ। ਸਿਗਰਟਨੋਸ਼ੀ ਨਾ ਸਿਰਫ਼ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਸਗੋਂ ਵਾਤਾਵਰਣ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤੰਬਾਕੂ ਉਦਯੋਗ ਜੰਗਲਾਂ ਦੀ ਕਟਾਈ, ਪ੍ਰਦੂਸ਼ਣ ਅਤੇ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਲਈ ਜ਼ਿੰਮੇਵਾਰ ਹੈ। ਤੰਬਾਕੂ ਦਾ ਉਤਪਾਦਨ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵੱਲ ਵੀ ਅਗਵਾਈ ਕਰਦਾ ਹੈ ਅਤੇ ਜਲਵਾਯੂ ਤਬਦੀਲੀ ਵਿਚ ਯੋਗਦਾਨ ਪਾਉਂਦਾ ਹੈ। ਇਸ ਲਈ ਤੰਬਾਕੂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਜਨਤਕ ਸਿਹਤ ਅਤੇ ਵਾਤਾਵਰਣ ਦੋਵਾਂ ਦੀ ਰੱਖਿਆ ਲਈ ਬਹੁਤ ਜ਼ਰੂਰੀ ਹੈ। ਵਿਸ਼ਵ ਤੰਬਾਕੂ ਰਹਿਤ ਦਿਵਸ 'ਤੇ ਵਿਸ਼ਵ ਭਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮਾਹਿਰ ਸਿਹਤ ਮੁਹਿੰਮਾਂ ਅਤੇ ਪਹਿਲਕਦਮੀਆਂ ਰਾਹੀਂ ਤੰਬਾਕੂਨੋਸ਼ੀ ਬੰਦ ਕਰਨ ਦਾ ਪ੍ਰਚਾਰ ਕਰਦੇ ਹਨ। ਉਦਾਹਰਨ ਲਈ ਹੈਲਥਕੇਅਰ ਪੇਸ਼ਾਵਰ ਮਰੀਜ਼ਾਂ ਨੂੰ ਤੰਬਾਕੂ ਛੱਡਣ ਲਈ ਉਤਸ਼ਾਹਿਤ ਕਰਦੇ ਹਨ ਅਤੇ ਵੱਖ-ਵੱਖ ਜਨਤਕ ਸਿਹਤ ਸੰਸਥਾਵਾਂ ਲੋਕਾਂ ਨੂੰ ਸਿਗਰਟ ਛੱਡਣ ਵਿਚ ਮਦਦ ਕਰਨ ਲਈ ਸਰੋਤ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ। ਦੁਨੀਆਂ ਭਰ ਦੀਆਂ ਸਰਕਾਰਾਂ ਤੰਬਾਕੂ ਦੀ ਖਪਤ ਨੂੰ ਘਟਾਉਣ ਲਈ ਨੀਤੀਆਂ ਵੀ ਲਾਗੂ ਕਰਦੀਆਂ ਹਨ, ਜਿਵੇਂ ਕਿ ਤੰਬਾਕੂ ਟੈਕਸ ਵਧਾਉਣਾ, ਤੰਬਾਕੂ ਉਤਪਾਦਾਂ 'ਤੇ ਚੇਤਾਵਨੀ ਲੇਬਲ ਲਗਾਉਣਾ ਅਤੇ ਜਨਤਕ ਖੇਤਰਾਂ ਵਿਚ ਸਿਗਰਟਨੋਸ਼ੀ 'ਤੇ ਪਾਬੰਦੀ ਲਗਾਉਣਾ। ਅੰਤ ਵਿਚ, ਵਿਸ਼ਵ ਤੰਬਾਕੂ ਰਹਿਤ ਦਿਵਸ ਸਾਨੂੰ ਜਨਤਕ ਸਿਹਤ ਅਤੇ ਵਾਤਾਵਰਣ ਉੱਤੇ ਤੰਬਾਕੂ ਦੇ ਵਿਨਾਸ਼ਕਾਰੀ ਪ੍ਰਭਾਵਾਂ ਦੀ ਯਾਦ ਦਿਵਾਉਂਦਾ ਹੈ। ਇਹ ਦਿਨ ਵਿਅਕਤੀਆਂ ਨੂੰ ਤੰਬਾਕੂ ਮੁਕਤ ਜੀਵਨ ਲਈ ਵਚਨਬੱਧ ਕਰਨ ਲਈ ਉਤਸ਼ਾਹਿਤ ਕਰਦਾ ਹੈ ਅਤੇ ਤੰਬਾਕੂ ਦੀ ਵਰਤੋਂ ਨੂੰ ਘਟਾਉਣ ਲਈ ਸਰਕਾਰੀ ਨੀਤੀਆਂ ਦਾ ਸਮਰਥਨ ਕਰਦਾ ਹੈ। ਤੰਬਾਕੂਨੋਸ਼ੀ ਛੱਡਣਾ ਇੱਕ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਵੱਲ ਪਹਿਲਾ ਕਦਮ ਹੈ ਅਤੇ ਵਿਅਕਤੀਆਂ ਨੂੰ ਤੰਬਾਕੂ ਨਾਲ ਸਬੰਧਤ ਬਿਮਾਰੀਆਂ ਨੂੰ ਰੋਕਣ ਅਤੇ ਜਾਨਾਂ ਬਚਾਉਣ ਲਈ ਲਾਜ਼ਮੀ ਕਦਮ ਚੁੱਕਣੇ ਚਾਹੀਦੇ ਹਨ।



## ਨਵੀਆਂ ਖੋਜਾਂ, ਨਵੇਂ ਤੱਥ

# ਬਹੁਤ ਅਜਬ ਹੈ ਪਦਾਰਥ ਦੀ ਰਚਨਾ ਦਾ ਭੇਤ

ਡਾ. ਡੀ.ਪੀ. ਸਿੰਘ
ਕੈਨੇਡਾ
drdpsn@hotmail.com
drdpsinghauthor.wordpress.com
(Punjab Mail USA)



ਭੌਤਿਕ ਵਿਗਿਆਨ ਦਾ ਇਕ ਖ਼ਾਸ ਅੰਗ ਹੈ ਕੁਆਂਟਮ ਮਕੈਨਿਕਸ। ਇਹ ਵਿਸ਼ਾ ਸੂਖਮ ਪ੍ਰਮਾਣੂਆਂ ਦੇ ਵਿਵਹਾਰ ਦਾ ਵਰਨਣ ਕਰਦਾ ਹੈ। ਕੁਆਂਟਮ ਮਕੈਨਿਕਸ ਪਦਾਰਥ ਦੇ ਸੁਭਾਅ ਬਾਰੇ ਤਰੰਗ-ਕਣ ਦਵੈਤ ਧਾਰਣਾ ਦੀ ਦੱਸ ਪਾਉਂਦੀ ਹੈ। ਦਵੈਤ ਧਾਰਣਾ ਅਨੁਸਾਰ ਪਦਾਰਥ ਦੇ ਹਰ ਕਣ ਨਾਲ ਇੱਕ ਤਰੰਗ ਜੁੜੀ ਹੋਈ ਹੈ। ਸਾਧਾਰਣ ਵਿਆਖਿਆ ਅਨੁਸਾਰ ਕਿਸੇ ਵੀ ਕਣ ਦੀ ਕਿਸੇ ਵੀ ਥਾਂ ਵਿਖੇ ਮੌਜੂਦਗੀ ਦੀ ਸੰਭਾਵਨਾ ਜਾਨਣ ਲਈ ਇਸ ਦੇ ਤਰੰਗ-ਨੁਮਾ ਗੁਣ ਦੀ ਖਾਸ ਮਹੱਤਤਾ ਹੁੰਦੀ ਹੈ। ਇਸੇ ਤਰੰਗ ਦੀ ਮਦਦ ਨਾਲ ਕਣ ਦੀ ਹੋਂਦ ਨੂੰ ਇਕ ਖਾਸ ਖੇਤਰ ਵਿਖੇ ਦੇਖ ਸਕਣਾ ਸੰਭਵ ਹੁੰਦਾ ਹੈ। ਕੁਝ ਖਾਸ ਵਰਨਣ, ਕਣ ਦੀ ਹਰਕਤ ਨਾਲ ਜੁੜੇ ਤਰੰਗ ਰੂਪ ਨੂੰ ਹੀ ਕਣ ਦਾ ਅਸਲੀ ਰੂਪ ਮੰਨਦੇ ਹਨ। ਅਜਿਹੇ ਵਰਨਣਾਂ ਵਿਚੋਂ ਇੱਕ ਹੈ ਚਾਲਕ-ਤਰੰਗ (ਪਾਇਲਟ-ਵੇਵ) ਸਿਧਾਂਤ। ਇਸ ਸਿਧਾਂਤ ਦਾ ਕਥਨ ਹੈ ਕਿ ਬ੍ਰਹਿਮੰਡ ਵਿਚ ਮੌਜੂਦ ਸਾਰੀਆਂ ਆਪਸੀ ਕ੍ਰਿਆਵਾਂ ਨੂੰ ਸਮੀਕਰਨਾਂ ਦੇ ਸਮੂਹ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ ਅਤੇ ਅਜਿਹੀਆਂ ਸਮੀਕਰਨਾਂ ਦਾ ਪਤਾ ਲਗਾਉਣਾ ਵੀ ਸੰਭਵ ਹੈ।

### ਮੂਲ ਤਰੰਗਾਂ

ਸੰਨ 1924 ਵਿਚ, ਭੌਤਿਕ ਵਿਗਿਆਨ ਦੇ ਫਰਾਂਸੀਸੀ ਖੋਜੀ ਲੂਈ ਡੀ ਬਰੋਗਲੀ ਨੇ ਸੁਝਾਅ ਪੇਸ਼ ਕੀਤਾ ਕਿ ਪਦਾਰਥੀ ਕਣ, ਤਰੰਗ ਵਰਗਾ ਗੁਣ ਰੱਖਦੇ ਹਨ। ਡੀ ਬਰੋਗਲੀ, ਰੌਸ਼ਨੀ ਦੇ ਸੁਭਾਅ ਨਾਲ ਜੁੜੇ ਤਰੰਗ-ਕਣ ਦਵੈਤ ਦੇ ਸਿਧਾਂਤ ਤੋਂ ਪ੍ਰੇਰਿਤ ਸੀ। ਪਿਛਲੇ ਕਈ ਸੌ ਸਾਲਾਂ ਤੋਂ, ਭੌਤਿਕ ਵਿਗਿਆਨੀ ਇਹ ਜਾਨਣ ਵਿਚ ਜੁੱਟੇ ਹੋਏ ਸਨ ਕਿ ਕੀ ਰੋਸ਼ਨੀ ਛੋਟੇ ਕਣਾਂ ਤੋਂ ਬਣੀ ਹੋਈ ਹੈ ਜਾਂ ਤਰੰਗਾਂ ਤੋਂ। ਉਨ੍ਹੀਵੀਂ ਸਦੀ ਦੇ ਅੱਧ ਵਿਚ ਜੇਮਜ਼ ਕਲਰਕ ਮੈਕਸਵੈੱਲ ਨੇ ਬਿਜਲ-ਚੁੰਬਕੀ ਖੇਤਰ ਦੀ ਹੋਂਦ ਦਾ ਪਤਾ ਲਗਾ ਲਿਆ। ਤਦ ਹੀ ਉਸ ਨੇ ਸੁਝਾਅ ਪੇਸ਼ ਕੀਤਾ ਕਿ ਰੌਸ਼ਨੀ ਦਾ ਆਧਾਰ ਬਿਜਲ-ਚੁੰਬਕੀ ਤਰੰਗਾਂ ਹੀ ਹਨ। ਸੰਨ 2017 ਵਿਚ ਛਪੀ ਕਿਤਾਬ "ਕੁਆਂਟਮ ਮਕੈਨਿਕਸ ਦਾ ਇਤਿਹਾਸ" ਇਸੇ ਤੱਥ ਦੀ ਪ੍ਰੋੜਤਾ ਕਰਦੀ ਹੈ।

ਸੰਨ 1899 ਵਿਚ, ਜਰਮਨ ਭੌਤਿਕ ਵਿਗਿਆਨੀ ਮੈਕਸ ਪਲੈਂਕ, ਗਰਮ ਵਸਤੂ ਦੁਆਰਾ ਨਿਕਾਸੀ ਰੌਸ਼ਨੀ (ਬਲੈਕ ਬਾਡੀ ਰੇਡੀਏਸ਼ਨ) ਦੀ ਜਾਂਚ ਕਰ ਰਿਹਾ ਸੀ, ਤਾਂ ਉਸ ਨੂੰ ਪਤਾ ਲੱਗਾ ਕਿ ਅਜਿਹੇ ਨਿਕਾਸੀ ਵਿਕਿਰਨ ਦੇ ਗੁਣਾਂ ਨੂੰ ਸਮਝਣ ਦਾ ਇਕੋ ਇਕ ਸਹੀ ਤਰੀਕਾ ਇਹੋ ਹੀ ਹੈ, ਜੇ ਅਸੀਂ ਰੌਸ਼ਨੀ ਦੇ ਸੁਭਾਅ ਨੂੰ ਕਣਾਂ (ਕੁਆਂਟਾ) ਤੇ ਬਿਜਲ-ਚੁੰਬਕੀ ਤਰੰਗਾਂ ਦੋਵਾਂ ਹੀ ਰੂਪਾਂ ਵਿਚ ਸੋਚ ਸਕੀਏ।

ਕੁਝ ਸਾਲਾਂ ਬਾਅਦ, ਐਲਬਰਟ ਆਈਨਸਟਾਈਨ ਨੇ ਸੁਝਾਅ ਪੇਸ਼ ਕੀਤਾ ਕਿ ਰੌਸ਼ਨੀ ਦਾ ਨਿਕਾਸ ਅਤੇ ਰੋਸ਼ਨੀ, ਦੋਨੋਂ ਹੀ ਕਣ ਰੂਪ ਵਾਲੇ ਹੁੰਦੇ ਹਨ। ਆਈਨਸਟਾਈਨ ਅਨੁਸਾਰ, ਰੌਸ਼ਨੀ ਸੂਖਮ ਕਣਾਂ (ਜਿਨ੍ਹਾਂ ਨੂੰ ਫੋਟੋਨ ਕਿਹਾ ਜਾਂਦਾ ਹੈ) ਤੋਂ ਬਣੀ ਹੁੰਦੀ ਹੈ ਅਤੇ ਫੋਟੋਨਾਂ ਦਾ ਝੁੰਡ ਇੱਕ ਤਰੰਗ ਵਾਂਗ ਕੰਮ ਕਰਦਾ ਹੈ। ਇਹ ਤਰੰਗ-ਕਣ ਦਵੈਤ ਸਿਧਾਂਤ ਭਾਵੇਂ ਬਿਲਕੁਲ ਹੀ ਨਵੀਂ ਕਿਸਮ ਦਾ ਸੀ, ਪਰ ਇਹ ਸਿਧਾਂਤ ਕਈ ਤਜਰਬਿਆਂ ਤੋਂ ਪ੍ਰਾਪਤ ਨਤੀਜਿਆਂ ਦੀ ਵਿਆਖਿਆ ਕਰਨ ਦੇ ਸਮਰਥ ਸੀ।

ਮੈਕਸ ਪਲੈਂਕ ਅਤੇ ਆਈਨਸਟਾਈਨ ਨੇ ਸੁਝਾਇਆ ਕਿ ਰੌਸ਼ਨੀ ਦੀ ਤਰੰਗ ਲੰਬਾਈ ਇਸ ਦੇ ਸੰਵੇਗ ਦੇ ਉਲਟ ਅਨੁਪਾਤੀ ਹੁੰਦੀ ਹੈ। ਇਸ ਕਾਰਣ ਇੱਕ ਫੋਟੋਨ ਵਿਚ ਜਿੰਨਾ ਜ਼ਿਆਦਾ ਸੰਵੇਗ (ਊਰਜਾ) ਹੁੰਦਾ ਹੈ, ਉਸਦੀ ਤਰੰਗ ਲੰਬਾਈ ਓਨੀ ਹੀ ਘੱਟ ਹੁੰਦੀ ਹੈ। ਡੀ ਬਰੋਗਲੀ ਨੇ ਇਸ ਸਧਾਰਨ ਸੰਬੰਧ ਨੂੰ ਵਿਚਾਰਦੇ ਹੋਏ ਬਹੁਤ ਹੀ ਨਿਵੇਕਲਾ ਵਿਚਾਰ ਪੇਸ਼ ਕੀਤਾ। ਰੌਸ਼ਨੀ ਊਰਜਾ ਦਾ ਰੂਪ ਹੈ, ਇਸ ਦਾ ਸੰਵੇਗ ਹੁੰਦਾ ਹੈ ਤੇ ਇਹ ਤਰੰਗ ਰੂਪ ਵੀ ਰੱਖਦੀ ਹੈ। ਠੀਕ ਇੰਝ ਹੀ ਪਦਾਰਥ ਵੀ ਊਰਜਾ ਤੇ ਸੰਵੇਗ ਦੇ ਗੁਣਾਂ ਦਾ ਮਾਲਕ ਹੁੰਦਾ ਹੈ। ਇਸ ਕਾਰਣ ਸੰਭਵ ਹੈ ਕਿ ਪਦਾਰਥ ਵਿਚ ਵੀ ਤਰੰਗ ਵਰਗੀ ਵਿਸ਼ੇਸ਼ਤਾ ਹੋਵੇ। ਡੀ ਬਰੋਗਲੀ ਦਾ ਰਿਸਰਚ ਗਾਇਡ ਇਸ ਨਿਵੇਕਲੇ ਵਿਚਾਰ ਨੂੰ ਸਹੀ ਮੰਨਣ ਬਾਰੇ ਉਲਝਣ ਵਿਚ ਸੀ, ਤਾਂ ਉਸ ਨੇ ਉਚਿਤ ਸਲਾਹ ਲੈਣ ਲਈ ਇਹ ਵਿਚਾਰ ਆਈਨਸਟਾਈਨ ਨੂੰ ਲਿਖ ਭੇਜਿਆ ਅਤੇ ਆਈਨਸਟਾਈਨ ਨੇ ਇਸ ਵਿਚਾਰ ਦੇ ਸਹੀ ਹੋਣ ਦੀ ਪੁਸ਼ਟੀ ਕਰ ਦਿੱਤੀ।



### ਕੁਆਂਟਮ ਤਰੰਗਾਂ

ਭਾਵੇਂ ਕਿ ਕੁਆਂਟਮ ਮਕੈਨਿਕਸ ਦਾ ਵਿਕਾਸ ਮੈਕਸ ਪਲੈਂਕ ਦੇ ਖੋਜ ਕਾਰਜਾਂ ਨਾਲ ਸ਼ੁਰੂ ਹੋ ਗਿਆ ਸੀ, ਪਰ ਅਗਲੇ ਕੁਝ ਕੁ ਦਹਾਕਿਆ ਤੱਕ ਇਸ ਦੀ ਤਰੱਕੀ ਰੁਕੀ ਹੀ ਰਹੀ। ਡੀ ਬਰੋਗਲੀ ਦਾ ਵਿਚਾਰ ਕੁਆਂਟਮ ਸਿਧਾਂਤ ਨੂੰ ਇਸ ਦੇ ਅਜੋਕੇ ਰੂਪ ਵਿਚ ਲਿਆਉਣ ਲਈ ਲਾਭਦਾਇਕ ਸਿੱਧ ਹੋਇਆ। ਤਰੰਗ-ਕਣ ਦਵੈਤ ਧਾਰਣਾ ਦੀ ਆਮਦ ਪਿੱਛੋਂ ਸੰਨ 1926 ਵਿਚ ਇਰਵਿਨ ਸ਼੍ਰੋਡਿੰਗਰ ਨੇ ਇਕ ਅਹਿਮ ਖੋਜ ਪੱਤਰ ਪੇਸ਼ ਕੀਤਾ, ਜਿਸ ਦੀ ਮਦਦ ਨਾਲ ਭੌਤਿਕ ਵਿਗਿਆਨੀਆਂ ਨੇ ਕੁਆਂਟਮ ਸਿਧਾਂਤ ਦਾ ਵਿਕਾਸ ਕਰ ਲਿਆ। ਇਹ ਸਿਧਾਂਤ, ਐਟਮਾਂ ਅੰਦਰ ਇਲੈਕਟ੍ਰੋਨਾਂ ਦੇ ਵਿਵਹਾਰ ਦੀ ਵਿਆਖਿਆ ਕਰਣ ਵਿਚ ਪੂਰੀ ਤਰ੍ਹਾਂ ਸਫਲ ਰਿਹਾ।

ਪਰ ਇਹ ਸਵਾਲ ਅਜੇ ਵੀ ਕਾਇਮ ਸੀ ਕਿ ਆਖ਼ਰ ਪਦਾਰਥ ਦੇ ਤਰੰਗ ਰੂਪ ਦਾ ਕੀ ਭਾਵ ਹੈ? ਸ਼੍ਰੋਡਿੰਗਰ ਦੀ ਦਲੀਲ ਸੀ ਕਿ ਇਲੈਕਟ੍ਰੋਨ ਵਰਗੇ ਸੂਖਮ-ਐਟਮੀ ਕਣ ਪੁਲਾੜ ਵਿਚ ਪਸਾਰਤਾ (ਤਰੰਗ) ਵਾਲਾ ਰੂਪ ਰੱਖਦੇ ਹਨ। ਪਰ ਉਸ ਦਾ ਇਹ ਤਰਕ ਉਨ੍ਹਾਂ ਤਜਰਬਿਆਂ ਨਾਲ ਮੇਲ ਨਹੀਂ ਸੀ ਖਾਂਦਾ, ਜੋ ਇਲੈਕਟ੍ਰੋਨਾਂ ਦੇ ਕਣ ਰੂਪ ਹੋਣ ਦੀ ਦੱਸ ਪਾਉਂਦੇ ਸਨ। ਤਦ ਜਰਮਨੀ ਦੇ ਭੌਤਿਕ ਵਿਗਿਆਨੀ ਮੈਕਸ ਬੋਰਨ ਨੇ ਇੱਕ ਵਿਚਾਰ ਪੇਸ਼ ਕੀਤਾ, ਜੋ ਅੰਤ ਵਿਚ ਕੁਆਂਟਮ ਮਕੈਨਿਕਸ ਦੀ ਕੋਪੇਨਹੇਗਨ ਵਿਆਖਿਆ ਦੇ ਨਾਮ ਹੇਠ ਪ੍ਰਚਲਿਤ ਹੋਇਆ। ਇਸ ਵਿਚਾਰ ਅਨੁਸਾਰ, ਪਦਾਰਥੀ ਤਰੰਗਾਂ ਦਰਅਸਲ ਉਹ ਸੰਭਾਵੀ ਤਰੰਗਾਂ ਹੁੰਦੀਆਂ ਹਨ, ਜੋ ਇਹ ਦੱਸ ਪਾਉਂਦੀਆਂ ਹਨ ਕਿ ਕੋਈ ਕਣ ਅਗਲੇ ਪਲ ਕਿੱਥੇ ਮੌਜੂਦ ਹੋਵੇਗਾ। ਜਿੱਥੇ ਇਨ੍ਹਾਂ ਤਰੰਗਾਂ ਦਾ ਸੰਭਾਵੀ-ਅੰਕੜਾ ਵਧੇਰੇ ਹੁੰਦਾ ਹੈ, ਉੱਥੇ ਕਣ ਦੇ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

### ਚਾਲਕ -ਤਰੰਗਾਂ (ਪਾਇਲਟ ਵੇਵਜ਼)

ਡੀ ਬਰੋਗਲੀ ਦਾ ਵਿਚਾਰ ਇਸ ਤੋਂ ਭਿੰਨ ਸੀ। ਉਹ ਇਹ ਤਾਂ ਮੰਨਦਾ ਸੀ ਕਿ ਤਰੰਗਾਂ ਦੀ ਹੋਂਦ ਹੁੰਦੀ ਹੈ, ਪਰ ਉਹ ਕਣਾਂ ਦਾ ਬਦਲ ਨਹੀਂ ਹਨ। ਦਰਅਸਲ ਉਸ ਦਾ ਯਕੀਨ ਸੀ ਕਿ ਕਿ ਉਹ ਕਣਾਂ ਦੇ ਨਾਲ ਹੀ ਹੋਂਦ ਰੱਖਦੀਆਂ ਹਨ, ਤੇ ਪੁਲਾੜ ਵਿਚ ਆਪਣੇ ਪ੍ਰਸਾਰ ਦੌਰਾਨ ਕਣਾਂ ਨੂੰ ਉਚਿਤ ਥਾਂ ਉੱਤੇ ਪੁੱਜਣ ਲਈ ਉਨ੍ਹਾਂ ਦੀ ਰਹਿਨੁਮਾਈ ਕਰਦੀਆਂ ਹਨ। ਪਰ ਪੁਲਾੜ ਵਿਚ ਕਣਾਂ ਦੇ ਰਸਤਿਆਂ ਦੀ ਸਹੀ ਨਿਸ਼ਾਨਦੇਹੀ ਕਰਨੀ ਸੰਭਵ ਨਹੀਂ। ਜਿਸ ਦਾ ਭਾਵ ਸੀ ਕਿ ਕਣਾਂ ਦਾ ਵਿਵਹਾਰ ਕੁਆਂਟਮ ਬੇਤਰਤੀਬੀ ਦਾ ਸ਼ਿਕਾਰ ਸੀ। ਇਸ ਦੇ ਸੰਬੰਧ ਵਿਚ ਡੀ ਬਰੋਗਲੀ ਦੀ ਦਲੀਲ ਸੀ ਕਿ ਅਜਿਹਾ ਬਿਲਕੁਲ ਹੀ ਸੰਭਵ ਨਹੀਂ ਹੈ ਕਿਉਂਕਿ ਚਾਲਕ-ਤਰੰਗਾਂ (ਪਾਇਲਟ ਵੇਵਜ਼) ਹਮੇਸ਼ਾ ਹੀ ਕਣਾਂ ਦੀ ਰਹਿਨੁਮਾਈ ਕਰਦੀਆਂ ਹਨ।

ਡੀ ਬਰੋਗਲੀ ਨੇ ਤਰੰਗਾਂ-ਸੰਭਾਵਨਾਵਾਂ ਦੀ ਵਿਆਖਿਆ ਦੇ ਹੱਕ ਵਿਚ, ਆਖਰਕਾਰ, ਇਸ ਵਿਚਾਰ ਨੂੰ ਛੱਡ ਹੀ ਦਿੱਤਾ ਸੀ। ਪਰ ਕੁਝ ਕੁ ਦਹਾਕਿਆਂ ਬਾਅਦ ਅਮਰੀਕਾ ਦੇ ਭੌਤਿਕ ਵਿਗਿਆਨੀ ਡੇਵਿਡ ਬੋਹਮ ਨੇ ਡੀ ਬਰੋਗਲੀ ਦੇ ਇਸ ਵਿਚਾਰ ਨੂੰ ਦੁਬਾਰਾ ਆਧਾਰ ਬਣਾਉਂਦੇ ਹੋਏ ਕੁਆਂਟਮ ਮਕੈਨਿਕਸ ਦੀ ਇੱਕ ਨਵੀਂ ਵਿਆਖਿਆ ਨੂੰ ਜਨਮ ਦਿੱਤਾ। ਹੋਰ ਭੌਤਿਕ ਵਿਗਿਆਨੀ ਵੀ ਪਾਇਲਟ-ਵੇਵ ਥਿਊਰੀ ਦੇ ਹੱਕ ਵਿਚ ਖੜ੍ਹੇ ਹੋ ਗਏ ਕਿਉਂਕਿ ਇਸ ਸਿਧਾਂਤ ਨੇ ਕੁਆਂਟਮ ਮਕੈਨਿਕਸ ਦੀ ਕੋਪੇਨਹੇਗਨ ਵਿਆਖਿਆ ਨੂੰ ਚੈਲੰਜ ਕਰਨ ਵਾਲੀਆਂ ਕੁਝ ਮੁੱਖ ਸਮੱਸਿਆਵਾਂ ਨੂੰ ਹੱਲ ਕਰ ਦਿੱਤਾ ਸੀ। ਕੁਆਂਟਮ ਮਕੈਨਿਕਸ ਦੀ ਕੋਪੇਨਹੇਗਨ ਵਿਆਖਿਆ ਵਿਚ, ਕੋਈ ਕਣ ਇਕ ਥਾਂ ਤੋਂ ਦੂਜੇ ਥਾਂ ਤਕ ਜਾਣ ਲਈ ਆਪਣਾ ਮਾਰਗ ਕਿਵੇਂ ਤੈਅ ਕਰਦਾ ਹੈ, ਬਾਰੇ ਜਾਨਣਾ ਸੰਭਵ ਨਹੀਂ ਸੀ। ਇਸ ਵਿਆਖਿਆ ਅਨੁਸਾਰ ਸਿਰਫ ਕੁਝ ਖ਼ਾਸ ਨਤੀਜੇ ਵਾਪਰਣ ਦੀ ਸੰਭਾਵਨਾ ਦਾ ਅੰਦਾਜ਼ਾ ਲਗਾਉਣਾ ਹੀ ਸੰਭਵ ਸੀ।


ਇਸ ਦੀ ਤੁਲਨਾ ਵਿਚ, ਪਾਇਲਟ-ਵੇਵ ਥਿਊਰੀ ਦਾ ਇਹ ਲਾਭ ਹੈ ਕਿ ਇਸ ਸਿਧਾਂਤ ਅਨੁਸਾਰ ਹਰ ਵਰਤਾਰਾ ਅਸਲ ਅਤੇ ਨਿਸ਼ਚਿਤ ਹੈ, ਸੰਭਾਵੀ ਨਹੀਂ। ਪਾਇਲਟ-ਵੇਵ ਥਿਊਰੀ ਨੂੰ ਬੋਹਮੀਅਨ ਮਕੈਨਿਕਸ ਵੀ ਕਿਹਾ ਜਾਂਦਾ ਹੈ। ਇਸ ਸਿਧਾਂਤ ਅਨੁਸਾਰ, ਹਰੇਕ ਕਣ ਨਾਲ ਜੁੜੀ ਤਰੰਗ, ਪੁਲਾੜ ਵਿਚ ਪ੍ਰਸਾਰ ਸਮੇਂ, ਆਮ ਤਰੰਗਾਂ ਦੇ ਕੁਦਰਤੀ ਸੁਭਾਅ ਅਨੁਸਾਰ ਹੀ ਕੰਮ ਕਰਦੀ ਹੈ। ਜਿਵੇਂ ਕਿ ਆਮ ਤਰੰਗਾਂ, ਤਰੰਗ ਪਰਾਵਰਤਨ, ਪਰਸਪਰ ਟਕਰਾਉ, ਪ੍ਰਸਾਰ, ਅਤੇ ਕਿਰਨਾਟ ਆਦਿ ਵਰਤਾਰਿਆਂ ਦਾ ਪ੍ਰਗਟਾ ਕਰਦੀਆਂ ਹਨ। ਠੀਕ ਇੰਝ ਹੀ ਪਾਇਲਟ ਵੇਵਜ਼ ਵੀ ਅਜਿਹੇ ਵਰਤਾਰਿਆਂ ਦੀ ਨੁਮਾਇਸ਼ ਕਰਦੀਆਂ ਹਨ। ਇਹ ਸਿਧਾਂਤ ਇਹ ਵੀ ਸਪੱਸ਼ਟ ਕਰਦਾ ਹੈ ਕਿ ਜੋ ਵਰਤਾਰਾ ਕਿਸੇ ਵੀ ਦਰਸ਼ਕ ਨੂੰ ਕੁਆਂਟਮ ਬੇਤਰਤੀਬੀ ਲੱਗਦਾ ਹੈ, ਉਹ ਦਰਅਸਲ ਵਿਚ ਇਸ ਤੱਥ ਦਾ ਪ੍ਰਤੀਕ ਹੈ ਕਿ ਕਣ ਦਾ ਅਸਲ ਮਾਰਗ ਗੁਪਤ ਹੈ।

ਪਰ, ਇਹ ਸੱਚ ਪ੍ਰਾਪਤੀ ਲਈ ਕੀਮਤ ਤਾਂ ਅਦਾ ਕਰਨੀ ਹੀ ਪੈਂਦੀ ਹੈ। ਜਦੋਂ ਦੋ ਕਣ ਟਕਰਾਉਂਦੇ ਹਨ, ਤਾਂ ਉਨ੍ਹਾਂ ਦੀਆਂ ਪਾਇਲਟ ਤਰੰਗਾਂ, ਆਪਸੀ ਕ੍ਰਿਆ ਦੌਰਾਨ ਕਣਾਂ ਨੂੰ ਉਲਝਾ ਦਿੰਦੀਆਂ ਹਨ। ਉਲਝਣ ਪ੍ਰਕ੍ਰਿਆ (**Entanglement**) ਇੱਕ ਕੁਆਂਟਮ ਮਕੈਨੀਕਲ ਵਰਤਾਰਾ ਹੈ, ਜਿਸ ਵਿਚ ਸੂਖਮ-ਐਟਮੀ ਕਣਾਂ ਦੇ ਹਾਲਾਤ ਆਪਸ ਵਿਚ ਜੁੜੇ ਹੋਏ ਹੁੰਦੇ ਹੈ। ਕਣਾਂ ਵਿਚ ਅਜਿਹੀ ਸੁਮੇਲਤਾ ਵਿਸ਼ਾਲ ਦੂਰੀਆਂ ਦੇ ਪਾਰ ਵੀ ਮੌਜੂਦ ਦੇਖੀ ਗਈ ਹੈ। ਜਿਸ ਅਨੁਸਾਰ ਜਦੋਂ ਇਕ ਕਣ ਵਿਚ ਕੋਈ ਤਬਦੀਲੀ ਕੀਤੀ ਜਾਂਦੀ ਹੈ, ਤਾਂ ਤੁਰੰਤ ਹੀ ਦੂਜੇ ਕਣ ਵਿਚ ਉਚਿਤ ਬਦਲਾਵ ਵਾਪਰ ਜਾਂਦਾ ਹੈ। ਇੰਝ ਦੋਨੋਂ ਕਣਾਂ ਦੇ ਸਮਕਾਲਿਕ ਵਰਣਨ ਲਈ ਇੱਕ ਹੀ ਤਰੰਗ ਸਮੀਕਰਨ ਦੀ ਲੋੜ ਹੁੰਦੀ ਹੈ। ਅਜਿਹੇ ਜੁੱਟ ਵਿਚਲਾ ਇਕ ਕਣ ਬਹੁਤ ਹੀ ਰਹੱਸਮਈ ਢੰਗ ਨਾਲ ਇਹ ਜਾਣ ਲੈਂਦਾ ਹੈ ਕਿ ਦੂਸਰਾ ਕਣ ਕੀ ਕਰ ਰਿਹਾ ਹੈ, ਚਾਹੇ ਉਨ੍ਹਾਂ ਕਣਾਂ ਵਿਚ ਆਪਸੀ ਦੂਰੀ ਕਿੰਨੀਂ ਵੀ ਜ਼ਿਆਦਾ ਕਿਉਂ ਨਾ ਹੋਵੇ। ਕੁਆਂਟਮ ਮਕੈਨਿਕਸ ਵਿਚ ਇਹ ਇੱਕ ਮਿਆਰੀ ਨਤੀਜਾ ਹੈ ਅਤੇ ਬਹੁਤਾ ਹੈਰਾਨੀ ਭਰਪੂਰ ਵੀ ਨਹੀਂ ਹੈ। ਪਾਇਲਟ-ਵੇਵ ਥਿਊਰੀ ਵਿਚ, ਇਹ ਉਲਝਣ-ਪ੍ਰਕ੍ਰਿਆ ਕਣਾਂ ਦੀਆਂ ਸਥਿਤੀਆਂ ਤੱਕ ਆਪਣੇ ਆਪ ਫੈਲਦੀ ਹੈ।


ਜਿਵੇਂ ਕਿ ਸਾਰੇ ਕਣ, ਬ੍ਰਹਿਮੰਡ ਦੇ ਹੋਰ ਸਾਰੇ ਕਣਾਂ ਨਾਲ ਉਲਝਣ ਪ੍ਰਕਿਆਂ ਰਾਹੀਂ ਜੁੜੇ ਹੋਏ ਹਨ, ਤਾਂ ਇੱਕੋ ਤਰੰਗ ਸਮੀਕਰਨ ਹੀ ਸਾਰੇ ਕਣਾਂ ਨੂੰ ਸਮਕਾਲਿਕ ਤੌਰ ਉੱਤੇ ਵਰਣਨ ਕਰਨ ਲਈ ਉਚਿਤ ਹੈ ਅਤੇ ਇਹੋ ਸਮੀਕਰਨ ਹੀ ਕਿਸੇ ਅਣਜਾਣੇ ਢੰਗ ਨਾਲ ਉਨ੍ਹਾਂ ਸਾਰੇ ਕਣਾਂ ਦੀਆਂ ਸਥਿਤੀਆਂ ਨੂੰ ਪ੍ਰਸਪਰ ਸੁਮੇਲਤਾ ਬਖ਼ਸ਼ਦੀ ਹੈ। ਇਸ ਦਾ ਭਾਵ ਹੈ ਕਿ ਪਾਇਲਟ-ਵੇਵ ਥਿਊਰੀ ਅਨੁਸਾਰ, ਸਾਡੇ ਸਰੀਰ ਦੇ ਐਟਮਾਂ ਦੀ ਹਰਕਤ, ਸਮੁੱਚੇ ਬ੍ਰਹਿਮੰਡ ਵਿਚ ਮੌਜੂਦ ਹਰ ਕਣ ਦੇ ਵਿਵਹਾਰ ਤੋਂ ਪ੍ਰਭਾਵਿਤ ਹੁੰਦੀ ਹੈ ਅਤੇ ਇੱਕ ਅਜਿਹਾ ਸਮੀਕਰਨ ਸੰਭਵ ਹੈ, ਜੋ ਸਮੁੱਚੇ ਬ੍ਰਹਿਮੰਡ ਦੀ ਹਰ ਚੀਜ਼ ਨੂੰ ਸੁਮੇਲਤਾ ਬਖਸ਼ਦਾ ਹੈ।

ਬੇਸ਼ੱਕ ਇਹ ਨਤੀਜਾ ਪਾਇਲਟ-ਵੇਵ ਥਿਊਰੀ ਨੂੰ ਰੱਦ ਤਾਂ ਨਹੀਂ ਕਰਦਾ, ਪਰ ਇਹ ਸੁਝਾਅ ਇਸ ਥਿਊਰੀ ਨੂੰ ਭੌਤਿਕ ਵਿਗਿਆਨ ਦੇ ਸਹੀ ਸਿਧਾਂਤ ਵਜੋਂ ਸਵੀਕਾਰ ਕਰਨ ਵਿਚ ਮੁਸ਼ਕਲ ਜ਼ਰੂਰ ਪੈਦਾ ਕਰਦਾ ਹੈ। ਇਸ ਥਿਊਰੀ ਅਨੁਸਾਰ, ਕਦੇ ਵੀ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਅਸੀਂ ਕਿਸੇ ਤਜ਼ਰਬੇ ਦੇ ਸਾਰੇ ਹਾਲਾਤਾਂ ਨੂੰ ਸਮਝ ਲਿਆ ਹੈ ਅਤੇ ਇਸ ਵਰਤਾਰੇ ਦੀ ਪ੍ਰਕ੍ਰਿਆ ਦੌਰਾਨ ਕੀ ਵਾਪਰ ਰਿਹਾ ਹੈ, ਦਾ ਪਤਾ ਲੱਗ ਗਿਆ ਹੈ।

ਕਣਾਂ ਦੇ ਵੇਗ ਦੀ ਥਾਂ ਉਨ੍ਹਾਂ ਦੀਆਂ ਸਥਿਤੀਆਂ ਦੀ ਗੱਲ ਕਰਨਾ, ਇਸ ਸਿਧਾਂਤ ਨੂੰ ਸਾਪੇਖਤਾ ਸਿਧਾਂਤ (ਰੀਲੇਟਿਵਿਟੀ) ਦੇ ਪੂਰੀ ਤਰ੍ਹਾਂ ਅਨੁਕੂਲ ਬਣਾਉਣ ਵਿਚ ਵੀ ਮੁਸ਼ਕਲ ਪੈਦਾ ਕਰਦਾ ਹੈ। ਸਾਪੇਖਤਾ ਸਿਧਾਂਤ ਦਾ ਕਥਨ ਹੈ ਕਿ ਕਣਾਂ ਦੀਆਂ ਸਥਿਤੀਆਂ ਅਤੇ ਵੇਗ ਨੂੰ ਬਰਾਬਰ ਪੱਧਰ 'ਤੇ ਮੰਨਿਆ ਜਾਣਾ ਚਾਹੀਦਾ ਹੈ। ਇਸ ਅਨੁਕੂਲਤਾ ਦੀ ਅਣਹੋਂਦ ਵਿਚ, ਪਾਇਲਟ-ਵੇਵ ਥਿਊਰੀ ਨੂੰ ਕੁਆਂਟਮ ਥਿਊਰੀ ਦੁਆਰਾ ਵਰਨਿਤ ਸਾਰੀਆਂ ਭੌਤਿਕ ਪ੍ਰਣਾਲੀਆਂ ਵਿਚ ਵਿਸਤਾਰਿਤ ਕਰਨਾ ਵੀ ਔਖਾ ਹੈ।



ਆਸ ਹੈ ਭਵਿੱਖ ਵਿਚ ਇਨ੍ਹਾਂ ਮੁਸ਼ਕਲਾਂ ਦਾ ਜਵਾਬ ਵੀ ਮਿਲ ਜਾਵੇਗਾ। ਵਰਨਣਯੋਗ ਹੈ ਕਿ ਪਿਛਲੇ ਕੁਝ ਕੁ ਦਹਾਕਿਆਂ ਦੌਰਾਨ ਵਿਗਿਆਨ ਦੇ ਖੋਜਕਾਰਾਂ ਨੇ ਪਾਇਲਟ ਵੇਵ ਥਿਊਰੀ ਵਿਚ ਗਹਿਰੀ ਦਿਲਚਸਪੀ ਦਿਖਾਈ ਹੈ। ਪਰ ਜਦੋਂ ਤੱਕ ਉਪਰੋਕਤ ਮੁਸ਼ਕਲਾਂ ਦਾ ਹੱਲ ਨਹੀਂ ਮਿਲ ਜਾਂਦਾ, ਤਦ ਤੱਕ ਤਰੰਗ-ਕਣ ਦਵੈਤ ਦੀ ਅਸਲੀਅਤ ਮਨੁੱਖੀ ਦਿਲਚਸਪੀ ਦਾ ਵਿਸ਼ਾ ਬਣੀ ਹੀ ਰਹੇਗੀ।



# ਦਰਿਆ ਬਿਆਸ ਦੇ ਕੰਢੇ ਵੱਸਿਆ ਨਗਰ ਸ੍ਰੀ ਗੋਇੰਦਵਾਲ ਸਾਹਿਬ

**ਰਮੇਸ਼ ਬੱਗਾ ਚੋਹਲਾ**
(ਲੁਧਿਆਣਾ)
ਮੋਬ: 94631-32719
(Punjab Mail USA)



ਸਿੱਖ ਧਰਮ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਣ ਕਾਰਨ ਸਮਾਜ ਦੀ ਬੇਹਤਰੀ/ਭਲਾਈ ਲਈ ਹਮੇਸ਼ਾਂ ਹੀ ਤੱਤਪਰ ਰਿਹਾ ਹੈ। ਸਰਬੱਤ ਦੇ ਭਲੇ ਨੂੰ ਆਪਣਾ ਮੁੱਖ ਮਨੋਰਥ ਮੰਨ ਕੇ ਚੱਲਣ ਵਾਲਾ ਇਹ ਧਰਮ ਆਪਣੀਆਂ ਵਿਲੱਖਣ ਵਿਸ਼ੇਸ਼ਤਾਈਆਂ ਕਾਰਣ ਦੁਨੀਆਂ ਦੇ ਬਾਕੀ ਧਰਮਾਂ ਨਾਲੋਂ ਕੁੱਝ ਵਿੱਥਾਂ ਵੀ ਰੱਖਦਾ ਹੈ। ਇਹ ਵਿੱਥਾਂ ਜਿਥੇ ਇਸ ਨੂੰ ਬਾਕੀ ਧਰਮਾਂ ਨਾਲੋਂ ਵੱਖਰਿਉਂਦੀਆਂ ਹਨ, ਉੱਥੇ ਇਸ ਦੇ ਨਵੀਨ ਮੁਹਾਂਦਰੇ ਦੀ ਹਾਮੀ ਵੀ ਭਰਦੀਆਂ ਹਨ।

ਸਿੱਖ ਧਰਮ ਦੇ ਸ਼ੁਰੂਆਤੀ ਸਮੇਂ ਵਿਚ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਨਵੇਂ ਨਗਰਾਂ ਨੂੰ ਵਸਾਉਣਾ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਅਹਿਮ ਹਿੱਸਾ ਰਿਹਾ ਹੈ। ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਦੀ ਵਿਸ਼ੇਸ਼ ਕਿਰਪਾ/ਘਾਲਣਾ ਨਾਲ ਵੱਸਿਆ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਸਿੱਖ ਸੰਗਤ ਵਿਚ ਸਤਿਕਾਰਯੋਗ ਸਥਾਨ ਰੱਖਦਾ ਹੈ। ਦਰਿਆ ਬਿਆਸ ਦੇ ਕਿਨਾਰੇ 'ਤੇ ਵੱਸੇ ਇਸ ਨਗਰ ਨੂੰ ਸਿੱਖੀ ਦਾ ਧੁਰਾ ਕਰਕੇ ਵੀ ਸਤਿਕਾਰਿਆ ਜਾਂਦਾ ਹੈ। ਸ੍ਰੀ ਗੋਇੰਦਵਾਲ ਸਾਹਿਬ ਦੀ ਸਥਾਪਨਾ ਤੋਂ ਪਹਿਲਾਂ ਇਸ ਥਾਂ 'ਤੇ ਇੱਕ ਥੇਹ ਹੋਇਆ ਕਰਦਾ ਸੀ, ਜਿਸ ਦੇ ਮਾਲਕ ਖੱਤਰੀ ਗੋਂਦੇ ਮਰਵਾਹੇ ਦੇ ਵਡੇਰੇ ਸਨ। ਆਪਣੇ ਵਡੇਰਿਆਂ ਦੀ ਯਾਦ ਨੂੰ ਸਦੀਵੀਂ ਬਣਾਉਣ ਹਿੱਤ ਗੋਂਦਾ ਚਾਹੁੰਦਾ ਸੀ ਕਿ ਇਸ ਸਥਾਨ 'ਤੇ ਇੱਕ ਨਗਰ ਵੱਸ ਜਾਵੇ ਪਰ ਇਹ ਉਸ ਦੀ ਸਿਰਫ ਇੱਕ ਚਾਹਤ ਹੀ ਸੀ, ਜਿਸ ਨੂੰ ਅਮਲੀ ਜਾਮਾ ਪਹਿਨਾਉਣਾ ਉਸ ਦੇ ਵੱਸ ਦੀ ਗੱਲ ਨਹੀਂ ਸੀ। ਨਵਾਂ ਨਗਰ ਵਸਾਉਣ ਲਈ ਇੱਕ ਉੱਚੀ, ਸੁੱਚੀ ਅਤੇ ਸਾਂਝੀ ਪਹੁੰਚ ਦੀ ਲੋੜ ਸੀ, ਜਿਹੜੀ ਉਸ ਵਕਤ ਗੋਂਦੇ ਕੋਲ ਨਾ ਹੋ ਕੇ ਕੇਵਲ ਗੁਰੂ ਸਾਹਿਬ ਅਤੇ ਉਨ੍ਹਾਂ ਦੀ ਸੰਗਤ ਕੋਲ ਮੌਜੂਦ ਸੀ। ਆਪਣੇ ਆਪ ਨੂੰ ਅਸਮਰੱਥ ਜਾਣ ਕੇ ਗੋਂਦਾ ਖੱਤਰੀ ਗੁਰੂ ਅੰਗਦ ਸਾਹਿਬ ਦੀ ਸ਼ਰਨ ਵਿਚ ਆ ਗਿਆ ਅਤੇ ਉਸ ਥੇਹ ਉਪਰ ਨਵਾਂ ਨਗਰ ਵਸਾਉਣ ਦੀ ਜੋਦੜੀ ਕਰਨ ਲੱਗਾ। ਗੋਂਦਾ ਇਹ ਗੱਲ ਭਲੀ-ਭਾਂਤ ਜਾਣਦਾ ਸੀ ਕਿ ਗੁਰੂ ਸਾਹਿਬ ਦਾ ਹੁਕਮ ਸਿੱਖ-ਸੰਗਤ ਲਈ ਇਲਾਹੀ ਹੁਕਮ ਦੇ ਬਰਾਬਰ ਹੁੰਦਾ ਹੈ, ਜਿਹੜਾ ਬਹੁਤੀਆਂ ਹਾਲਤਾਂ ਵਿਚ ਪ੍ਰਵਾਨ ਚੜ੍ਹਕੇ ਹੀ ਰਹਿੰਦਾ।


ਗੁਰਮਿਤ ਦੇ ਨਜ਼ਰੀਏ ਤੋਂ ਵਿਚਾਰਦਿਆਂ ਗੁਰੂ ਅੰਗਦ ਦੇਵ ਜੀ ਨੇ ਗੋਂਦੇ ਮਰਵਾਹੇ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਕਿਉਂਕਿ ਦਰਿਆ ਦੇ ਕੰਢੇ 'ਤੇ ਹੋਣ ਦੇ ਨਾਲ-ਨਾਲ ਇਹ ਥਾਂ ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲੇ ਸ਼ਾਹੀ ਮਾਰਗ ਨਾਲ ਵੀ ਲੱਗਦੀ ਸੀ, ਜਿੱਥੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਇੱਕ ਸੋਹਣਾ ਕੇਂਦਰ ਬਣ ਸਕਦਾ ਸੀ। ਇਸ ਆਸ਼ੇ ਦੀ ਪੂਰਤੀ ਲਈ ਗੁਰੂ ਅੰਗਦ ਦੇਵ ਜੀ ਨੇ ਬਾਬੇ ਅਮਰਦਾਸ ਜੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਨਵਾਂ ਨਗਰ ਵਸਾਉਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਸੰਭਾਲ ਦਿੱਤੀ। ਗੁਰੂ ਸਾਹਿਬ ਨੇ ਬਾਬਾ ਜੀ ਨੂੰ ਇਹ ਵੀ ਹੁਕਮ ਕੀਤਾ ਕਿ ਨਗਰ ਤਿਆਰ ਕਰਕੇ ਆਪਣੇ ਪਿੰਡ ਬਾਸਰਕੇ ਤੋਂ ਆਪਣੇ ਅੰਗਾਂ-ਸਾਕਾਂ ਅਤੇ ਨਿਕਟਵਰਤੀਆਂ ਨੂੰ ਲਿਆ ਕੇ ਇਸ ਨਵੇਂ ਨਗਰ (ਗੋਇੰਦਵਾਲ ਸਾਹਿਬ) ਵਿਚ ਵਸਾਉਣਾ ਕਰੋ। ਇਹ ਹੁਕਮ ਸੰਮਤ 1603 (1546 ਈ.) ਵਿਚ ਕੀਤਾ ਗਿਆ ਸੀ। ਗੁਰੂ ਅੰਗਦ ਦੇਵ ਜੀ ਦਾ ਹੁਕਮ ਪਾ ਕੇ ਬਾਬਾ ਅਮਰਦਾਸ ਜੀ ਨੇ ਨਵੇਂ ਨਗਰ ਦੀ ਮੋੜ੍ਹੀ ਗੱਡ ਦਿੱਤੀ। ਬਾਬਾ ਜੀ ਦੀ ਵਿਸ਼ੇਸ਼ ਨਿਗਰਾਨੀ ਅਤੇ ਸੰਗਤ ਦੇ ਭਰਪੂਰ ਸਹਿਯੋਗ ਇਹ ਨਵਾਂ ਨਗਰ ਕੁੱਝ ਕੁ ਸਮੇਂ ਵਿਚ ਹੀ ਬਣ ਕੇ ਤਿਆਰ ਹੋ ਗਿਆ, ਜਿਸ ਦਾ ਨਾਮ ਗੋਇੰਦਵਾਲ ਸਾਹਿਬ ਰੱਖਿਆ ਗਿਆ। ਗੋਇੰਦਵਾਲ ਸਾਹਿਬ ਦੇ ਬਣ ਜਾਣ ਤੋਂ ਬਾਅਦ (ਗੁਰੂ) ਅਮਰਦਾਸ ਜੀ ਨੇ ਆਪਣੇ ਜੱਦੀ ਪਿੰਡ ਬਾਸਰਕੇ ਤੋਂ ਆਪਣੇ ਪਰਿਵਾਰ ਅਤੇ ਹੋਰ ਨੇੜਤਾ ਵਾਲਿਆਂ ਨੂੰ ਲਿਆ ਕੇ ਇਸ ਨਗਰ ਵਿਚ ਵਸਾਉਣਾ ਸ਼ੁਰੂ ਕਰ ਦਿੱਤਾ।

ਸ੍ਰੀ ਗੋਇੰਦਵਾਲ ਸਾਹਿਬ ਦਰਿਆ ਬਿਆਸ ਦੇ ਕੰਢੇ 'ਤੇ ਸਥਿਤ ਹੋਣ ਕਰਕੇ ਪਹਿਲਾਂ ਸਿੱਖ-ਸੰਗਤ ਦੇ ਲਈ (ਸਰੋਵਰ ਦੇ ਰੂਪ ਵਿਚ) ਪਾਣੀ ਦੀ ਲੋੜ ਮਹਿਸੂਸ ਹੀ ਨਾ ਹੋਈ। 6-7 ਸਾਲ ਤੱਕ ਇਹ ਲੋੜ ਇੱਕ ਸਾਂਝੇ ਖੂਹ ਤੋਂ ਹੀ ਪੂਰੀ ਕਰ ਲਈ ਗਈ। ਪਰ ਜਦੋਂ ਗੋਂਦੇ ਅਤੇ ਉਸ ਦੇ ਸਾਥੀਆਂ ਵੱਲੋਂ ਸੰਗਤ ਨਾਲ ਛੇੜਖਾਨੀ ਕੀਤੀ ਗਈ, ਤਾਂ ਗੁਰੂ ਅਮਰਦਾਸ ਜੀ ਨੇ ਸੰਗਤ ਦੀ ਸਹੂਲਤ ਲਈ ਪਾਣੀ ਦੇ ਵੱਖਰੇ ਪ੍ਰਬੰਧ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਤਹਿਤ ਗੁਰੂ ਸਾਹਿਬ ਨੇ ਲੋੜੀਂਦੀ ਜ਼ਮੀਨ ਮੁੱਲ ਖਰੀਦ ਕੇ ਸਮੰਤ 1616 ਨੂੰ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ (ਅਰਦਾਸ ਕਰਕੇ) ਬਾਉਲੀ ਦਾ ਟੱਪ ਲਗਾ ਦਿੱਤਾ। ਭਾਵੇਂ ਸ੍ਰੀ ਗੋਇੰਦਵਾਲ ਸਾਹਿਬ ਦਰਿਆ ਬਿਆਸ ਦੇ ਕਿਨਾਰੇ 'ਤੇ ਵੱਸਿਆ ਹੋਣ ਕਰਕੇ ਇੱਥੇ ਪਾਣੀ ਦੀ ਕੋਈ ਕਿੱਲਤ ਨਹੀਂ ਸੀ ਪਰ ਬਾਉਲੀ ਸਾਹਿਬ ਦੇ ਨਿਰਮਾਣ ਪਿੱਛੇ ਗੁਰੂ ਅਮਰਦਾਸ ਪਾਤਸ਼ਾਹ ਦਾ ਇੱਕ ਮਹਾਨ ਉਦੇਸ਼ ਸੀ। ਇਸ ਉਦੇਸ਼ ਦੀ ਜੜ੍ਹ ਸਿੱਖੀ ਦੇ ਉਸ ਸਿਧਾਂਤ ਨਾਲ ਜੁੜੀ ਹੋਈ ਹੈ, ਜਿਹੜਾ ਕਹਿੰਦਾ ਹੈ 'ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' ਇਸ ਤੋਂ ਪਹਿਲਾਂ (ਮਨੁਸਿਮ੍ਰਤੀ ਦੇ ਮੁਤਾਬਿਕ) ਵਗਦੇ ਪਾਣੀ ਦੀ ਵਰਤੋਂ ਦਾ ਸਭ ਤੋਂ ਪਹਿਲਾ ਅਧਿਕਾਰ ਬ੍ਰਾਹਮਣ ਦਾ, ਫਿਰ ਖੱਤਰੀ ਦਾ, ਫਿਰ ਵੈਸ਼ ਦਾ ਸੀ ਅਤੇ ਸਭ ਤੋਂ ਅਖੀਰ ਵਿਚ ਇਸ (ਤਿੰਨ ਧਿਰਾਂ ਦੇ ਜੂਠੇ) ਪਾਣੀ ਦੀ ਵਰਤੋਂ ਸ਼ੂਦਰ ਕਰ ਸਕਦਾ ਸੀ। ਗੁਰੂ ਸਾਹਿਬ ਇਸ ਮਨੁੱਖੀ ਵਿਤਕਰੇ ਨੂੰ ਸਦੀਵੀਂ ਤੌਰ 'ਤੇ ਖ਼ਤਮ ਕਰਕੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਵਿਚਾਰ ਨੂੰ ਦ੍ਰਿੜ੍ਹ ਕਰਵਾਉਣਾ ਚਾਹੁੰਦੇ ਸਨ। ਇਸ ਤਰ੍ਹਾਂ ਆਪਣੇ ਉੱਚੇ-ਸੁੱਚੇ ਅਤੇ ਮਾਨਵ ਹਿੱਤਕਾਰੀ ਉਦੇਸ਼ ਦੀ ਪੂਰਤੀ ਲਈ ਤੀਸਰੇ ਨਾਨਕ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀ ਰਚਨਾ ਕਰਵਾਈ। ਇਸ ਮਹਾਨ ਕਾਰਜ ਲਈ ਗੁਰੂ ਜੀ ਨੇ ਬਾਬਾ ਬਕਾਲਾ ਨਿਵਾਸੀ ਭਾਈ ਸਾਧਾਰਣ (ਜੋ ਕਿ ਇੱਕ ਮਿਸਤਰੀ ਸਿੱਖ ਸੀ) ਦੀ ਵਿਸ਼ੇਸ਼ ਸੇਵਾ ਲਈ। ਸਿੱਖਾਂ ਵਾਸਤੇ ਇਹ ਪਹਿਲਾ ਤੀਰਥ ਸਥਾਨ ਸੀ, ਜਿਸ ਦਾ ਨਿਰਮਾਣ ਗੁਰੂ ਜੀ ਨੇ ਆਪ ਆਰੰਭ ਕਰਵਾਇਆ ਅਤੇ ਇਸ ਦੀ ਤਿਆਰੀ ਲਈ ਲਗਭਗ ਛੇ ਸਾਲ ਦਾ ਸਮਾਂ ਲੱਗਾ। ਬਾਉਲੀ ਸਾਹਿਬ ਦਾ ਬਣਨਾ, ਜਿਥੇ ਉਸ ਸਮੇਂ ਦੇ ਜਾਤੀ ਵੰਡ-ਵਿਤਕਰੇ ਉਪਰ ਇੱਕ ਕਰਾਰੀ ਅਤੇ ਵਿਹਾਰੀ ਚੋਟ ਸੀ, ਉਥੇ ਗੁਰੂਕਿਆਂ ਦੇ ਉਸ ਪੱਖ ਨੂੰ ਵੀ ਪੂਰਦੀ ਸੀ, ਜਿਹੜਾ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਮਹਾਂਵਾਕ ਨਾਲ ਜੁੜਿਆ ਹੋਇਆ ਹੈ।

ਮਿੱਥੇ ਹੋਏ ਪ੍ਰੋਗਰਾਮ ਮੁਤਾਬਕ ਗੁਰੂ ਅਮਰਦਾਸ ਜੀ ਨੇ ਇਸ ਬਾਉਲੀ ਤੱਕ ਪਹੁੰਚ ਕਰਨ ਲਈ ਚੌਰਾਸੀ ਪੌੜੀਆਂ ਬਣਵਾਈਆਂ ਅਤੇ ਨਾਲ ਹੀ ਇਹ ਵਾਕ ਵੀ ਕਰ ਦਿੱਤਾ ਕਿ ਜੇਕਰ ਇਸ ਬਾਉਲੀ 'ਤੇ ਕੋਈ ਸ਼ਰਧਾਵਾਨ (ਚਾਹੇ ਉਹ ਕਿਸੇ ਵੀ ਧਰਮ, ਵਰਣ, ਜਾਤ ਅਤੇ ਨਸਲ ਨਾਲ ਸੰਬੰਧਤ ਹੋਵੇ) ਪੂਰੀ ਸ਼ਰਧਾ-ਭਾਵਨਾ ਨਾਲ ਜਪੁਜੀ ਸਾਹਿਬ ਦਾ ਪਾਠ ਅਤੇ ਇਸ਼ਨਾਨ ਕਰੇਗਾ, ਉਹ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੰਵਾਰਨ ਵਿਚ ਸਫ਼ਲ ਹੋਵੇਗਾ। ਉਸ ਸਮੇਂ ਤੋਂ ਹੀ ਗੁਰੂ ਨਾਨਕ ਨਾਮ-ਲੇਵਾ ਸੰਗਤ ਇਸ ਬਾਉਲੀ ਵਿਚ ਪਾਠ ਅਤੇ ਇਸ਼ਨਾਨ ਕਰਕੇ ਆਤਮਿਕ ਆਨੰਦ ਪ੍ਰਾਪਤ ਕਰਦੀ ਆ ਰਹੀ ਹੈ।

# ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ

**ਜਸਵੰਤ ਸਿੰਘ ਜੋਗਾ**
ਫੋਨ-6239643306
(Punjab Mail USA)





ਅੱਜਕੱਲ੍ਹ ਦੀ ਦੁਨੀਆਂ ਮੋਬਾਇਲ ਦੀ ਦੁਨੀਆਂ ਹੈ। ਅੱਜ ਦਾ ਲਗਭਗ ਹਰੇਕ ਇਨਸਾਨ, ਬੱਚਾ, ਬਜ਼ੁਰਗ, ਨੌਜਵਾਨ ਇਸ ਨਾਲ ਸਿੱਧੇ ਢੰਗ ਨਾਲ ਜੁੜਿਆ ਹੋਇਆ ਹੈ। ਸੋਸ਼ਲ ਮੀਡੀਆ ਵਿਚ ਫੇਸਬੁੱਕ, ਯੂਟਿਊਬ, ਇੰਸਟਾਗਰਾਮ, ਵਟਸਐਪ, ਟਵਿੱਟਰ ਆਦਿ ਬਹੁਤ ਸਾਰੇ ਪਲੇਟਫਾਰਮ ਨੇ, ਜਿਨ੍ਹਾਂ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ।

ਉਪਰੋਕਤ ਸਾਰੇ ਪਲੇਟਫਾਰਮਾਂ ਦੀ ਵਰਤੋਂ ਧੜੱਲੇ ਨਾਲ ਕੀਤੀ ਜਾਂਦੀ ਹੈ। ਜੇ ਲੋਕ ਇਸ ਨਾਲ ਜੁੜੇ ਨੇ ਤਾਂ ਮੈਂ ਇਸ ਤੋਂ ਆਕੀ ਕਿਵੇਂ ਰਹਿ ਸਕਦਾ।

ਭਾਵੇਂ ਸੋਸ਼ਲ ਮੀਡੀਆ ਦੇ ਨੁਕਸਾਨ ਵੀ ਨੇ ਪਰ ਮੈਂ ਸਿਰਫ ਗੱਲ ਸਹੀ ਵਰਤੋਂ ਦੀ ਹੀ ਕਰਾਂਗਾ। ਅੱਜ ਦੀ ਪੱਤਰਕਾਰੀ ਪੰਜਾਹ ਤੋਂ ਸੱਠ ਪ੍ਰਤੀਸਤ ਇਨ੍ਹਾਂ ਸੋਸ਼ਲ ਮੀਡੀਆ ਤੋਂ ਚੱਲਦੀ ਹੈ। ਸੋਸ਼ਲ ਮੀਡੀਆ ਦੀ ਹਰ ਨਿੱਕੀ-ਮੋਟੀ ਗਤੀਵਿਧੀ ਪੱਤਰਕਾਰੀ ਦਾ ਸਫਾ ਬਣ ਜਾਂਦੀ ਹੈ। ਪਹਿਲਾਂ-ਪਹਿਲ ਜਦੋਂ ਇਹ ਚੀਜ਼ਾਂ ਜ਼ਿਆਦਾ ਵਰਤੋਂ ਵਿਚ ਨਹੀਂ ਸਨ, ਉਦੋਂ ਸਿਰਫ ਖਬਰਾਂ ਅਖਬਾਰਾਂ ਵਿਚ ਪੜ੍ਹੀਆਂ ਤੇ ਟੈਲੀਵਿਜ਼ਨਾਂ 'ਤੇ ਵੇਖੀਆਂ ਜਾਂਦੀਆਂ ਸਨ ਪਰ ਹੁਣ ਹਰ ਛਪਣ ਵਾਲੇ ਅਖਬਾਰ ਦਾ ਆਪਣਾ-ਆਪਣਾ ਸੋਸ਼ਲ ਮੀਡੀਆ 'ਤੇ ਖਾਤਾ ਹੈ, ਜੋ ਖਬਰਾਂ ਦਾ ਪ੍ਰਸਾਰਣ ਕਰਦਾ ਹੈ।

ਅਖਬਾਰਾਂ ਤੋਂ ਗੱਲ ਹਟ ਕੇ ਕਰੀਏ, ਤਾਂ ਸੋਸ਼ਲ ਮੀਡੀਆ 'ਤੇ ਹਜ਼ਾਰਾਂ ਦੀ ਤਦਾਦ ਵਿਚ ਖਬਰਾਂ ਵਾਲੇ ਚੈਨਲ ਹਨ, ਜੋ ਸੋਸ਼ਲ ਮੀਡੀਆ ਦੀ ਹਰ ਸੁਰਖੀ ਬਟੋਰਦੇ ਨੇ। ਇਸਦੀ ਇਹ ਤਬਕਾ ਕਿਵੇਂ ਵਰਤੋਂ ਕਰਦਾ, ਇਹ ਇਕ ਅਲੱਗ ਵਿਸਾ ਹੈ ਪਰ ਕਿਤੇ ਨਾ ਕਿਤੇ ਇਸ ਚੀਜ਼ ਸਾਡੀ ਕੁਝ ਬੇਰੁਜ਼ਗਾਰੀ ਨੂੰ ਰੁਜ਼ਗਾਰ ਦਿੱਤਾ ਹੈ।

ਇਹ ਉਹ ਪਲੇਟਫਾਰਮ ਹੈ, ਜੋ ਅੱਜ ਦੇ ਜ਼ਮਾਨੇ ਵਿਚ ਚੰਗੇ ਲਈ ਤੇ ਮਾੜੇ ਵਿਰੁੱਧ ਇੱਕ ਲਹਿਰ ਖੜ੍ਹੀ ਕਰਨ ਦੀ ਸਮਰੱਥਾ ਰੱਖਦਾ ਹੈ। ਸਭ ਤੋਂ ਵਧੀਆ ਗੱਲ ਇਹ ਹੈ ਕਿ ਇਸਦੀ ਵਰਤੋਂ ਨਾਲ ਹਰ ਤਬਕਾ ਆਪਣੀ-ਆਪਣੀ ਕਲਾ ਦਾ ਲੋਹਾ ਮਨਵਾ ਸਕਦਾ ਹੈ। ਬਹੁਤ ਸਾਰੇ ਨਾਮੀ ਕਲਾਕਾਰ ਅਜਿਹੇ ਨੇ, ਜਿਨ੍ਹਾਂ ਨੂੰ ਇੱਕ ਸਮੇਂ ਕੋਈ ਜਾਣਦਾ ਤੱਕ ਨਹੀਂ ਸੀ। ਸੋਸ਼ਲ ਮੀਡੀਆ ਨੇ ਦਿਨਾਂ 'ਚ ਹੀ ਸਟਾਰ ਬਣਾ ਦਿੱਤੇ। ਸਿਰਫ ਕਲਾ ਤੇ ਪੱਤਰਕਾਰੀ ਹੀ ਨਹੀਂ, ਅੱਜਕੱਲ੍ਹ ਹਰ ਬਿਜ਼ਨਸਮੈਨ, ਹਰ ਨਿੱਕੇ-ਮੋਟੇ ਕੰਮ ਵਾਲਾ ਬੰਦਾ ਆਪਣੀ ਮਸਹੂਰੀ ਕਰਨ ਲਈ ਵੀ ਸੋਸ਼ਲ ਮੀਡੀਆ ਦਾ ਸਹਾਰਾ ਤੱਕਦਾ ਹੈ।

ਮੈਂ ਇੱਕ ਕੰਪਨੀ 'ਚ ਕੰਮ ਕਰਦਾ, ਜਿੱਥੇ ਫੇਸਬੁੱਕ 'ਤੇ ਇੱਕ ਐਡ ਚਲਾਉਣ ਨਾਲ ਸਾਡੇ ਜਿਹੇ ਹਜ਼ਾਰਾਂ ਨੌਜਵਾਨਾਂ ਦਾ ਰੁਜ਼ਗਾਰ ਚੱਲ ਰਿਹਾ। ਜਿੱਥੇ ਇਹ ਰੁਜ਼ਗਾਰ ਦਾ ਸਾਧਨ ਹੈ, ਉੱਥੇ ਹੀ ਕਲਾ ਦਾ ਲੋਹਾ ਮਨਵਾਉਣ ਦਾ ਸੌਖਾ ਤੇ ਸਸਤਾ ਸਾਧਨ ਹੈ। ਹਰ ਬੰਦੇ ਨੂੰ ਚਾਹੀਦਾ ਕਿ ਇਸਦੀ ਉਸਾਰੂ ਵਰਤੋਂ ਕਰੇ। ਪਰ ਹਾਂ ਇੱਕ ਵਰਤਾਰੇ ਤੋਂ ਬਚਣ ਦੀ ਜ਼ਰੂਰ ਕੋਸ਼ਿਸ਼ ਕਰੋ ਕਿ ਚਾਹੇ ਸੋਸ਼ਲ ਮੀਡੀਆ ਲੁਟੇਰਿਆਂ ਦੇ ਹੱਥਾਂ ਵਿਚ ਵੀ ਕੰਮ ਕਰਦਾ ਪਰ ਉਹ ਤੁਹਾਡੀ ਮਿੰਟਾਂ ਵਿਚ ਇੱਜ਼ਤ-ਆਬਰੂ ਤਹਿਸ-ਨਹਿਸ ਕਰ ਸਕਦੇ ਨੇ। ਸੋਸ਼ਲ ਮੀਡੀਆ 'ਤੇ ਤੁਹਾਨੂੰ ਕਿਸੇ ਅਣਜਾਣ ਵਿਅਕਤੀ ਦਾ ਮੈਸਜ ਜਾਂ ਕਾਲ ਜਾਂ ਵੀਡੀਓ ਕਾਲ ਆਉਂਦੀ ਹੈ, ਤਾਂ ਪ੍ਰਾਪਤ ਨਾ ਕਰੋ। ਤੁਸੀ ਯਕੀਨ ਨਹੀਂ ਮੰਨੋਗੇ, ਤੁਹਾਡੀ ਇੱਕ ਮਿੰਟ ਦੀ ਅਣਗਹਿਲੀ ਲੈਣੇ ਦੇ ਦੇਣੇ ਕਰ ਸਕਦੀ ਹੈ।

ਸੋ ਸਾਨੂੰ ਇਸਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਜ਼ਿਆਦਾਤਰ ਪੱਤਰਕਾਰੀ ਦੀ ਰੋਜ਼ੀ-ਰੋਟੀ ਅੱਜ ਇਸ ਤੋਂ ਚੱਲ ਰਹੀ ਹੈ। ਉਸਨੂੰ ਚਾਹੀਦਾ ਹੈ ਕਿ ਸਹੀ ਨੂੰ ਸਹੀ ਤੇ ਗਲਤ ਨੂੰ ਗਲਤ ਦਾਗਣ ਵਿਚ ਗੁਰੇਜ ਨਾ ਕਰਨ। ਲੋਕਾਂ ਨੂੰ ਚਾਹੀਦਾ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਮੇਂ ਸਾਇਬਰ ਕਰਾਇਮ ਤੋਂ ਸੁਚੇਤ ਰਹਿਣ।

# ਜੇਕਰ ਤੁਸੀਂ ਚੀਨ ਤੋਂ ਅੱਗੇ ਹੋ, ਤਾਂ ਤੁਹਾਨੂੰ ਅੱਗੇ ਸੋਚਣਾ ਪਵੇਗਾ




ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)




ਸਟੇਟ ਆਫ ਵਰਲਡ ਪਾਪੂਲੇਸ਼ਨ ਰਿਪੋਰਟ 2023 ਦੇ ਅਨੁਸਾਰ, ਭਾਰਤ ਚੀਨ ਨੂੰ ਪਛਾੜ ਕੇ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਇਸ ਤੋਂ ਇਲਾਵਾ ਭਾਰਤ ਵਿਚ 25 ਸਾਲ ਤੋਂ ਘੱਟ ਉਮਰ ਦੀ ਆਬਾਦੀ ਦਾ ਲਗਭਗ 50% ਹੈ ਅਤੇ ਇਸ ਲਈ ਜਨਸੰਖਿਆ ਲਾਭਅੰਸ਼ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰਨ ਲਈ, ਨੌਜਵਾਨਾਂ ਲਈ ਸਿਹਤ, ਸਿੱਖਿਆ ਅਤੇ ਗੁਣਵੱਤਾ ਵਾਲੀਆਂ ਨੌਕਰੀਆਂ ਵਿਚ ਨਿਵੇਸ਼ ਕਰਨਾ ਲਾਜ਼ਮੀ ਹੈ। ਜਨਸੰਖਿਆ ਲਾਭਅੰਸ਼ ਆਰਥਿਕ ਵਿਕਾਸ ਨੂੰ ਦਰਸਾਉਂਦਾ ਹੈ। ਸੰਭਾਵੀ ਜੋ ਇੱਕ ਆਬਾਦੀ ਦੀ ਉਮਰ ਦੇ ਢਾਂਚੇ ਵਿਚ ਤਬਦੀਲੀਆਂ ਦੇ ਨਤੀਜੇ ਵਜੋਂ ਹੋ ਸਕਦੀ ਹੈ, ਮੁੱਖ ਤੌਰ 'ਤੇ ਜਦੋਂ ਕੰਮ ਕਰਨ ਦੀ ਉਮਰ ਦੀ ਆਬਾਦੀ (15 ਤੋਂ 64) ਦਾ ਹਿੱਸਾ ਆਬਾਦੀ ਦੇ ਗੈਰ-ਕਾਰਜ-ਉਮਰ ਹਿੱਸੇ ਨਾਲੋਂ ਵੱਡਾ ਹੁੰਦਾ ਹੈ।

ਤੁਹਾਨੂੰ ਦੱਸ ਦੇਈਏ ਕਿ ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਮੁਤਾਬਕ 19 ਅਪ੍ਰੈਲ ਨੂੰ 142.86 ਕਰੋੜ ਦੀ ਆਬਾਦੀ ਵਾਲਾ ਭਾਰਤ ਹੁਣ ਚੀਨ ਨੂੰ ਪਿੱਛੇ ਛੱਡ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਚੀਨ ਹੁਣ 142.57 ਕਰੋੜ ਦੀ ਆਬਾਦੀ ਨਾਲ ਦੂਜੇ ਨੰਬਰ 'ਤੇ ਹੈ। ਭਾਰਤ ਦੀ ਆਬਾਦੀ ਚੀਨ ਨਾਲੋਂ ਵੱਧ ਹੋਣ ਦੀ ਚਰਚਾ ਹੈ, ਉਸੇ ਦਿਨ ਤੋਂ ਅਸੀਂ ਵਧ ਰਹੇ ਹਾਂ। ਇਹ ਸੋਚ ਕੇ ਅਸੀਂ ਚੀਨ ਨੂੰ ਆਬਾਦੀ ਦੇ ਆਧਾਰ 'ਤੇ ਮਾਤ ਦੇਵਾਂਗੇ। ਪਰ ਆਬਾਦੀ ਹੀ ਸਭ ਕੁਝ ਨਹੀਂ ਹੈ। ਹੈੱਡਕਾਉਂਟ ਅਤੇ ਗੁਣਵੱਤਾ ਦੀ ਆਬਾਦੀ ਵਿਚ ਅੰਤਰ ਹੈ। ਭਾਰਤ ਹੋਵੇ ਜਾਂ ਚੀਨ, ਦੋਵਾਂ ਦੀ ਯਾਤਰਾ ਲਗਭਗ ਨਾਲੋਂ-ਨਾਲ ਸ਼ੁਰੂ ਹੋਈ। ਭਾਰਤ ਨੂੰ 15 ਅਗਸਤ 1947 ਨੂੰ ਅਤੇ ਚੀਨ ਨੂੰ 1 ਅਕਤੂਬਰ 1949 ਨੂੰ ਆਜ਼ਾਦੀ ਮਿਲੀ। ਉਸ ਸਮੇਂ ਭਾਰਤ ਕਈ ਤਰੀਕਿਆਂ ਨਾਲ ਚੀਨ ਨਾਲੋਂ ਬਿਹਤਰ ਸੀ। ਇੱਥੇ ਅੰਗਰੇਜ਼ਾਂ ਨੇ ਪੂਰੇ ਦੇਸ਼ ਨੂੰ ਇੱਕ ਤਰ੍ਹਾਂ ਨਾਲ ਰੇਲਵੇ ਲਾਈਨ ਨਾਲ ਜੋੜ ਦਿੱਤਾ ਸੀ।

ਵਿੱਦਿਆ ਦੇ ਕਈ ਮਸ਼ਹੂਰ ਕੇਂਦਰ ਵੀ ਬਣ ਚੁੱਕੇ ਸਨ। ਜਦਕਿ ਚੀਨ ਵਿਚ ਅਜਿਹਾ ਕੋਈ ਠੋਸ ਕੰਮ ਨਹੀਂ ਕੀਤਾ ਗਿਆ। ਪਰ ਚੀਨ ਨੇ ਆਜ਼ਾਦੀ ਤੋਂ ਬਾਅਦ ਜੋ ਸਭ ਤੋਂ ਵਧੀਆ ਕੰਮ ਕੀਤਾ, ਉਹ ਸਮਾਜਿਕ ਵਿਕਾਸ ਸੀ। ਉਨ੍ਹਾਂ ਸਿੱਖਿਆ ਅਤੇ ਸਿਹਤ 'ਤੇ ਜ਼ੋਰ ਦਿੱਤਾ। 'ਸਭ ਨੂੰ ਸਿੱਖਿਆ ਅਤੇ ਸਭ ਲਈ ਸਿਹਤ' ਦਾ ਪੱਕਾ ਪ੍ਰਬੰਧ ਕੀਤਾ। ਸਿਰਫ਼ ਨਾਮ ਦਾ ਹੀ ਨਹੀਂ, ਸਗੋਂ ਗੁਣਵੱਤਾ ਦਾ, ਉਹ ਵੀ ਮੁਫਤ। ਉੱਥੇ ਜ਼ਮੀਨੀ ਸੁਧਾਰ ਆਜ਼ਾਦੀ ਤੋਂ ਬਾਅਦ ਹੀ ਹੋਇਆ। ਸਮਾਜਿਕ ਸੁਰੱਖਿਆ, ਸਿੱਖਿਆ ਅਤੇ ਸਿਹਤ ਦੇ ਪ੍ਰੋਗਰਾਮਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ ਗਿਆ। ਸਾਰਿਆਂ ਨੂੰ ਨੌਕਰੀ ਦੀ ਗਾਰੰਟੀ ਦਿੱਤੀ ਗਈ ਸੀ। ਕਈ ਦਹਾਕਿਆਂ ਬਾਅਦ ਉੱਥੇ ਉਦਯੋਗਿਕ ਵਿਕਾਸ ਸ਼ੁਰੂ ਹੋਇਆ। ਭਾਰਤ ਵਿਚ ਆਜ਼ਾਦੀ ਤੋਂ ਬਾਅਦ ਇਨ੍ਹਾਂ ਸਾਰੀਆਂ ਗੱਲਾਂ ਦੀ ਚਰਚਾ ਸਿਰਫ਼ ਮੂੰਹ-ਜ਼ਬਾਨੀ ਹੀ ਹੁੰਦੀ ਸੀ। ਕੁਝ ਰਾਜਾਂ ਵਿਚ ਇਸ ਦਿਸ਼ਾ ਵਿਚ ਕੰਮ ਵੀ ਕੀਤਾ ਗਿਆ ਸੀ, ਪਰ ਕਾਗਜ਼ਾਂ 'ਤੇ ਜ਼ਿਆਦਾ, ਜ਼ਮੀਨ 'ਤੇ ਘੱਟ।

ਭਾਰਤ ਵਿਚ ਉਦਯੋਗਿਕ ਵਿਕਾਸ ਦਾ ਖਾਕਾ ਆਜ਼ਾਦੀ ਤੋਂ ਬਾਅਦ ਹੀ ਉਲੀਕਿਆ ਗਿਆ ਸੀ, ਜੋ ਅੱਜ ਤੱਕ ਚੱਲ ਰਿਹਾ ਹੈ। ਪਰ ਅਸੀਂ ਚੀਨ ਦੇ ਮੁਕਾਬਲੇ ਕਿਸੇ ਵੀ ਖੇਤਰ ਵਿਚ ਨਹੀਂ ਰੁਕ ਰਹੇ। ਰੁਜ਼ਗਾਰ ਪੈਦਾ ਕਰਨਾ ਦੇਸ਼ ਦੇ ਸਾਹਮਣੇ ਸਭ ਤੋਂ ਵੱਡੀ ਵਿਕਾਸ ਚੁਣੌਤੀ ਹੈ, ਜਿਵੇਂ ਕਿ ਆਰਥਿਕ ਮੌਕੇ ਪੈਦਾ ਕਰਨ ਅਤੇ ਜਨਸੰਖਿਆ ਲਾਭਅੰਸ਼ ਦੀ ਸੰਭਾਵਨਾ ਨੂੰ ਮਹਿਸੂਸ ਕਰਨ ਲਈ ਕੀਤੇ ਜਾਣ ਵਾਲੇ ਉਪਾਅ। ਭਾਰਤ ਨੂੰ 2030 ਤੱਕ 10 ਕਰੋੜ ਹੋਰ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ। ਰਸਮੀ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣੇ ਚਾਹੀਦੇ ਹਨ, ਖਾਸ ਤੌਰ 'ਤੇ ਕਿਰਤ-ਸੰਬੰਧੀ ਖੇਤਰਾਂ ਅਤੇ ਨਿਰਯਾਤ-ਮੁਖੀ ਉਦਯੋਗਾਂ ਜਿਵੇਂ ਕਿ ਟੈਕਸਟਾਈਲ, ਚਮੜਾ, ਜੁੱਤੀਆਂ, ਰਤਨ, ਗਹਿਣੇ ਆਦਿ ਵਿਚ।

ਸਿੱਖਿਆ ਲਿੰਗਕ ਪਾੜੇ ਨੂੰ ਪੂਰਾ ਕਰਨ ਵਿਚ ਮਦਦਗਾਰ ਹੈ। ਭਾਰਤ ਵਿਚ ਲੜਕੀਆਂ ਦੇ ਮੁਕਾਬਲੇ ਲੜਕਿਆਂ ਦੇ ਸੈਕੰਡਰੀ ਅਤੇ ਤੀਜੇ ਦਰਜੇ ਦੇ ਸਕੂਲਾਂ ਵਿਚ ਦਾਖਲ ਹੋਣ ਦੀ ਸੰਭਾਵਨਾ ਵੱਧ ਹੈ। ਫਿਲੀਪੀਨਜ਼, ਚੀਨ ਅਤੇ ਥਾਈਲੈਂਡ ਵਿਚ ਉਲਟਾ ਸੱਚ ਹੈ। ਭਾਰਤ ਵਿਚ ਇਸ ਰੁਝਾਨ ਨੂੰ ਉਲਟਾਉਣ ਦੀ ਲੋੜ ਹੈ। ਇਹ ਦੇਖਦੇ ਹੋਏ ਕਿ ਭਾਰਤ ਦੇ ਕਰਮਚਾਰੀਆਂ ਵਿਚ ਹੁਨਰ ਵਿਕਾਸ ਇੱਕ ਛੋਟੀ ਉਮਰ ਵਿਚ ਸ਼ੁਰੂ ਹੁੰਦਾ ਹੈ, ਸੈਕੰਡਰੀ ਸਿੱਖਿਆ ਤੋਂ ਸਰਵਵਿਆਪਕ ਹੁਨਰ ਅਤੇ ਉੱਦਮਤਾ ਵਿਚ ਤਬਦੀਲੀ ਨੂੰ ਵਧੇਰੇ ਧਿਆਨ ਦੇਣ ਦੀ ਲੋੜ ਹੈ। ਸਰਕਾਰ ਨੇ ਸਕਿੱਲ ਇੰਡੀਆ ਪੋਰਟਲ ਬਣਾਇਆ ਹੈ ਅਤੇ ਹੁਨਰ ਵਿਕਾਸ ਲਈ ਸੰਕਲਪ ਅਤੇ ਕੋਸ਼ਿਸ਼ ਸਕੀਮਾਂ ਸ਼ੁਰੂ ਕੀਤੀਆਂ ਹਨ। ਖੇਤੀ ਖੇਤਰ ਤੋਂ ਤਬਦੀਲੀ ਨੂੰ ਦੂਰ ਕਰਨ ਲਈ ਭਾਰਤ ਨੂੰ ਖੇਤੀ 'ਤੇ ਨਿਰਭਰ ਆਪਣੀ ਆਬਾਦੀ ਦਾ ਹਿੱਸਾ ਵੀ ਘਟਾਉਣ ਦੀ ਲੋੜ ਹੈ।

ਘੱਟ ਕਮਾਈ ਕਰਨ ਵਾਲੀ ਖੇਤੀ ਕਿਰਤ ਦੇ ਹਿੱਸੇ ਨੂੰ ਬਾਹਰ ਕੱਢਣ ਅਤੇ ਇਸ ਨੂੰ ਬਿਹਤਰ ਹੁਨਰਮੰਦ ਵੱਧ ਕਮਾਈ ਕਰਨ ਵਾਲੀ ਕਿਰਤ ਵਿਚ ਬਦਲਣ ਦੀ ਲੋੜ ਹੈ। ਆਰਥਿਕਤਾ ਵਿਚ ਔਰਤਾਂ ਦੀ ਕਾਰਜਬਲ ਦੀ ਭਾਗੀਦਾਰੀ 2019 ਤੱਕ, 20.3% ਔਰਤਾਂ ਕੰਮ ਕਰ ਰਹੀਆਂ ਸਨ ਜਾਂ ਕੰਮ ਦੀ ਤਲਾਸ਼ ਕਰ ਰਹੀਆਂ ਸਨ, ਜੋ ਕਿ 2003-04 ਵਿਚ 34.1% ਸੀ। ਦੱਖਣੀ ਕੋਰੀਆ ਤੋਂ ਸਬਕ ਲਏ ਜਾ ਸਕਦੇ ਹਨ, ਜਿੱਥੇ ਕਾਨੂੰਨੀ ਤੌਰ 'ਤੇ ਲਾਜ਼ਮੀ ਲਿੰਗ ਬਜਟ ਬਣਾਉਣ ਅਤੇ ਪਾਰਟ-ਟਾਈਮ ਕੰਮ ਲਈ ਟੈਕਸ ਪ੍ਰੋਤਸਾਹਨ ਨੂੰ ਵਧਾਉਣ ਵਰਗੇ ਉਪਾਵਾਂ ਦੁਆਰਾ 50% ਦੀ ਮਹਿਲਾ ਕਾਰਜਬਲ ਦੀ ਭਾਗੀਦਾਰੀ ਦਰ ਬਣਾਈ ਗਈ ਹੈ। ਜਦੋਂਕਿ ਭਾਰਤ ਇੱਕ ਨੌਜਵਾਨ ਦੇਸ਼ ਹੈ, ਰਾਜਾਂ ਵਿਚਕਾਰ ਉਮਰ ਵਧਣ ਦੀ ਸਥਿਤੀ ਅਤੇ ਗਤੀ ਵੱਖ-ਵੱਖ ਹੁੰਦੀ ਹੈ। ਦੱਖਣੀ ਰਾਜ, ਜੋ ਜਨਸੰਖਿਆ ਤਬਦੀਲੀ ਵਿਚ ਉੱਨਤ ਹਨ, ਵਿਚ ਪਹਿਲਾਂ ਹੀ ਬਜ਼ੁਰਗ ਲੋਕਾਂ ਦੀ ਵੱਧ ਪ੍ਰਤੀਸ਼ਤਤਾ ਹੈ।

ਹਾਲਾਂਕਿ, ਇਹ ਰਾਜਾਂ ਨੂੰ ਮਿਲ ਕੇ ਕੰਮ ਕਰਨ ਦੇ ਅਥਾਹ ਮੌਕੇ ਵੀ ਪ੍ਰਦਾਨ ਕਰਦਾ ਹੈ, ਖਾਸ ਤੌਰ 'ਤੇ ਜਨਸੰਖਿਆ ਦੇ ਪਰਿਵਰਤਨ 'ਤੇ, ਉੱਤਰ-ਮੱਧ ਖੇਤਰ ਦੇ ਨਾਲ ਭਾਰਤ ਦੇ ਕਰਮਚਾਰੀਆਂ ਦੇ ਭੰਡਾਰ ਵਜੋਂ। ਭਾਰਤ ਵਿਚ ਸੇਵਾ ਖੇਤਰ ਦਾ ਸਾਪੇਖਿਕ ਆਕਾਰ ਵੱਡਾ ਹੈ ਅਤੇ ਰੁਜ਼ਗਾਰ ਸਿਰਜਣ ਦੀ ਬਹੁਤ ਸੰਭਾਵਨਾ ਹੈ। ਉਦਾਹਰਨ ਲਈ: ਭਾਰਤ ਇਸਦੀ ਲਾਗਤ ਲਾਭ ਦੇ ਕਾਰਨ ਸਿਹਤ ਸੇਵਾਵਾਂ ਨੂੰ ਨਿਰਯਾਤ ਕਰ ਸਕਦਾ ਹੈ। ਇਸ ਤੋਂ ਇਲਾਵਾ, ਜਿਵੇਂ ਕਿ ਆਮਦਨ ਵਧਦੀ ਹੈ, ਮਨੋਰੰਜਨ, ਕਲਾ/ਮਨੋਰੰਜਨ ਅਤੇ ਰਿਹਾਇਸ਼ ਵਰਗੇ ਖੇਤਰਾਂ ਵਿਚ ਨੌਕਰੀਆਂ ਤੇਜ਼ੀ ਨਾਲ ਵਧਣਗੀਆਂ। ਸ਼ਾਸਨ ਵਿਚ ਸੁਧਾਰ ਕਰਕੇ ਰਾਜਾਂ ਵਿਚ ਨੀਤੀਗਤ ਤਾਲਮੇਲ ਲਈ ਜਨਸੰਖਿਆ ਲਾਭਅੰਸ਼ ਲਈ ਸ਼ਾਸਨ ਸੁਧਾਰਾਂ ਲਈ ਇੱਕ ਨਵੀਂ ਸੰਘੀ ਪਹੁੰਚ ਨੂੰ ਲਾਗੂ ਕਰਨ ਦੀ ਲੋੜ ਹੋਵੇਗੀ।

ਨੀਤੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਨੌਕਰਸ਼ਾਹੀ ਦੇ ਲਾਲ ਫੀਤਾਸ਼ਾਹੀ ਨੂੰ ਹਟਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਇੱਕ ਜਨਸੰਖਿਆ ਲਾਭਅੰਸ਼ ਪ੍ਰਾਪਤ ਕਰਨ ਦਾ ਮੌਕਾ ਇੱਕ ਸੀਮਤ ਵਿੰਡੋ ਦੇ ਦੌਰਾਨ ਹੁੰਦਾ ਹੈ, ਜੋ ਕੰਮ ਕਰਨ ਵਾਲੀ ਪੀੜ੍ਹੀ ਦੀ ਉਮਰ ਦੇ ਨਾਲ ਹੌਲੀ-ਹੌਲੀ ਬੰਦ ਹੋ ਜਾਂਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਉਭਰਦੇ ਆਬਾਦੀ ਦੇ ਮੁੱਦਿਆਂ ਜਿਵੇਂ ਕਿ ਮਾਈਗ੍ਰੇਸ਼ਨ, ਬੁਢਾਪਾ, ਹੁਨਰ ਵਿਕਾਸ, ਮਹਿਲਾ ਕਰਮਚਾਰੀਆਂ ਦੀ ਭਾਗੀਦਾਰੀ ਅਤੇ ਸ਼ਹਿਰੀਕਰਨ ਨਾਲ ਨਜਿੱਠਣ ਲਈ ਇਕੱਠੇ ਹੋਣਾ ਚਾਹੀਦਾ ਹੈ। ਜਨਸੰਖਿਆ ਲਾਭਅੰਸ਼ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਨ ਲਈ ਬੱਚਿਆਂ, ਨੌਜਵਾਨਾਂ ਅਤੇ ਔਰਤਾਂ 'ਤੇ ਜ਼ਿਆਦਾ ਧਿਆਨ ਦੇਣਾ ਸਮੇਂ ਦੀ ਲੋੜ ਹੈ।

# ਡਾ ਹਰਚੰਦ ਸਿੰਘ ਬੇਦੀ ਨੂੰ ਯਾਦ ਕਰਦਿਆਂ

## 5 ਜੂਨ ਬਰਸੀ 'ਤੇ ਵਿਸ਼ੇਸ਼


-ਡਾ. ਗੁਰਬੀਰ ਸਿੰਘ ਬਰਾੜ
ਸਹਾਇਕ ਪ੍ਰੋ. ਗੁਰੂ ਨਾਨਕ ਕਾਲਜ ਬਟਾਲਾ।
(Punjab Mail USA)




ਮੇਰੇ ਅਧਿਆਪਕ ਡਾਕਟਰ ਹਰਚੰਦ ਸਿੰਘ ਬੇਦੀ, ਪਰਵਾਸੀ ਪੰਜਾਬੀ ਸਾਹਿਤ ਆਲੋਚਨਾ ਦੀ ਇਕ ਬੁਲੰਦ ਪ੍ਰਤਿਭਾ ਸਨ। ਪ੍ਰਤਿਭਾ ਤੋਂ ਮੁਰਾਦ ਕਿਸੇ ਵਿਅਕਤੀ ਦੀ ਉੱਚੀ ਬੌਧਿਕ-ਸਿਰਜਨਾਤਮਕ ਸਮਰੱਥਾ ਤੋਂ ਹੈ। ਰੋਮਨ ਸਮਾਜ ਵਿਚ ਪ੍ਰਤਿਭਾ ਸਬੰਧੀ ਮਾਨਤਾ ਸੀ ਕਿ ਇਹ ਕੁਦਰਤ ਵੱਲੋਂ ਬਖਸ਼ਿਆ ਗਿਆ ਨਿੱਜੀ ਗੁਣ ਹੈ, ਜੋ ਹਰੇਕ ਮਨੁੱਖ ਨੂੰ ਜਨਮ ਸਮੇਂ ਪ੍ਰਾਪਤ ਹੁੰਦਾ ਹੈ ਅਤੇ ਮਰਨ ਤੱਕ ਉਸਦੇ ਕੋਲ ਰਹਿੰਦਾ ਹੈ। ਰੋਮਨ ਮਿੱਥ ਵਿਚ ਇਹ ਇਕ ਕਿਸਮ ਦਾ ਦੇਵਤਾ ਸੀ, ਇਸ ਦਾ ਮਹੱਤਵਪੂਰਨ ਕੰਮ ਹੁੰਦਾ ਸੀ ਵਿਅਕਤੀਗਤ ਅਤੇ ਸਮੂਹਿਕ (ਕੌਮੀ) ਜੀਵਨ ਦੀ ਨਿਰੰਤਰਤਾ ਲਈ ਬਚਾਓ ਵਿਧੀਆਂ ਦਰਸਾਉਣਾ ਅਤੇ ਅਗਵਾਈ ਕਰਨਾ। ਫ਼ਲਸਫ਼ੇ ਦੀ ਭਾਸ਼ਾ ਵਿਚ ਮੌਲਿਕ ਸ਼ਖ਼ਸੀਅਤ ਦੇ ਇੱਕ ਗੁਣ ਵਜੋਂ ਪ੍ਰਤਿਭਾ ਅੰਤਰ-ਦ੍ਰਿਸ਼ਟੀ ਵਜੋਂ ਵਿਚਰਦੀ ਹੈ, ਜੋ ਉਸ ਦੇ ਕਲਾਤਮਕ ਅਤੇ ਸਿਰਜਣਾਤਮਕ ਪ੍ਰਗਟਾਵੇ ਨੂੰ ਇਕ ਬੁਲੰਦੀ 'ਤੇ ਲੈ ਜਾਂਦੀ ਹੈ। ਇਹ ਬੁਲੰਦੀ ਹੀ ਕਈ ਵਾਰ ਮਾਪਦੰਡ ਬਣ ਜਾਂਦੀ ਹੈ। ਇਸ ਤਰ੍ਹਾਂ ਪ੍ਰਤਿਭਾ ਦੇ ਜ਼ਿੰਮੇ ਅਗਵਾਈ, ਅਧਿਆਪਨ, ਸਿਰਜਣਾ, ਪ੍ਰਗਟਾਵਾ ਆਦਿ ਕਰਤਾਰੀ ਅਤੇ ਬੌਧਿਕ ਲੱਛਣਾਂ ਦਾ ਸੰਯੋਜਨ ਕਰਨਾ ਹੁੰਦਾ ਹੈ।

ਡਾਕਟਰ ਹਰਚੰਦ ਸਿੰਘ ਬੇਦੀ ਦੀਆਂ ਹੋਰ ਸੈਂਕੜੇ ਖ਼ੂਬੀਆਂ ਵਿਚ ਜਿਹੜੀ ਗੱਲ ਮੇਰੇ ਦਿਲ ਦੇ ਸਭ ਤੋਂ ਨੇੜੇ ਹੈ, ਉਹ ਹੈ ਕੀ ਉਨ੍ਹਾਂ ਨੇ ਰਿਸ਼ਤਿਆਂ ਦੀ ਇਕ ਨਵੀਂ ਇਬਾਰਤ ਲਿਖੀ। ਆਪਣੇ ਵਿਦਿਆਰਥੀਆਂ ਨਾਲ ਉਨ੍ਹਾਂ ਦਾ ਰਿਸ਼ਤਾ ਕੇਵਲ ਅਕਾਦਮਿਕ ਅਗਵਾਈ ਦੇਣ ਵਾਲਾ ਨਹੀਂ ਸੀ, ਬਲਕਿ ਉਨ੍ਹਾਂ ਇਸ ਰਿਸ਼ਤੇ ਨੂੰ ਉੱਚੀ ਨੈਤਿਕਤਾ, ਮੁਹੱਬਤ ਅਤੇ ਖ਼ਲੂਸ ਨਾਲ ਭਰਪੂਰ ਕਰ ਦਿੱਤਾ ਸੀ। ਇਹ ਨਹੀਂ ਕਿ ਉਹ ਉਮਰ ਵਿਚ ਵੱਡੇ ਸਨ ਅਤੇ ਉਨ੍ਹਾਂ ਨੂੰ ਜ਼ਿੰਦਗੀ ਦਾ ਵਧੇਰੇ ਗਿਆਨ ਸੀ, ਇਸ ਲਈ ਉਹ ਚੰਗੀ ਸਲਾਹ ਕਰਦੇ ਸਨ ਪਰ ਅਸਲ ਸੱਚ ਇਹ ਹੈ ਕਿ ਉਹ ਇਕ ਬਜ਼ੁਰਗ ਵਾਂਗ ਦਿਲ ਰੱਖਦੇ ਸਨ, ਜੋ ਹਮੇਸ਼ਾ ਆਪਣੇ ਬੱਚਿਆਂ ਨੂੰ ਨੇਕ ਸਲਾਹ ਦੇਣ ਲਈ ਤਤਪਰ ਰਹਿੰਦਾ ਹੈ।

ਸਾਹਿਤਕਾਰ ਲਾਲ ਸਿੰਘ ਬੇਦੀ ਦੇ ਘਰ 25-12-1951 ਨੂੰ ਜਨਮੇ ਸ. ਹਰਚੰਦ ਸਿੰਘ ਬੇਦੀ ਨੇ ਬਹੁਤ ਸੰਘਰਸ਼ਸ਼ੀਲ ਜੀਵਨ ਜੀਵਿਆ, ਜੋ ਕਿ ਉਨ੍ਹਾਂ ਦੇ ਵਿਦਿਆਰਥੀਆਂ, ਦੋਸਤਾਂ ਅਤੇ ਜਾਣਕਾਰਾਂ ਵਾਸਤੇ ਬੇਹੱਦ ਪ੍ਰੇਰਨਾਦਾਇਕ ਹੈ। ਡਾ. ਬੇਦੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਏ. ਆਨਰਜ਼ ਪਹਿਲੇ ਦਰਜੇ ਵਿਚ ਪਾਸ ਕੀਤੀ, ਐੱਮ.ਏ. ਪੰਜਾਬੀ, ਪਟਿਆਲਾ ਯੂਨੀਵਰਸਿਟੀ ਤੋਂ ਗੋਲਡ ਮੈਡਲ ਨਾਲ ਪਾਸ ਕੀਤੀ, ਐੱਮ.ਫਿਲ. ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਫਸਟ ਕਲਾਸ ਫਸਟ ਰਹਿ ਕੇ ਪਾਸ ਕੀਤੀ। 1991 ਵਿਚ ਪੀ.ਐੱਚ.ਡੀ. ਅਤੇ ਫਿਰ ਉਰਦੂ ਅਤੇ ਫਾਰਸੀ ਭਾਸ਼ਾਵਾਂ ਵਿਚ ਡਿਪਲੋਮੇ ਕੀਤੇ। ਡਾ. ਬੇਦੀ ਨੇ ਆਪਣੀ ਮਿਹਨਤ ਲਗਨ ਅਤੇ ਵਿਦਵਤਾ ਦੇ ਬਲਬੂਤੇ ਪਰਵਾਸੀ ਪੰਜਾਬੀ ਸਾਹਿਤ ਨੂੰ ਇੱਕ ਆਜ਼ਾਦ ਅਨੁਸ਼ਾਸਨ ਬਣਾ ਦਿੱਤਾ। ਇਸ ਖੇਤਰ ਵਿਚ ਲਗਭਗ ਤੀਹ ਸਾਲ ਉਨ੍ਹਾਂ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ। ਆਪਣੀ ਹਯਾਤੀ ਵਿਚ ਉਨ੍ਹਾਂ 67 ਮੌਲਿਕ ਕਿਤਾਬਾਂ ਲਿਖੀਆਂ। 72 ਖੋਜ ਪੱਤਰ, 52 ਲੇਖ, 59 ਸੈਮੀਨਾਰ ਅਤੇ ਕਾਨਫ਼ਰੰਸਾਂ ਵਿਚ ਪੱਤਰ ਪੇਸ਼ ਕੀਤੇ। ਇਸ ਤੋਂ ਇਲਾਵਾ 110 ਕਿਤਾਬਾਂ ਦੇ ਰੀਵਿਊ ਕੀਤੇ ਅਤੇ 42 ਕਿਤਾਬਾਂ ਦੀਆਂ ਭੂਮਿਕਾਵਾਂ ਲਿਖੀਆਂ ਅਤੇ 30 ਲੇਖਕਾਂ ਦੀ ਇੰਟਰਵਿਊ ਲੈ ਕੇ ਪ੍ਰਕਾਸ਼ਤ ਕੀਤੀ। ਉਨ੍ਹਾਂ ਵੱਲੋਂ ਪਰਵਾਸੀ ਪੰਜਾਬੀ ਸਾਹਿਤ ਅਤੇ ਵੱਖ-ਵੱਖ ਅਦਬੀ ਸ਼ਖਸੀਅਤਾਂ ਬਾਰੇ ਕਈ-ਕਈ ਭਾਗਾਂ ਵਾਲੇ ਤੇਰਾਂ ਹਵਾਲਾ ਗ੍ਰੰਥ ਤਿਆਰ ਕੀਤੇ ਗਏ। ਭਾਈ ਵੀਰ ਸਿੰਘ ਖੋਜ ਕੇਂਦਰ, ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਨਿਰਦੇਸ਼ਕ ਵਜੋਂ ਉਨ੍ਹਾਂ ਭਾਈ ਵੀਰ ਸਿੰਘ ਜੀ ਬਾਰੇ ਵੀ ਉਸੇ ਸ਼ਿੱਦਤ ਨਾਲ ਖੋਜ ਕਾਰਜ ਆਰੰਭ ਕੀਤਾ ਅਤੇ ਆਖਰੀ ਹਵਾਲਾ ਗ੍ਰੰਥ ਭਾਈ ਵੀਰ ਸਿੰਘ ਜੀ ਬਾਰੇ ਤਿਆਰ ਕੀਤਾ, ਜੋ ਪ੍ਰੈੱਸ ਵਿਚ ਛਪਾਈ ਅਧੀਨ ਸੀ, ਜਦੋਂ ਬੁਲਾਵਾ ਆ ਗਿਆ।

ਸਾਰਾ ਜੀਵਨ ਭਰਪੂਰ ਊਰਜਾ ਨਾਲ ਉਨ੍ਹਾਂ ਪਰਵਾਸੀ ਪੰਜਾਬੀ ਸਾਹਿਤ ਲਈ ਨਿੱਗਰ ਜ਼ਮੀਨ ਤਿਆਰ ਕੀਤੀ। ਉਨ੍ਹਾਂ ਦੀ ਘਾਲਣਾ ਨੂੰ ਮਾਨਤਾ ਦਿੰਦਿਆਂ ਯੂ.ਜੀ.ਸੀ. ਵੱਲੋਂ ਉਨ੍ਹਾਂ ਨੂੰ ਪਰਵਾਸੀ ਪੰਜਾਬੀ ਸਾਹਿਤ ਦੇ ਪ੍ਰੋਫੈਸਰ ਅਮੈਰਿਟਸ ਦੇ ਸਨਮਾਨਤ ਖਿਤਾਬ ਨਾਲ ਨਿਵਾਜਿਆ ਗਿਆ।

ਭਾਵੇਂ ਡਾ. ਹਰਚੰਦ ਸਿੰਘ ਬੇਦੀ ਮਾਰਕਸਵਾਦੀ ਅਧਿਐਨ ਵਿਧੀ ਦੇ ਬਹੁਤ ਚੰਗੇ ਜਾਣੂ ਸਨ ਪਰ ਉਨ੍ਹਾਂ ਨੇ ਆਪਣੀ ਨਿੱਜੀ ਸ਼ੈਲੀ ਵਿਕਸਤ ਕੀਤੀ, ਜਿਸ ਉਪਰ ਝਾਤੀ ਮਾਰਦਿਆਂ ਅਸੀਂ ਉਨ੍ਹਾਂ ਦੀ ਅਧਿਐਨ ਵਿਧੀ ਵਿਚ ਮਾਰਕਸਵਾਦੀ ਅਧਿਐਨ ਵਿਧੀ ਦੇ ਨਾਲ-ਨਾਲ ਲੇਖਕ ਅਤੇ ਰਚਨਾ ਨੂੰ ਤੋੜ ਕੇ ਵੇਖਣ ਵਾਲੀਆਂ ਵਿਧੀਆਂ ਜਿਵੇਂ ਦੈਰਿਦਾ ਦੀ ਵਿਖੰਡਨ ਵਾਦੀ ਵਿਧੀ ਅਤੇ ਪਾਠਾਤਮਕ ਅਧਿਐਨ ਵਿਧੀ ਜਿਸ ਵਿਚ ਅੰਤਰ ਪਾਠ ਪੱਧਰ ਤੇ ਰਚਨਾ ਨੂੰ ਪਰਖਣ ਤੇ ਪੜਚੋਲਣ ਦੀਆਂ ਜੁਗਤਾਂ ਸ਼ਾਮਲ ਹੋਈਆਂ ਵੇਖਦੇ ਹਾਂ। ਇਸ ਤੋਂ ਇਲਾਵਾ ਉਨ੍ਹਾਂ ਨੇ ਅੰਤਰਰਾਸ਼ਟਰੀ ਸਾਹਿਤ ਚਰਚਾ 'ਚ ਪ੍ਰਚੱਲਤ ਸਾਹਿਤਕ ਤੇ ਦਾਰਸ਼ਨਿਕ ਬਹਿਸ ਨੂੰ ਵੀ ਸ਼ਾਮਲ ਰੱਖਿਆ ਹੈ।

ਅਧਿਐਨ ਵਿਧੀ ਵਜੋਂ ਡਾ. ਹਰਚੰਦ ਸਿੰਘ ਬੇਦੀ ਬਹੁਤ ਸਪੱਸ਼ਟ ਸਨ, ਉਹ ਕਿਸੇ ਵੀ ਵਿਧੀ ਨੂੰ ਲਕੀਰ ਦੇ ਫ਼ਕੀਰ ਵਾਂਗ ਲਾਗੂ ਕਰਨ ਦੇ ਕਦੇ ਵੀ ਹਾਮੀ ਨਹੀਂ ਹੋਏ, ਬਲਕਿ ਉਹ ਅੰਤਰ ਪਾਠ ਅਧਿਐਨ ਵਿਧੀ ਰਾਹੀਂ ਹਰੇਕ ਰਚਨਾ ਦੀ ਵਿਲੱਖਣ ਆਲੋਚਨਾ ਕਰਨ ਸੰਬੰਧੀ ਮੁਤਮਈਨ ਸਨ। ਉਹ ਆਪਣੇ ਵਿਦਿਆਰਥੀਆਂ ਨੂੰ ਵੀ ਇਹੀ ਸਿਖਾਉਂਦੇ ਸਨ। ਕਿਸੇ ਵਿਚਾਰਧਾਰਾ ਦਾ ਪਿਛਲੱਗ ਬਣਨ ਨਾਲੋਂ ਆਪਣੀ ਨਿੱਜੀ ਵਿਚਾਰਧਾਰਾ ਦਾ ਉਥਾਨ ਕਰਨਾ ਚਾਹੀਦਾ ਹੈ ਅਤੇ ਨਿੱਜੀ ਵਿਚਾਰਧਾਰਾ ਦਾ ਉਥਾਨ ਤਾਂ ਹੀ ਹੋ ਸਕਦਾ ਹੈ, ਜੇਕਰ ਸਾਨੂੰ ਬਾਕੀ ਵਿਚਾਰਧਾਰਾਵਾਂ ਸਬੰਧੀ ਡੂੰਘੀ ਜਾਣਕਾਰੀ ਹੋਵੇ ਪ੍ਰੰਤੂ ਦਾਰਸ਼ਨਿਕ ਪੱਧਰ 'ਤੇ ਅਸੀਂ ਇੰਨੇ ਸਪੱਸ਼ਟ ਹੋਈਏ ਕਿ ਆਪਣੀ ਵੱਖਰੀ ਵਿਚਾਰਧਾਰਾ ਨੂੰ ਪਛਾਣ ਅਤੇ ਸਥਾਪਤ ਕਰ ਸਕਦੇ ਹੋਈਏ। ਇਸੇ ਕਰਕੇ ਉਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਅਧਿਐਨ ਲਈ ਖੋਜ ਅਧਿਐਨ ਪ੍ਰਯੋਗ ਤੇ ਵਿਹਾਰ ਨੂੰ ਅੰਗ-ਸੰਗ ਰੱਖਦਿਆਂ ਅੰਤਰ-ਪਾਠ ਅਧਿਐਨ ਵਿਧੀ ਦੀ ਚੋਣ ਕੀਤੀ।

ਪਾਠ ਤੇ ਪਾਠਕ, ਪਾਠ ਤੇ ਲੇਖਕ, ਪਾਠ ਤੇ ਆਲੋਚਕ ਅਤੇ ਪਾਠ ਤੇ ਭਾਸ਼ਾ ਦੇ ਅੰਤਰ ਸਬੰਧਾਂ ਨੂੰ ਵਿਗਿਆਨਕ ਦ੍ਰਿਸ਼ਟੀ ਬਿੰਦੂ ਤੋਂ ਵਿਚਾਰਦੇ ਹਨ। ਰਚਨਾ ਦੇ ਪੂਰਬ ਪਾਠ ਸਾਹਿਤ ਪਾਠ ਤੇ ਉੱਤਰ ਪਾਠ ਦੀ ਚਰਚਾ ਕਰਦੇ ਹਨ। ਪਾਠਾਤਮਕ ਅਧਿਐਨ ਵਿਧੀ ਵਿਚ ਡੂੰਘਾ ਉਤਰਦਿਆਂ Genotext ਅਤੇ Phenotext ਵਿਚ ਵੰਡ ਕਰਕੇ ਜਿਨੋਟੈਕਸਟ ਨੂੰ ਪਿਆਜ਼ ਦੇ ਛਿਲਕਿਆਂ ਦੀ ਪਰਤ ਦਰ ਪਰਤ ਸੰਰਚਨਾ ਵਜੋਂ ਪ੍ਰਸਤੁਤ ਕਰਦੇ ਹਨ। ਇਸ ਵਿਧੀ ਨਾਲ ਮਾਰਕਸਵਾਦੀ ਆਲੋਚਨਾ ਦੁਆਰਾ ਸਥਾਪਿਤ ਪ੍ਰਸੰਗ ਤੋਂ ਪਾਠ ਵੱਲ ਦੀ ਯਾਤਰਾ ਦਾ ਵਹਾਅ ਰੁੱਕ ਗਿਆ ਅਤੇ ਪਾਠ ਤੋਂ ਪ੍ਰਸੰਗ ਵੱਲ ਦੀ ਯਾਤਰਾ ਆਰੰਭ ਹੋਈ ਭਾਵੇਂ ਕਿ ਪਾਠਗਤ ਅਧਿਐਨ ਵਿਧੀ ਦੀ ਵਰਤੋਂ ਹੋਰ ਵੀ ਆਲੋਚਕਾਂ ਦੁਆਰਾ ਕੀਤੀ ਗਈ ਹੈ ਪਰ ਜਿਨ੍ਹਾਂ ਨਿੱਠ ਕੇ ਇਸ ਦੇ ਸਿਧਾਂਤਕ ਪਹਿਲੂਆਂ ਨੂੰ ਸਪੱਸ਼ਟ ਕਰਨ ਦਾ ਕਾਰਜ ਡਾ. ਹਰਚੰਦ ਸਿੰਘ ਬੇਦੀ ਨੇ ਕੀਤਾ ਹੈ, ਓਨਾ ਹੋਰ ਕਿਸੇ ਵੱਲੋਂ ਨਹੀਂ ਕੀਤਾ ਗਿਆ।

ਅੱਜ ਉਨ੍ਹਾਂ ਦੀ ਬਰਸੀ ਮੌਕੇ ਉਨ੍ਹਾਂ ਨੂੰ ਅਕੀਦਤ ਭੇਂਟ ਕਰਦਿਆਂ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਨੇ ਜਿੱਧਰ ਸਾਡਾ ਮੁਹਾਣ ਮੋੜਿਆ ਸੀ, ਅਸੀਂ ਉਸੇ ਦਿਸ਼ਾ ਵਿਚ ਲਗਾਤਾਰ ਗਾਮਜ਼ਨ ਹਾਂ ਅਤੇ ਉਨ੍ਹਾਂ ਵੱਲੋਂ ਦਰਸਾਏ ਰਸਤੇ ਉੱਪਰ ਚਲਦਿਆਂ ਸਦਾ ਕਾਰਜਸ਼ੀਲ ਰਹਿਣ ਦੀ ਕੋਸ਼ਿਸ਼ ਕਰਦੇ ਰਹਾਂਗੇ।

# ਉਦਯੋਗ ਅਤੇ ਅਕਾਦਮਿਕ ਵਿਚ ਕੰਪਿਊਟਿੰਗ ਖੋਜ ਵਿਚ ਕੀ ਅੰਤਰ ਹੈ?


## (ਕੰਪਿਊਟਰਾਂ ਵਿਚ ਕਰੀਅਰ ਐਪਸ ਬਣਾਉਣ ਤੋਂ ਪਰੇ ਜਾ ਸਕਦਾ ਹੈ)




ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ
ਕਾਲਮਨਵੀਸ,
ਮਲੋਟ, ਪੰਜਾਬ

(Punjab Mail USA)


ਕੰਪਿਊਟਿੰਗ, ਕੰਪਿਊਟਿੰਗ ਖੋਜ, ਅਕਾਦਮਿਕ ਖੋਜ, ਖੋਜ, ਉਦਯੋਗ ਖੋਜ, ਕੰਪਿਊਟਿੰਗ ਕਰੀਅਰ ਕੰਪਿਊਟਰ ਵਿਚ ਕਰੀਅਰ ਐਪਸ ਬਣਾਉਣ ਤੋਂ ਪਰੇ ਜਾ ਸਕਦਾ ਹੈ। ਇੱਥੇ ਕੰਪਿਊਟਿੰਗ ਖੋਜ ਅਤੇ ਅਕਾਦਮਿਕ ਖੋਜ ਵਿਚ ਅੰਤਰ ਹੈ, ਅਤੇ ਕੰਪਿਊਟਿੰਗ ਕਰੀਅਰ ਦੀ ਕਿਸਮ ਬਾਰੇ ਇੱਕ ਸੰਖੇਪ ਜਾਣਕਾਰੀ, ਜੋ ਤੁਸੀਂ ਅੱਗੇ ਵਧਾ ਸਕਦੇ ਹੋ। ਖੋਜ ਅਸਲ-ਸੰਸਾਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਖੋਜ ਹੈ, ਜਿਸ ਲਈ ਸਿੱਧੇ ਹੱਲ ਨਹੀਂ ਜਾਣੇ ਜਾਂਦੇ ਹਨ। ਸਪੱਸ਼ਟ ਤੌਰ 'ਤੇ, ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਵਿਚ, ਬਹੁਤ ਜ਼ਿਆਦਾ ਅਨਿਸ਼ਚਿਤਤਾ ਅਤੇ ਅਸਫਲਤਾ ਦੀ ਸੰਭਾਵਨਾ ਹੈ। ਇੱਕ ਖੋਜਕਰਤਾ ਦੇ ਰੂਪ ਵਿਚ, ਤੁਹਾਨੂੰ ਅਜਿਹੇ ਝਟਕਿਆਂ ਨੂੰ ਲੈਣ ਅਤੇ ਉਨ੍ਹਾਂ ਤੋਂ ਸਿੱਖਣ ਲਈ ਤਿਆਰ ਰਹਿਣ ਦੀ ਲੋੜ ਹੈ। ਇੱਕ ਖੋਜ ਕਰੀਅਰ ਲਈ, ਤੁਹਾਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਪੋਸਟ-ਗ੍ਰੈਜੂਏਸ਼ਨ ਅਤੇ/ਜਾਂ ਪੀ.ਐੱਚ.ਡੀ. ਜ਼ਰੂਰੀ ਨਹੀਂ ਹੈ ਪਰ ਇੱਕ ਲੋੜੀਂਦੀ ਸ਼ਰਤ ਹੈ। ਵੱਧ ਤੋਂ ਵੱਧ ਸਿੱਖਿਆ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ! ਇਹ ਕਹਿਣ ਤੋਂ ਬਾਅਦ, ਖੋਜ ਦਾ ਪਲੱਸ ਪੱਖ ਇਹ ਹੈ ਕਿ ਇਹ ਕਦੇ ਵੀ ਸੁਸਤ ਜਾਂ ਰੁਟੀਨ ਨਹੀਂ ਹੁੰਦਾ; ਇਹ ਦਿਲਚਸਪ ਨੌਕਰੀ ਦੇ ਮੌਕੇ ਪ੍ਰਦਾਨ ਕਰਦਾ ਹੈ; ਆਧੁਨਿਕ ਤਕਨਾਲੋਜੀਆਂ ਨਾਲ ਮਨੁੱਖੀ ਲੋੜਾਂ ਨੂੰ ਹੱਲ ਕਰਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਸੰਤੁਸ਼ਟੀ ਦਿੰਦਾ ਹੈ; ਜੋ ਤੁਸੀਂ ਕਰਦੇ ਹੋ, ਉਸ ਵਿਚ ਪੂਰੀ ਤਰ੍ਹਾਂ ਹੋਣ ਦੀ ਆਦਤ ਪੈਦਾ ਕਰਦਾ ਹੈ ਅਤੇ ਤੁਹਾਨੂੰ ਲਗਨ ਅਤੇ ਸਖ਼ਤ ਮਿਹਨਤ ਸਿਖਾਉਂਦਾ ਹੈ। ਕੰਪਿਊਟਰ ਵਿਚ ਕਰੀਅਰ ਐਪਸ ਬਣਾਉਣ ਤੋਂ ਪਰੇ ਜਾ ਸਕਦਾ ਹੈ। ਇੱਥੇ ਕੰਪਿਊਟਿੰਗ ਖੋਜ ਅਤੇ ਅਕਾਦਮਿਕ ਖੋਜ ਵਿਚ ਅੰਤਰ ਹੈ ਅਤੇ ਕੰਪਿਊਟਿੰਗ ਕਰੀਅਰ ਦੀ ਕਿਸਮ ਬਾਰੇ ਇੱਕ ਸੰਖੇਪ ਜਾਣਕਾਰੀ ਜੋ ਤੁਸੀਂ ਅੱਗੇ ਵਧਾ ਸਕਦੇ ਹੋ। ਇੱਕ ਖੋਜਕਰਤਾ ਦੇ ਰੂਪ ਵਿਚ, ਤੁਸੀਂ ਗਿਆਨ ਦੀ ਭੁੱਖ ਨੂੰ ਪੂਰਾ ਕਰਨ ਲਈ ਅਣਜਾਣ ਕਰਨਾ ਸਿੱਖੋਗੇ ਅਤੇ ਨਵੀਆਂ ਚੀਜ਼ਾਂ ਸਿੱਖੋਗੇ। ਕੀ ਤੁਸੀਂ ਜਾਣਦੇ ਹੋ ਕਿ ਸਭ ਤੋਂ ਪਹਿਲਾਂ ਜੋ ਤੁਸੀਂ ਸਿੱਖੋਗੇ, ਉਨ੍ਹਾਂ ਵਿਚੋਂ ਇੱਕ ਸਮੱਸਿਆ ਦੀ ਪਛਾਣ ਕਰਨਾ ਅਤੇ ਇਸਨੂੰ ਸਪੱਸ਼ਟ ਰੂਪ ਵਿਚ ਦੱਸਣਾ ਹੈ? ਫਿਰ ਤੁਸੀਂ ਸੰਭਾਵਿਤ ਹੱਲਾਂ ਦੀ ਜਾਂਚ ਸ਼ੁਰੂ ਕਰਦੇ ਹੋ, ਤੁਸੀਂ ਪ੍ਰਯੋਗ ਕਰਦੇ ਹੋ, ਅਤੇ ਫਿਰ ਇੱਕ ਹੱਲ 'ਤੇ ਪਹੁੰਚਦੇ ਹੋ। ਇਸ ਬਿੰਦੂ 'ਤੇ, ਤੁਹਾਨੂੰ ਆਪਣੀ 'ਕਾਢ' ਨੂੰ ਇੱਕ ਪੇਪਰ ਦੇ ਰੂਪ ਵਿਚ ਪ੍ਰਕਾਸ਼ਿਤ ਕਰਨਾ ਹੋਵੇਗਾ ਅਤੇ ਇਸਨੂੰ ਇੱਕ ਪ੍ਰਮੁੱਖ ਖੋਜ ਕਾਨਫਰੰਸ ਵਿਚ ਪੇਸ਼ ਕਰਨਾ ਹੋਵੇਗਾ। ਜੇ ਤੁਹਾਡਾ ਹੱਲ ਵਧੀਆ ਹੈ, ਤਾਂ ਇਹ ਅੰਤਰਰਾਸ਼ਟਰੀ ਧਿਆਨ ਪ੍ਰਾਪਤ ਕਰਦਾ ਹੈ। ਇਹ ਬਹੁਤ ਮਾਣ ਅਤੇ ਖੁਸ਼ੀ ਲਿਆਉਂਦਾ ਹੈ। ਉਦਯੋਗ ਅਤੇ ਸਮਾਜ ਲਈ ਕੰਪਿਊਟਿੰਗ ਖੋਜ ਕਿਉਂਕਿ ਡਿਜੀਟਲਾਈਜ਼ੇਸ਼ਨ ਉਦਯੋਗ ਅਤੇ ਸਮਾਜ ਦੋਵਾਂ ਵਿਚ ਹੋ ਰਹੀ ਹੈ, ਡੇਟਾ ਵਿਗਿਆਨ ਅਤੇ ਤਕਨੀਕਾਂ, ਨਕਲੀ ਬੁੱਧੀ ਅਤੇ ਮਸ਼ੀਨ ਸਿਖਲਾਈ ਹਰ ਉਦਯੋਗ ਵਿਚ ਸਫਲਤਾਵਾਂ ਲਿਆ ਰਹੀ ਹੈ ਕਿਉਂਕਿ ਕੰਪਿਊਟਰ-ਅਧਾਰਿਤ ਨਵੀਨਤਾ ਹੁਣ ਲਗਭਗ ਹਰ ਡੋਮੇਨ ਦਾ ਇੱਕ ਹਿੱਸਾ ਅਤੇ ਪਾਰਸਲ ਹੈ, ਉਦਯੋਗ ਸਪੇਸ ਨੂੰ ਹੁਣ ਅਜਿਹੇ ਵਿਦਵਾਨਾਂ ਦੀ ਲੋੜ ਹੈ, ਜਿਨ੍ਹਾਂ ਕੋਲ ਕੰਪਿਊਟਰ ਵਿਗਿਆਨ ਅਤੇ ਕੰਪਿਊਟਿੰਗ ਖੋਜ ਦਾ ਡੂੰਘਾ ਗਿਆਨ ਹੈ, ਤਾਂ ਜੋ ਉਹ ਸਮੱਸਿਆ ਦਾ ਨਿਪਟਾਰਾ ਕਰ ਸਕਣ ਅਤੇ ਵਧੇਰੇ ਕੁਸ਼ਲ ਪ੍ਰਣਾਲੀਆਂ ਦਾ ਨਿਰਮਾਣ ਕਰ ਸਕਣ। ਜੀਵਨ ਵਿਗਿਆਨ (ਬਿਹਤਰ ਨਿਦਾਨ, ਦਵਾਈਆਂ ਦੀ ਖੋਜ, ਰੋਗੀ ਦੀ ਦੇਖਭਾਲ, ਅਤੇ ਮਹਾਂਮਾਰੀ ਵਿਗਿਆਨ), ਪਦਾਰਥ ਵਿਗਿਆਨ (ਨਵੇਂ ਮਿਸ਼ਰਤ, ਬਿਹਤਰ ਉਤਪਾਦ ਅਤੇ ਉਦਯੋਗਿਕ ਪ੍ਰਕਿਰਿਆਵਾਂ), ਗਣਿਤ ਵਿਗਿਆਨ (ਸ਼ਡਿਊਲਿੰਗ, ਅੰਕੜਿਆਂ ਨਾਲ ਸਬੰਧਤ ਸਮੱਸਿਆਵਾਂ ਦੀ ਇੱਕ ਸ਼੍ਰੇਣੀ) ਵਿਚ ਨਵੇਂ-ਯੁੱਗ ਦੇ ਬਦਲਾਅ ਦੇਖੇ ਜਾ ਰਹੇ ਹਨ। ਸਾਰੇ ਉਦਯੋਗਾਂ, ਵਿਵਹਾਰ ਵਿਗਿਆਨ ਅਤੇ ਇੱਥੋਂ ਤੱਕ ਕੇ ਕਲਾਵਾਂ ਦਾ ਵਿਸ਼ਲੇਸ਼ਣ ਕਰਦਾ ਹੈ। ਉਹ ਖੇਤੀਬਾੜੀ ਅਤੇ ਸਥਿਰਤਾ ਪ੍ਰੋਗਰਾਮਾਂ ਵਿਚ ਵੀ ਯੋਗਦਾਨ ਪਾਉਂਦੇ ਹਨ। ਡੋਮੇਨ ਦੇ ਵਿਚਕਾਰ ਸੀਮਾਵਾਂ ਦੀ ਇੱਕ ਧੁੰਦਲੀ ਹੈ, ਬਹੁਤ ਸਾਰੇ ਕੈਰੀਅਰ ਦੇ ਮੌਕੇ ਲਿਆਉਂਦੀ ਹੈ। ਕੰਪਿਊਟਰ ਵਿਚ ਕਰੀਅਰ ਐਪਸ ਬਣਾਉਣ ਤੋਂ ਪਰੇ ਜਾ ਸਕਦਾ ਹੈ। ਇੱਥੇ ਕੰਪਿਊਟਿੰਗ ਖੋਜ ਅਤੇ ਅਕਾਦਮਿਕ ਖੋਜ ਵਿੱਚ ਅੰਤਰ ਹੈ, ਅਤੇ ਕੰਪਿਊਟਿੰਗ ਕਰੀਅਰ ਦੀ ਕਿਸਮ ਬਾਰੇ ਇੱਕ ਸੰਖੇਪ ਜਾਣਕਾਰੀ ਜੋ ਤੁਸੀਂ ਅੱਗੇ ਵਧਾ ਸਕਦੇ ਹੋ। ਅਕਾਦਮਿਕ ਖੋਜ ਅਕਾਦਮਿਕ ਖੋਜ ਵਿਭਾਗ ਕੰਪਿਊਟਿੰਗ, ਗਿਆਨ ਨੂੰ ਅੱਗੇ ਵਧਾਉਣ ਵਿਚ ਬੁਨਿਆਦੀ ਸਿਧਾਂਤਕ ਸਵਾਲਾਂ ਨੂੰ ਸੰਬੋਧਿਤ ਕਰਦੇ ਹਨ। ਉਦਯੋਗ-ਅਕਾਦਮਿਕ ਸਹਿਯੋਗਾਂ ਨੇ ਸ਼ੁਰੂਆਤ ਕਰਨ ਵਾਲਿਆਂ ਲਈ ਖੋਜ ਇੰਟਰਨਸ਼ਿਪ, ਪ੍ਰੀ-ਡੌਕਸ ਅਹੁਦਿਆਂ ਜਾਂ ਪੋਸਟਡੌਕਸ ਲਈ ਵਜ਼ੀਫ਼ੇ ਦੀ ਪੇਸ਼ਕਸ਼ ਕਰਨ ਵਾਲੇ ਕੈਰੀਅਰ ਦੇ ਮੌਕੇ ਪੈਦਾ ਕੀਤੇ ਹਨ, ਲੰਬੇ ਸਮੇਂ ਦੇ ਖੋਜ ਕੈਰੀਅਰ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਖੋਜ ਦਾ ਸੁਆਦ ਪ੍ਰਾਪਤ ਕਰਨ ਲਈ ਨੌਜਵਾਨ ਦਿਮਾਗਾਂ ਦੀ ਸਹੂਲਤ ਲਈ। ਇਹ ਸਹਿਯੋਗ ਸਿਧਾਂਤ ਅਤੇ ਅਭਿਆਸ ਦੇ ਵਿਚਕਾਰ ਦੀਆਂ ਸੀਮਾਵਾਂ ਨੂੰ ਵੀ ਭੰਗ ਕਰ ਰਿਹਾ ਹੈ, ਖੋਜ ਅਤੇ ਨਵੀਨਤਾ ਨੂੰ ਹੱਥ-ਪੈਰ ਨਾਲ ਜਾਣ ਦਿੰਦਾ ਹੈ, ਸ਼ੁਰੂਆਤ ਨੂੰ ਪ੍ਰਫੁੱਲਤ ਕਰਨ ਦੀ ਆਗਿਆ ਦਿੰਦਾ ਹੈ, ਉਨ੍ਹਾਂ ਨੂੰ ਉਨ੍ਹਾਂ ਦੀ ਜ਼ੋਖਮ ਭੁੱਖ ਨੂੰ ਵਧਾਉਂਦੇ ਹੋਏ ਉਨ੍ਹਾਂ ਦੇ ਵਿਚਾਰਾਂ ਨੂੰ ਉਤਪਾਦਕ ਬਣਾਉਣ ਲਈ ਬੁਨਿਆਦ ਪ੍ਰਦਾਨ ਕਰਦਾ ਹੈ। ਕੰਪਿਊਟਿੰਗ ਖੋਜੀ ਕਰੀਅਰ ਕੰਪਿਊਟਿੰਗ ਖੋਜਕਰਤਾ ਬਣਨ ਦਾ ਹੁਣ ਵਧੀਆ ਸਮਾਂ ਹੈ। ਤੁਸੀਂ ਫੈਕਲਟੀ ਵਜੋਂ ਲੰਬੇ ਸਮੇਂ ਦੇ ਖੋਜ ਕਰੀਅਰ ਨੂੰ ਅੱਗੇ ਵਧਾ ਸਕਦੇ ਹੋ; ਇਹ ਤੁਹਾਨੂੰ ਜਵਾਨ ਮਨਾਂ ਦਾ ਪਾਲਣ ਪੋਸ਼ਣ ਕਰਨ ਦੀ ਵੀ ਆਗਿਆ ਦਿੰਦਾ ਹੈ। ਤੁਸੀਂ ਦੇਸ਼ ਦੇ ਵਿਗਿਆਨਕ ਵਿਕਾਸ ਵਿਚ ਯੋਗਦਾਨ ਪਾਉਣ ਲਈ ਸਰਕਾਰੀ ਖੋਜ ਸੰਸਥਾਵਾਂ ਵਿਚ ਇੱਕ ਵਿਗਿਆਨੀ ਦੇ ਰੂਪ ਵਿਚ ਕੰਮ ਕਰ ਸਕਦੇ ਹੋ, ਜਿਸ ਨਾਲ ਵੱਡੇ ਪੱਧਰ 'ਤੇ ਸਮਾਜਿਕ ਪ੍ਰਭਾਵ ਪੈਂਦਾ ਹੈ। ਆਖਰੀ ਪਰ ਘੱਟੋ-ਘੱਟ ਨਹੀਂ, ਤੁਸੀਂ ਉਦਯੋਗ ਖੋਜ ਲੈਬਾਂ ਵਿਚ ਇੱਕ ਖੋਜਕਰਤਾ ਜਾਂ ਵਿਗਿਆਨੀ ਬਣਨ ਦੀ ਚੋਣ ਕਰ ਸਕਦੇ ਹੋ, ਵੱਖ-ਵੱਖ ਉਦਯੋਗਾਂ ਵਿਚ ਗਾਹਕਾਂ ਦੁਆਰਾ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹੋ।



# ਛੱਡ ਦਿਓ ਤੰਬਾਕੂ- ਜ਼ਿੰਦਾ ਰਹਿਣ ਲਈ





ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



*"ਭੋਜਨ ਉਗਾਓ, ਤੰਬਾਕੂ ਨਹੀਂ" ਤੰਬਾਕੂ ਤੇ ਇਸਦਾ ਧੂੰਆ ਪੂਰੀ ਦੁਨੀਆਂ ਨੂੰ ਖਤਰਨਾਕ ਬਿਮਾਰੀਆਂ ਦੇਣ ਦੇ ਨਾਲ-ਨਾਲ ਵਿਸ਼ਵ ਵਾਤਾਵਰਣ ਨੂੰ ਜ਼ਹਿਰੀਲਾ ਕਰਕੇ ਹਰ ਜੀਵ ਨੂੰ ਸਰੀਰਕ-ਮਾਨਸਿਕ ਤੌਰ 'ਤੇ ਨਪੁੰਸਕ ਬਣਾ ਰਿਹਾ ਹੈ। ਹੈਲਦੀ ਲਾਈਫ ਲਈ ਅੱਜ ਹੀ ਤੰਬਾਕੂ ਛੱਡਣ ਦਾ ਵਚਨ ਲੈਣ ਦੀ ਲੋੜ ਹੈ"- ਅਨਿਲ ਧੀਰ*

ਸਾਲ 2023 ਦੇ ਵਿਸ਼ਵ ਨੋ ਤੰਬਾਕੂ ਦਿਵਸ ਦਾ ਥੀਮ ਹੈ- "ਭੋਜਨ ਉਗਾਓ, ਤੰਬਾਕੂ ਨਹੀਂ" ਲਈ ਪੂਰੀ ਦੁਨੀਆਂ ਨੂੰ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਨੇ 2020 ਵਿਚ ਸਾਲ 2021 ਵਿਚ ਤੰਬਾਕੂ ਛੱਡਣ ਲਈ ਇੱਕ ਮੁਹਿਮ ਦੀ ਸ਼ੁਰੂਆਤ ਕੀਤੀ ਸੀ। ਇਸ ਮੁਹਿਮ ਦਾ ਮਕਸਦ ਕਰੀਬਨ 100 ਮਿਲੀਅਨ ਤੋਂ ਵੱਧ ਲੋਕਾਂ ਨੂੰ ਤੰਬਾਕੂ ਛੱਡਣ ਵਿਚ ਮਦਦ ਕਰਨਾ ਸੀ। ਮਹਾਂਮਾਰੀ ਕੋਵਿਡ-19 ਦੇ ਚੱਲਦੇ ਹੋਏ ਲੱਖਾਂ ਲੋਕ ਕਿਸੇ ਨਾ ਕਿਸੇ ਸ਼ਕਲ ਵਿਚ, ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੇ ਨਾਮੁਰਾਦ ਆਦਤ ਨੂੰ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਸੀ।

ਤੰਬਾਕੂ ਕਾਰਨ ਬਿਮਾਰੀ ਨਾਲ ਹਰ ਸਾਲ ਕਰੀਬਨ 9.5 ਮਿਲੀਅਨ ਲੋਕ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ। ਅੱਜ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਬਿਮਾਰੀਆਂ ਦੇ ਇਲਾਜ ਲਈ ਵਿਸ਼ਵਵਿਆਪੀ ਪੱਧਰ 'ਤੇ ਅੰਦਾਜ਼ਨ 1.5 ਟ੍ਰਿਲੀਅਨ ਡਾਲਰ ਦੇ ਖਰਚੇ ਦਾ ਬੋਝ ਬਣ ਚੁੱਕਾ ਹੈ।

- ਹੈਲਥ ਬੀਮਾ ਕੰਪਨੀਆਂ ਤੰਬਾਕੂਨੋਸ਼ੀ ਕਰਨ ਵਾਲਿਆਂ ਤੋਂ ਕਰੀਬਨ 70% ਵੱਧ ਰੇਟ ਲੈਂਦੇ ਹਨ।
- 18 ਸਾਲ ਤੋਂ ਵੱਧ ਉਮਰ ਦੇ ਲਗਭਗ 6 ਮਿਲੀਅਨ ਲੋਕ ਇਲੈਕਟ੍ਰਾਨਿਕ ਨਿਕੋਟਿਨ-ਇਨਹੇਲਿੰਗ ਉਪਕਰਣਾਂ ਈ-ਸਿਗਰੇਟ, ਵੀਡ ਅਤੇ ਵੇਪ ਦਾ ਇਸਤੇਮਾਲ ਕਰ ਰਹੇ ਹਨ।
- ਸਿਰਫ ਅਮਰੀਕਾ ਵਿਚ ਤੰਬਾਕੂਨੋਸ਼ੀ ਨਾਲ 491,000 ਤੋਂ ਵੱਧ ਅਤੇ ਸੈਕਿੰਡ-ਹੈਂਡ ਸਮੋਕ ਧੂੰਏ ਦੇ ਐਕਸਪੋਜ਼ਰ ਕਾਰਨ ਕਰੀਬਨ 51,000 ਲੋਕ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇੱਕ ਰਿਪੋਰਟ ਮੁਤਾਬਿਕ ਤੰਬਾਕੂਨੋਸ਼ੀ ਕਾਰਨ ਗੰਭੀਰ ਬਿਮਾਰੀਆਂ ਨਾਲ 2030 ਤੱਕ ਹਰ ਸਾਲ ਕਈ ਮਿਲੀਅਨ ਮੌਤ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਹੈ।




### ਤੰਬਾਕੂ ਦਾ ਮਨ-ਸਰੀਰ 'ਤੇ ਅਸਰ:

- ਤੰਬਾਕੂ ਕਾਰਨ ਸਾਹ ਲੈਣ ਵੇਲੇ ਅਤੇ ਕੱਪੜੇ, ਚਮੜੀ, ਪੂਰੇ ਘਰ-ਦਫਤਰ ਵਿਚੋਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ।
- ਦੰਦਾਂ 'ਤੇ ਪੀਲੀ ਪਰਤ ਜੰਮ ਜਾਂਦੀ ਹੈ।

ਚਮੜੀ 'ਤੇ ਸਮੇਂ ਤੋਂ ਪਹਿਲਾਂ ਅੱਖਾਂ ਦੇ ਆਲੇ-ਦੁਆਲੇ ਅਤੇ ਲਿਪਸ 'ਤੇ ਝੁਰੜੀਆਂ ਪੈ ਜਾਂਦੀਆਂ ਹਨ। ਵਿਟਾਮਿਨ-ਏ ਦੀ ਕਮੀ ਦੇ ਨਾਲ ਬਲੱਡ ਸਰਕੂਲੇਸ਼ਨ ਘੱਟ ਜਾਂਦਾ ਹੈ। ਚਮੜੀ ਖੁਸ਼ਕ ਹੋ ਜਾਣ ਕਰਕੇ ਖਾਰਿਸ਼, ਦਾਦ ਪੈਦਾ ਹੋ ਜਾਂਦੀ ਹੈ।

- ਸੈਕਿੰਡ-ਹੈਂਡ ਸਮੋਕ ਦੇ ਧੂੰਏ ਨਾਲ ਬੱਚਿਆਂ ਦੇ ਫੇਫੜਿਆਂ ਅੰਦਰ ਸੋਜ਼ਿਸ਼ ਰਹਿਣ ਕਾਰਨ ਦਮੇ ਤੋਂ ਬਾਅਦ ਦਾ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਸਰੀਰ ਅੰਦਰ ਤੰਬਾਕੂ ਕਾਰਨ ਕਰੀਬਨ 20 ਕਿਸਮ ਦੇ ਕੈਂਸਰ ਪੈਦਾ ਹੋ ਸਕਦੇ ਹਨ।
- ਜਲਦੀ ਹੋਈ ਸਿਗਰੇਟ ਕਾਰਨ ਅੱਗ ਲੱਗਣ ਨਾਲ ਮੌਤ ਦਾ ਅੰਕੜਾ ਵੀ ਵੱਧ ਰਿਹਾ ਹੈ।
- ਤੰਬਾਕੂਨੋਸ਼ੀ ਟਾਈਪ-2 ਡਾਇਬਟੀਜ਼ ਦਾ ਖਤਰਾ ਵਧਾ ਦਿੰਦਾ ਹੈ।
- ਘਰ ਅੰਦਰ ਸੈਕਿੰਡ-ਹੈਂਡ ਸਮੋਕ ਕਾਰਨ ਛੋਟੇ ਬੱਚਿਆਂ ਵਿਚ ਕੰਨ ਦੀ ਬਿਮਾਰੀ ਯਾਨਿ ਘੱਟ ਸੁਣਨ ਦੀ ਸਮੱਸਿਆ ਆ ਸਕਦੀ ਹੈ।
- ਤੰਬਾਕੂਨੋਸ਼ੀ ਕਰਨ ਵਾਲੇ ਨਪੁੰਸਕਤਾ, ਪੁਰਸ਼ਾਂ ਅੰਦਰ ਕਮਜ਼ੋਰ ਸ਼ੁਕਰਾਣੂਆਂ, ਘੱਟ ਗਿਣਤੀ, ਬਾਂਝਪਨ, ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਅਤੇ ਜਨਮ ਸਮੇਂ ਘੱਟ ਭਾਰ ਹੋਣਾ, ਵਰਗੀ ਸਮੱਸਿਆ ਦੇ ਸ਼ਿਕਾਰ ਹੋ ਸਕਦੇ ਹਨ।

### ਐਕਸ਼ਨ ਲਈ ਅੱਗੇ ਆਉਣ ਦੀ ਲੋੜ ਹੈ

ਤੰਬਾਕੂ ਨੂੰ ਅਲਵਿਦਾ ਕਹਿਣ ਵਿਚ ਆਪਣੇ ਦੋਸਤ-ਮਿੱਤਰਾਂ, ਸੋਸ਼ਲ ਸੰਸਥਾਵਾਂ ਦੀ ਮਦਦ ਲੈ ਸਕਦੇ ਹੋ। ਤੰਬਾਕੂ ਛੱਡਣ ਵਿਚ ਚੰਗੀ ਰਣਨੀਤੀ ਕੰਮ ਕਰਦੀ ਹੈ। ਇਸ ਆਦਤ ਤੋਂ ਛੁਟਕਾਰਾ ਪਾ ਕੇ ਹਾਰਟ-ਬੀਟ ਰੈਗੂਲਰ ਹੋ ਜਾਣ ਦੇ ਨਾਲ, ਸਰੀਰ ਅੰਦਰ ਬਲੱਡ ਦੇ ਕਾਰਨਬ ਮੋਨੋਆਕਸਾਈਡ ਦਾ ਪੱਧਰ ਠੀਕ ਹੋ ਜਾਂਦਾ ਹੈ। ਕਿਸੇ ਵੀ ਟੈਨਸ਼ਨ ਦੌਰਾਣ ਸਾਦਾ ਪਾਣੀ ਪੀਣਾ ਸ਼ੁਰੂ ਕਰ ਦਿਓ ਅਤੇ ਚਿਊਇੰਗ ਗੰਮ ਚਬਾਓ। ਨਿਕੋਟਿਨ ਦੀ ਤਲਬ ਪੈਦਾ ਹੁੰਦੇ ਹੀ ਦੋਸਤਾਂ ਨਾਲ ਫੋਨ 'ਤੇ ਗੱਲਬਾਤ, ਟੈਕਸਟਿੰਗ, ਲਗਾਤਾਰ 5 ਬਾਰ ਆਪਣੇ ਸ਼ੂਜ਼ ਪਾਓ ਤੇ ਉਤਾਰੋ। ਘਰ ਅੰਦਰ ਪਾਲਤੂ ਡਾਗ ਨੂੰ ਸੈਰ ਲਈ ਬਾਹਰ ਲੈ ਜਾਓ। ਤੰਬਾਕੂ ਛੱਡਣ ਵਿਚ ਪੌਸ਼ਟਿਕ ਖੁਰਾਕ-ਤਾਜ਼ੇ ਫੱਲ-ਸਬਜ਼ੀਆਂ, ਕੱਚਾ ਪਨੀਰ, ਚੀਜ਼, ਭੁੱਜੇ ਹੋਏ ਚਨੇ ਦੀ ਵਰਤੋਂ ਜ਼ਿਆਦਾ ਕਰੋ। ਇਸ ਆਦਤ ਤੋਂ ਛੁਟਕਾਰਾ ਪਾ ਕੇ ਬਚਤ ਕਰਕੇ ਸਿਹਤ ਅਤੇ ਪੈਸਿਆਂ ਪੱਖੋਂ ਅਮੀਰ ਬਣ ਜਾਓ।

**ਲਬੋਂ ਪੇ ਫੂਲ ਦਿਲੋਂ ਮੇਂ ਆਗ ਰੱਖਤੇ ਹੈਂ।**
**ਯਹਾਂ ਸਭੀ ਅਪਨੇ ਚਿਹਰੋਂ ਪੇ ਨਕਾਬ ਰੱਖਤੇ ਹੈਂ।**

# ਭਾਰਤ ਦੀ ਨਵੀਂ ਸਾਂਸਦ ਵਿਚ ਜੰਗਾਲੀ ਸੋਚ ਦਾ ਬੋਲ ਬਾਲਾ

## ਆਗਾਜ਼ ਤੋ ਬੁਰਾ ਹੈ ਅੰਜਾਮ ਖੁਦਾ ਜਾਨੇ


**ਕੁਲਵੰਤ ਸਿੰਘ ਢੇਸੀ**
ਯੂ.ਕੇ.
kulwantsinghdhesi@hotmail.com






ਭਾਰਤ ਵਿਚ ਸਾਂਸਦ ਦੀ ਨਵੀਂ ਇਮਾਰਤ ਦੇ ਉਦਘਾਟਨ ਨੂੰ ਲੈ ਕੇ ਸਿਆਸੀ ਦਲਾਂ 'ਚ ਵੱਡੀ ਖਿੱਚੋਤਾਣ ਰਹੀ ਹੈ। ਕਾਂਗਰਸ ਸਮੇਤ 19 ਵਿਰੋਧੀ ਦਲਾਂ ਨੇ ਇਸ ਨਵੀਂ ਇਮਾਰਤ ਦੇ ਉਦਘਾਟਨ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਸੁਖਬੀਰ ਸਿੰਘ ਬਾਦਲ ਉਦਘਾਟਨੀ ਸਮਾਰੋਹ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਸੀ। ਇਸੇ ਹੀ ਦਿਨ ਸਾਂਸਦ ਤੋਂ ਡੇਢ ਕਿਲੋਮੀਟਰ ਦੂਰ ਜੰਤਰ ਮੰਤਰ 'ਤੇ ਧਰਨਾ ਦੇ ਰਹੀਆਂ ਪਹਿਲਵਾਨ ਬੀਬੀਆਂ ਨੇ ਵੀ ਸਾਂਸਦ ਵੱਲ ਸ਼ਾਂਤਮਈ ਮਾਰਚ ਕਰਨ ਦਾ ਐਲਾਨ ਕਰ ਦਿੱਤਾ ਸੀ ਅਤੇ ਇਸ ਸਬੰਧ ਵਿਚ ਜਿਥੇ ਇਨ੍ਹਾਂ ਬੀਬੀਆਂ ਨੂੰ ਬੁਰੀ ਤਰ੍ਹਾਂ ਸੜਕਾਂ 'ਤੇ ਘੜੀਸਿਆ ਗਿਆ ਅਤੇ ਇਨ੍ਹਾਂ ਦੇ ਤੰਬੂ ਪੱਟ ਦਿੱਤੇ ਗਏ, ਉਥੇ ਦੇਸ਼ ਦੇ ਮਸ਼ਹੂਰ ਪਹਿਲਵਾਨਾਂ ਸਾਕਸ਼ੀ ਮਲਿਕ, ਬਜਰੰਗ ਪੂਨੀਆ, ਵਿਨੇਸ਼ ਫੋਗਾਟ, ਸੰਗੀਤਾ ਫੋਗਾਟ ਦੇ ਨਾਲ ਹੋਰ ਪਹਿਲਵਾਨਾਂ ਨੂੰ ਹਿਰਾਸਤ ਵਿਚ ਲਏ ਜਾਣ ਨਾਲ ਵੱਡੀ ਬਦਸ਼ਗਨੀ ਵੀ ਹੋ ਗਈ। ਇਨ੍ਹਾਂ ਗ੍ਰਿਫਤਾਰੀਆਂ ਦੌਰਾਨ ਹੋਈ ਧੱਕਾ-ਮੁੱਕੀ ਮੀਡੀਏ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪਹਿਲਵਾਨਾਂ ਵਲੋਂ ਇਸੇ ਦਿਨ ਮਹਾਂਪੰਚਾਇਤ ਕਰਨ ਦਾ ਐਲਾਨ ਵੀ ਕੀਤਾ ਗਿਆ ਪਰ ਜਦੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਦਿੱਲੀ ਵਿਚ ਵੜਨ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਪੁਲਿਸ ਨਾਲ ਟਕਰਾ ਹੋ ਗਿਆ। ਧਰਨਾ ਦੇ ਰਹੇ ਪਹਿਲਵਾਨਾਂ ਵਲੋਂ ਭਾਰਤੀ ਕੁਸ਼ਤੀ ਮਹਾਂਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਗੰਭੀਰ ਜਿਣਸੀ ਸ਼ੋਸ਼ਣ ਦੇ ਇਲਜ਼ਾਮ ਲਾਏ ਗਏ ਸਨ, ਜਦਕਿ ਬ੍ਰਿਜ ਭੂਸ਼ਣ ਇਹ ਪ੍ਰਧਾਨ ਰਾਜ ਕਰ ਰਹੀ ਭਾਜਪਾ ਦਾ ਸਾਂਸਦ ਵੀ ਹੈ। ਆਪਣੀਆਂ ਧੀਆਂ ਗੀਤਾ, ਬਬੀਤਾ, ਸੰਗਿਤਾ ਤੇ ਰਿਤੂ ਨੂੰ ਕੌਮਾਂਤਰੀ ਪੱਧਰ ਦੀਆਂ ਪੇਸ਼ੇਵਰ ਪਹਿਲਵਾਨਾਂ ਬਨਾਉਣ ਵਾਲੇ ਸ੍ਰੀ ਮਹਾਂਵੀਰ ਫੋਗਾਟ ਨੇ ਪੁਲਿਸ ਅਤੇ ਪ੍ਰਸ਼ਾਸਨ ਦੀ ਕਾਰਵਾਈ ਨੂੰ ਤਾਨਾਸ਼ਾਹੀ ਕਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਵਾਨ ਮਹਿਲਾਵਾਂ ਤਾਂ ਆਪਣੀਆਂ ਮੰਗਾਂ ਲਈ ਸ਼ਾਂਤਮਈ ਧਰਨਾ ਦੇ ਰਹੀਆਂ ਸਨ, ਜਿਸ ਦਾ ਕਿ ਦੇਸ਼ ਦੇ ਹਰ ਸ਼ਹਿਰੀ ਨੂੰ ਸੰਵਿਧਾਨਕ ਹੱਕ ਹੈ ਪਰ ਪੁਲਿਸ ਨੇ ਉਨ੍ਹਾਂ ਨਾਲ ਬੇਹੱਦ ਜ਼ਿਆਦਤੀ ਕੀਤੀ ਹੈ।

ਜਿਥੋਂ ਤੱਕ ਨਵੀਂ ਸਾਂਸਦ ਦੇ ਉਦਘਾਟਨ ਦਾ ਸਬੰਧ ਹੈ, ਉਸ ਬਾਬਤ ਵਿਰੋਧੀ ਪਾਰਟੀਆਂ ਦਾ ਇਤਰਾਜ਼ ਸੀ ਕਿ ਨਵੀਂ ਸਾਂਸਦ ਦਾ ਉਦਘਾਟਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਕਰਨਾ ਚਾਹੀਦਾ ਹੈ ਕਿਉਂਕਿ ਦੇਸ਼ ਦਾ ਰਾਸ਼ਟਰਪਤੀ ਸੰਵਿਧਾਨ ਦਾ ਮੁਖੀ ਹੁੰਦਾ ਹੈ, ਜਦਕਿ ਪ੍ਰਧਾਨ ਮੰਤਰੀ ਤਾਂ ਰਾਜ ਕਰ ਰਹੇ ਸਿਆਸੀ ਦਲ ਦਾ ਮੁਖੀ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਉਸ ਦੇ ਡਿਗਰੀ ਦੇ ਸਰਟੀਫਿਕੇਟ ਤੋਂ ਲਾ ਕੇ ਹੋਰ ਅਨੇਕਾਂ ਚਰਚੇ ਹਮੇਸ਼ਾਂ ਹੀ ਸੁਰਖੀਆਂ ਵਿਚ ਰਹੇ ਹਨ ਪਰ ਕੁਝ ਸਿਆਸੀ ਪੰਡਤਾਂ ਦਾ ਇਹ ਖਦਸ਼ਾ ਹੈ ਕਿ ਨਰਿੰਦਰ ਮੋਦੀ ਦੀਆਂ ਕਾਰਵਾਈਆਂ ਤੋਂ ਇਹ ਜਾਪਦਾ ਹੈ ਕਿ ਉਹ ਵੀ ਸਾਬਕਾ ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਵਾਂਗੂ 'ਮੋਦੀ ਇਜ਼ ਇੰਡੀਆ ਐਂਡ ਇੰਡੀਆ ਇਜ਼ ਮੋਦੀ' ਸਿੱਧ ਕਰਨ ਦੇ ਰਾਹ 'ਤੇ ਤੁਰ ਪਿਆ ਹੈ। ਅੱਜ ਜਿਧਰ ਦੇਖੋ ਨਰਿੰਦਰ ਮੋਦੀ ਦੇ ਚਿਹਰੇ ਨੂੰ ਹੀ ਦਿਖਾਇਆ ਜਾ ਰਿਹਾ ਹੈ। ਭਾਰਤ ਵਿਚ ਰਾਜ ਕਰ ਰਹੀ ਭਾਜਪਾ ਨਵੀਂ ਸਾਂਸਦ ਨੂੰ ਆਜ਼ਾਦ ਭਾਰਤ ਦੇ ਆਜ਼ਾਦ ਪ੍ਰਤੀਕ ਵਜੋਂ ਵੀ ਲੈ ਰਹੀ ਹੈ ਕਿਉਂਕਿ ਪੁਰਾਣੀ ਸਾਂਸਦ ਦੀ ਇਮਾਰਤ ਤਾਂ ਅੰਗਰੇਜ਼ ਰਾਜ ਸਮੇਂ ਅੰਗਰੇਜ਼ ਆਰਕੀਟੈਕਟ ਸਰ ਐਡਵਿਨ ਅਤੇ ਹਰਬਰਟ ਬੇਕਰ ਨੇ ਡਿਜ਼ਾਇਨ ਕੀਤੀ ਸੀ। ਇਥੇ ਅੰਗਰੇਜ਼ ਸਰਕਾਰ ਦੀ ਲੈਜਿਸਲੇਟਿਵ ਕੌਂਸਲ ਦੀ ਬੈਠਕ ਹੁੰਦੀ ਸੀ, ਇਸ ਕਾਰਨ ਇਸ ਨੂੰ ਕੌਂਸਲ ਹਾਊਸ ਕਿਹਾ ਜਾਂਦਾ ਸੀ। ਸੰਨ 1921 ਤੋਂ ਸੰਨ 1927 ਤੱਕ ਇਸ ਇਮਾਰਤ ਨੂੰ ਬਨਾਉਣ ਲਈ ਛੇ ਸਾਲ ਲੱਗੇ ਸਨ ਅਤੇ ਇਸ 'ਤੇ ਉਸ ਸਮੇਂ 82 ਲੱਖ ਰੁਪਏ ਖਰਚ ਕੀਤੇ ਗਏ ਸਨ, ਜਦ ਕਿ ਨਵੀਂ ਇਮਾਰਤ 'ਤੇ 861.90 ਕਰੋੜ ਰੁਪਏ ਖਰਚ ਕੀਤੇ ਗਏ ਹਨ। ਕਿਹਾ ਜਾਂਦਾ ਹੈ ਕਿ ਪੁਰਾਣੀ ਸੰਸਦ ਦੀ ਵਰਤੋਂ ਸੰਸਦੀ ਸਮਾਗਮਾਂ ਲਈ ਕੀਤੀ ਜਾਵੇਗੀ।

ਜੇਕਰ ਸੰਜੀਦਗੀ ਨਾਲ ਦੇਖਿਆ ਜਾਵੇ, ਤਾਂ ਭਾਜਪਾ ਦੀਆਂ ਕਾਰਵਾਈਆਂ ਭਾਰਤ ਦਾ ਮੁਹਾਂਦਰਾ ਇੱਕ ਆਜ਼ਾਦ ਦੇਸ਼ ਵਜੋਂ ਸਥਾਪਤ ਕਰਨ ਨਾਲੋਂ ਦੇਸ਼ ਨੂੰ ਇੱਕ ਹਿੰਦੂ ਰਾਜ ਸਥਾਪਤ ਕਰਨ ਵੱਲ ਜ਼ਿਆਦਾ ਹੈ। ਇਹੀ ਕਾਰਨ ਹੈ ਕਿ ਇਹ ਪਾਰਟੀ ਗੁਲਾਮ ਭਾਰਤ ਦੇ ਸਾਰੇ ਇਤਹਾਸ ਨੂੰ ਮੇਟ ਕੇ ਨਵੇਂ ਸਿਰਿਓਂ ਲਿਖਵਾਉਣ ਵੱਲ ਰੁਚਿਤ ਹੈ। ਪਿਛਲੇ ਦਿਨੀਂ ਅਸੀਂ ਵਿਦਿਆਰਥੀਆਂ ਦੀਆਂ ਉਨ੍ਹਾਂ ਪਾਠ ਪੁਸਤਕਾਂ ਦਾ ਜ਼ਿਕਰ ਕਰ ਚੁੱਕੇ ਹਾਂ, ਜਿਨ੍ਹਾਂ ਵਿਚ ਨੱਥੂ ਰਾਮ ਗੋਡਸੇ ਜਾਂ ਸਾਵਰਕਰ ਵਰਗੇ ਹਿੰਦੂ ਮਹਾਂਸਭਾ ਦੇ ਮੈਂਬਰਾਂ ਦੀ ਛਵੀ ਨੂੰ ਜਿਥੇ ਲੁੱਕਵੇਂ ਰੂਪ ਵਿਚ ਉਭਾਰਨ ਦੇ ਯਤਨ ਹੋ ਰਹੇ ਹਨ, ਉਥੇ ਮੁਗਲ ਰਾਜ ਨੂੰ ਨਿਕਾਰਨ ਦੇ ਯਤਨ ਵੀ ਹੋ ਰਹੇ ਹਨ ਪਰ ਕੀ ਅਜਿਹਾ ਕਰਕੇ ਭਾਜਪਾ ਸਦੀਆਂ ਬੱਧੀ ਭਾਰਤ ਦੀ ਗੁਲਾਮੀ ਦੇ ਇਤਿਹਾਸ ਨੂੰ ਲੁਕਾ ਸਕੇਗੀ? ਹਰਗਿਜ਼ ਨਹੀਂ। ਭਾਰਤ ਵਿਚ ਗੁਲਾਮਾਂ ਦੇ ਗੁਲਾਮ ਧਾੜਵੀ ਆ ਕੇ ਲੁੱਟ-ਖੋਹ ਕਰਦੇ ਰਹੇ ਅਤੇ ਇਥੋਂ ਦਾ ਜਰ-ਜੋਰੂ ਲੁੱਟਦੇ ਅਤੇ ਦੇਸ਼ ਦੀ ਆਬਰੂ ਨੂੰ ਗਜ਼ਨੀ ਦੇ ਬਜ਼ਾਰਾਂ ਵਿਚ ਟਕੇ-ਟਕੇ ਲਈ ਵੇਚਦੇ ਰਹੇ ਸਨ। ਮਹਿਮੂਦ ਗਜ਼ਨਵੀ ਵਰਗੇ ਧਾੜਵੀਆਂ ਦੇ ਸਤਾਰਾਂ-ਸਤਾਰਾਂ ਹਮਲਿਆਂ ਅਤੇ ਅਬਦਾਲੀ ਵਰਗਿਆਂ ਦੇ ਬਾਰਾਂ-ਬਾਰਾਂ ਹਮਲਿਆਂ ਦੇ ਇਤਹਾਸ 'ਤੇ ਭਾਜਪਾ ਕਿਵੇਂ ਮਿੱਟੀ ਪਾ ਸਕਦੀ ਹੈ? ਹਾਂ, ਇਹ ਹਰ ਹਾਲ ਕੋਸ਼ਿਸ਼ ਕੀਤੀ ਜਾਵੇਗੀ ਕਿ ਕਿਸੇ ਨਾ ਕਿਸੇ ਤਰ੍ਹਾਂ ਜਿਥੇ ਇਸ ਗੁਲਾਮੀ ਦੇ ਇਤਿਹਾਸ 'ਤੇ ਮਿੱਟੀ ਪਾਈ ਜਾਵੇ, ਉਥੇ ਸਿੱਖਾਂ ਦੇ ਉਸ ਇਤਹਾਸ ਨੂੰ ਵੀ ਜਿਥੋਂ ਤੱਕ ਹੋ ਸਕੇ ਲੁਕਾਇਆ ਜਾਵੇ, ਜਿਨ੍ਹਾਂ ਨੇ ਕਿ ਇਨ੍ਹਾਂ ਧਾੜਵੀਆਂ ਦੇ ਰਾਹ ਰੋਕ ਕੇ ਇਨ੍ਹਾਂ ਨੂੰ ਨਾ ਕੇਵਲ ਸ਼ਿਕੱਸਤ ਦੇ ਕੇ ਕਾਬਲ ਤੱਕ ਸਿੱਖ ਰਾਜ ਹੀ ਕਾਇਮ ਕਰ ਦਿੱਤਾ, ਸਗੋਂ ਅੱਜ ਦੇ ਆਜ਼ਾਦ ਭਾਰਤ ਵਿਚ ਸਿੱਖ ਫੌਜਾਂ ਨੇ ਆਪਣੇ ਸਿਰ ਦੇ ਕੇ ਦੇਸ਼ ਦੀ ਆਜ਼ਾਦੀ ਨੂੰ ਬਰਕਰਾਰ ਵੀ ਰੱਖਿਆ। ਇਹ ਇੱਕ ਬੜੀ ਸ਼ਰਮਾਨਕ ਇਤਿਹਾਸਕ ਸੱਚਾਈ ਹੈ ਕਿ ਸੰਨ 1965 ਦੀ ਪਾਕਿਸਤਾਨ ਨਾਲ ਹੋਈ ਜੰਗ ਦੌਰਾਨ ਦੇਸ਼ ਦੇ ਫੌਜੀ ਕਮਾਂਡਰ ਅਤੇ ਪ੍ਰਧਾਨ ਮੰਤਰੀ ਵਲੋਂ ਪਾਕਿਸਤਾਨ ਤੋਂ ਹਾਰ ਖਾ ਕੇ ਭਾਰਤੀ ਫੌਜ ਨੂੰ ਬਿਆਸ ਤੱਕ ਪਿੱਛੇ ਹਟਣ ਦੇ ਆਦੇਸ਼ ਦਿੱਤੇ ਗਏ ਸਨ ਪਰ ਉਸ ਵੇਲੇ ਭਾਰਤੀ ਫੌਜ ਦੀ ਪਾਕਿਸਤਾਨੀ ਸਰਹੱਦ 'ਤੇ ਅਗਵਾਈ ਕਰ ਰਹੇ ਜਨਰਲ ਹਰਬਖਸ਼ ਸਿੰਘ ਨੇ ਭਾਰਤੀ ਆਗੂਆਂ ਦੀ ਹੁਕਮ ਅਦੂਲੀ ਕਰਦਿਆਂ ਆਪਣੀ ਫੌਜ ਨੂੰ ਡੱਟਣ ਦੇ ਉਦੇਸ਼ ਦੇ ਕੇ ਮੁੜ ਦੇਸ਼ ਦੀ ਅਸਮਤ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਿਆ।

**ਨਵੀਂ ਸਾਂਸਦ ਦੀ ਲੋੜ**

ਭਾਰਤ ਦੀ ਲੋਕ ਸਭਾ ਅਤੇ ਰਾਜ ਸਭਾ ਦੀਆਂ ਇਮਾਰਤਾਂ ਪ੍ਰਤੀ ਵੱਡਾ ਇਤਰਾਜ਼ ਇਹ ਸੀ ਕਿ ਇਨ੍ਹਾਂ ਵਿਚ ਸੀਟਾਂ ਦੀ ਕਮੀ ਸੀ। ਪਹਿਲੀ ਲੋਕ ਸਭਾ ਵਿਚ ਕੁਲ 552 ਵਿਅਕਤੀ ਬੈਠ ਸਕਦੇ ਸਨ, ਜਦਕਿ ਨਵੀਂ ਲੋਕ ਸਭਾ ਵਿਚ 888 ਸੀਟਾਂ ਹਨ। ਇਸੇ ਤਰ੍ਹਾਂ ਪੁਰਾਣੀ ਰਾਜ ਸਭਾ ਵਿਚ ਕੁਲ 250 ਵਿਅਕਤੀ ਬੈਠ ਸਕਦੇ ਹਨ, ਜਦਕਿ ਨਵੀਂ ਰਾਜ ਸਭਾ ਵਿਚ ਇਹ ਗਿਣਤੀ 384 ਕਰ ਦਿੱਤੀ ਗਈ ਹੈ। ਨਵੇਂ ਸੰਸਦ ਵਿਚ ਦੋਵੇਂ ਸਦਨਾ ਦੀ ਸਾਂਝੀ ਮੀਟਿੰਗ ਦੌਰਾਨ 1272 ਮੈਂਬਰ ਬੈਠ ਸਕਣਗੇ। ਜੇਕਰ ਖੇਤਰਫਲ ਦੇ ਹਿਸਾਬ ਨਾਲ ਦੇਖਿਆ ਜਾਵੇ, ਤਾਂ ਨਵੀ ਇਮਾਰਤ ਪੁਰਾਣੀ ਨਾਲੋਂ 17,000 ਵਰਗ ਮੀਟਰ ਵੱਡੀ ਹੈ। ਇਸ ਦਾ ਕੁੱਲ ਖੇਤਰਫਲ 64,500 ਵਰਗ ਮੀਟਰ ਹੈ। ਜਿਸ ਹਿਸਾਬ ਨਾਲ ਇਸ ਨਵੀਂ ਇਮਾਰਤ ਦੀ ਬਣਤਰ ਹੈ, ਉਹ ਨਿਰਸੰਦੇਹ ਆਪਣੇ ਆਪ ਵਿਚ ਮਹੱਤਵਪੂਰਨ ਹੈ। ਇਸ ਨਵੀਂ ਇਮਾਰਤ ਵਿਚ ਵਿਸ਼ਾਲ ਸੰਵਿਧਾਨਕ ਗੈਲਰੀ (ਜਿਸ ਵਿਚ ਦੇਸ਼ ਦੀ ਰਾਜਸੀ ਵਿਰਾਸਤ ਦੇ ਦਰਸ਼ਨ ਹੋਣਗੇ), ਵਿਸ਼ਾਲ ਪਾਰਲਿਮਾਨੀ ਬੈਠਕ ਹਾਲ, ਸਾਂਸਦਾਂ ਦੇ ਦਫਤਰ, ਕਮੇਟੀਆ ਲਈ ਕਮਰੇ, ਲਾਇਬ੍ਰੇਰੀ, ਭੋਜਨ ਸ਼ਾਲਾ ਅਤੇ ਗੱਡੀਆਂ ਖੜ੍ਹੀਆਂ ਕਰਨ ਲਈ ਪਾਰਕਿੰਗ ਦੀ ਵੀ ਸੁਵਿਧਾ ਹੋਵੇਗੀ। ਨਵੇਂ ਸਾਂਸਦ ਦੀ ਇਮਾਰਤ ਦੇ ਨਿਰਮਾਣ ਦਾ ਕੰਮ ਜਿਸ ਸੈਂਟਰਲ ਵਿਸਟਾ ਨੂੰ ਸੌਂਪਿਆ ਗਿਆ ਹੈ, ਉਸ ਦੇ ਕਾਰਜ ਖੇਤਰ ਵਿਚ ਰਾਸ਼ਟਰਪਤੀ ਭਵਨ ਦੇ ਨਾਲ-ਨਾਲ ਉਪ ਰਾਸ਼ਟਰਪਤੀ ਦੀ ਰਿਹਾਇਸ਼ ਦੀ ਇਮਾਰਤ ਵੀ ਆਉਂਦੀ ਹੈ। ਇਹ ਪ੍ਰੋਜੈਕਟ ਕੁਲ 20,000 ਕਰੋੜ ਰੁਪਏ ਦੇ ਬਜਟ ਵਾਲੀ ਹੈ, ਜਿਸ ਵਿਚ ਰਾਸ਼ਟਰਪਤੀ ਭਵਨਾਂ ਦੇ ਨਾਲ-ਨਾਲ ਨੌਰਥ ਬਲੌਕ, ਸਾਊਥ ਬਲੌਕ ਅਤੇ ਸਾਂਸਦ ਦੇ ਵਿਸ਼ਾਲ ਪ੍ਰੋਜੈਕਟ ਹਨ।

**ਨਵੀਂ ਸਾਂਸਦ ਦੀ ਦਿੱਖ**

ਲੋਕ ਸਭਾ ਦੀ ਦਿੱਖ ਨੂੰ ਭਾਰਤ ਦੇ ਰਾਸ਼ਟਰੀ ਪੰਛੀ ਮੋਰ ਦੀ ਥੀਮ 'ਤੇ ਸਥਾਪਤ ਕੀਤਾ ਗਿਆ ਹੈ, ਜਦਕਿ ਰਾਜ ਸਭਾ ਦੀ ਇਮਾਰਤ ਨੂੰ ਭਾਰਤ ਦੇ ਕੌਮੀ ਫੁੱਲ ਕੰਵਲ ਦੇ ਥੀਮ 'ਤੇ ਸਥਾਪਤ ਕੀਤਾ ਗਿਆ ਹੈ। ਭਾਰਤੀ ਸਨਾਤਨ ਧਰਮ ਵਿਚ ਕੰਵਲ ਫੁੱਲ ਦੀ ਅਹਿਮੀਅਤ ਇਸ ਕਰਕੇ ਹੈ ਕਿ ਇਹ ਫੁੱਲ ਚਿੱਕੜ ਵਿਚ ਪਲਦਾ ਹੈ ਪਰ ਚਿੱਕੜ ਵਿਚ ਖਿੜ ਕੇ ਵੀ ਆਪਣੀ ਮਹਿਕ ਅਤੇ ਸੁੰਦਰਤਾ ਬਿਖੇਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕੰਵਲ ਫੁੱਲ ਜਾਂ ਮੁਰਗਾਬੀ ਦੇ ਪ੍ਰਤੀਕ ਇਸੇ ਸੇਧ ਵਿਚ ਵਰਤੇ ਗਏ ਹਨ ਕਿ ਇਹ ਜੀਵਨ ਦੀ ਮੈਲ ਵਿਚ ਰਹਿ ਕੇ ਮੈਲ ਤੋਂ ਨਿਰਲੇਪ ਰਹਿੰਦੇ ਹਨ। ਸਾਰੀ ਦੁਨੀਆਂ ਵਿਚ ਜਿਨ੍ਹਾਂ ਲੋਕਰਾਜੀ ਕੀਮਤਾਂ ਦਾ ਬੋਲਬਾਲਾ ਹੈ, ਉਸ ਦੀ ਮੁੱਖ ਧਰੋਹਰ ਧਰਮ ਨਿਰਲੇਪਤਾ ਹੈ। ਲੋਕ ਰਾਜੀ ਰਾਜ ਪ੍ਰਬੰਧ ਆਪਣੇ ਸ਼ਹਿਰੀਆਂ ਨੂੰ ਰੰਗ, ਨਸਲ, ਕੌਮੀਅਤ ਜਾਂ ਜਾਤ ਧਰਮ ਤੋਂ ਉਪਰ ਉੱਠ ਕੇ ਜਿਊਣ ਦੇ ਬਰਾਬਰ ਦੇ ਮੌਕੇ ਦਿੰਦਾ ਹੈ, ਜੋ ਕਿ ਆਪਣੇ ਆਪ ਵਿਚ ਇੱਕ ਬਹੁਤ ਵੱਡਾ ਧਰਮ ਹੈ। ਪਰ ਭਾਰਤੀ ਭਾਜਪਾ ਦਾ ਨਾਅਰਾ ਸਾਰੇ ਦੇਸ਼ ਨੂੰ ਇੱਕ ਕੌਮ ਵਜੋਂ ਸਥਾਪਤ ਕਰਨ ਦਾ ਹੈ ਅਤੇ ਇਹ ਨਾਅਰਾ ਭਗਵੇਂ ਕਰਨ ਦਾ ਹੈ। ਪਾਰਲੀਮੈਂਟ ਦੀ ਆਤਮਾ ਤਾਂ ਨਿਰਪੱਖ ਸੰਵਾਦ ਹੁੰਦੀ ਹੈ ਪਰ ਭਾਰਤ ਵਿਚ ਇੱਕ ਪਾਰਟੀ ਰਾਜ ਵੱਲ ਵਧ ਰਹੀ ਭਾਜਪਾ ਸੱਜੇ ਪੱਖੀ, ਫਿਰਕੂ ਅਤੇ ਨਫਰਤ ਵਾਲੀ ਰਾਜਨੀਤੀ ਨਾਲ ਪਾਰਲੀਮਾਨੀ ਮੁੱਲਾਂ ਨੂੰ ਮਲੀਆਮੇਟ ਕਰਨ ਵੱਲ ਤੁਰੀ ਹੋਈ ਹੈ। ਅਨੇਕਾਂ ਭਾਜਪਾਈ ਆਗੂ ਦੇਸ਼ ਦੀਆਂ ਘੱਟਗਿਣਤੀਆਂ ਦਾ ਮਲੀਆਮੇਟ ਕਰਨ ਲਈ ਸ਼ਰੇਆਮ ਲਲਕਾਰੇ ਮਾਰ ਰਹੇ ਹਨ। ਜ਼ਾਹਿਰ ਹੈ ਕਿ ਇਹ ਲਲਕਾਰਾਂ ਦੁਨੀਆਂ ਦੀ ਸਭ ਤੋਂ ਵੱਡੇ ਲੋਕ ਰਾਜ ਦਾ ਭਾਂਡਾ ਛੇਤੀ ਹੀ ਸਾਰੀ ਦੁਨੀਆਂ ਸਾਹਮਣੇ ਸ਼ਰੇਆਮ ਭੰਨ ਦੇਣਗੀਆਂ। ਭਾਰਤ ਵੱਖ-ਵੱਖ ਕੌਮਾਂ ਦਾ ਰਿਪਬਲਿਕ ਸੀ, ਜੋ ਕਿ ਹੁਣ ਨਹੀਂ ਰਿਹਾ। ਦੇਸ਼ ਦੇ ਨਾਗੇ, ਕਸ਼ਮੀਰੀ, ਤਾਮਿਲ, ਸਿੱਖ ਅਤੇ ਅਨੇਕਾਂ ਹੋਰ ਕੌਮਾਂ ਆਪਣੇ ਗਲ੍ਹ ਪਾਈ ਜਾ ਰਹੀ ਇਸ ਗੁਲਾਮੀ ਦੇ ਖਿਲਾਫ ਚਿਰਾਂ ਤੋਂ ਗੁਹਾਰ ਲਾਈ ਜਾ ਰਹੇ ਹਨ, ਜਿਨ੍ਹਾਂ ਦੀ ਸੁਣਵਾਈ ਕੌਮਾਂਤਰੀ ਪੱਧਰ 'ਤੇ ਹੋਣੀ ਜ਼ਰੂਰੀ ਹੈ। ਭਾਰਤ ਵਿਚ ਜੇਕਰ ਕੋਈ ਕੌਮ ਅਜ਼ਾਦੀ ਦਾ ਨਾਅਰਾ ਲਉਂਦੀ ਹੈ, ਤਾਂ ਉਸ 'ਤੇ ਜਿਥੇ ਦੇਸ਼ ਧ੍ਰੋਹ ਦਾ ਇਲਜ਼ਾਮ ਲਾ ਕੇ ਉਸ ਨੂੰ ਦੇਸ਼ ਭਰ ਵਿਚ ਵੱਖਵਾਦੀ ਅਤੇ ਅਤੰਕਵਾਦੀ ਵਜੋਂ ਬਦਨਾਮ ਕੀਤਾ ਜਾਂਦਾ ਹੈ, ਉਥੇ ਆਜ਼ਾਦੀ ਮੰਗਦੇ ਆਗੂਆਂ ਨੂੰ ਯੂ.ਏ.ਪੀ.ਏ. (**Unlawful activities Prevention act**) ਦੇ ਦੋਸ਼ ਤਹਿਤ ਜੇਲ੍ਹਾਂ ਵਿਚ ਤਾੜ ਦਿੱਤਾ ਜਾਂਦਾ ਹੈ। ਡਿਬਰੂਗੜ੍ਹ ਇਸ ਦੀ ਤਾਜ਼ਾ ਮਿਸਾਲ ਹੈ। ਦੂਸਰਾ ਵੱਡਾ ਹਥਿਆਰ ਈ.ਡੀ. (**Directorate of Enforcement**) ਵਲੋਂ ਪੀ.ਐੱਮ.ਐੱਲ.ਏ. (**Prevention of money laundering act**) ਦੇ ਦੋਸ਼ ਤਹਿਤ ਕਿਸੇ ਵੀ ਆਗੂ ਨੂੰ ਖੁਆਰ ਕੀਤਾ ਜਾ ਸਕਦਾ ਹੈ।

ਭਾਰਤ ਦੀ ਨਵੀਂ ਸਾਂਸਦ ਦੀ ਇਮਾਰਤ ਦੀ ਦਿੱਖ ਭਾਵੇਂ ਕਿੰਨੀ ਵੀ ਵਧੀਆ ਕਿਉਂ ਨਾ ਹੋਵੇ ਪਰ ਇਸ 'ਤੇ ਹਾਵੀ ਪ੍ਰਮੁੱਖ ਰਾਜਸੀ ਧਿਰ ਭਾਜਪਾ ਦੇ ਨਾਪਾਕ ਇਰਾਦੇ ਭਾਰਤ ਨੂੰ ਮੁੜ ਤੋਂ ਖੰਡ-ਖੰਡ ਕਰਕੇ ਗੁਲਾਮ ਕਰਨ ਦੇ ਹਨ, ਜਦਕਿ ਇਸ ਦੀ ਸ਼ੁਰੂਆਤ ਭਾਜਪਾ ਨੇ ਸਮੂਹ ਵਿਰੋਧੀ ਧਿਰਾਂ ਨੂੰ ਨਾਰਾਜ਼ ਕਰਕੇ ਅਤੇ ਸਾਂਤਮਈ ਅੰਦੋਲਨ ਕਰ ਰਹੀਆਂ ਪਹਿਲਵਾਨ ਬੀਬੀਆਂ ਦੇ ਹੱਡ ਤੋੜ ਕੇ ਕੀਤੀ ਹੈ। ਇਹੀ ਕਾਰਨ ਹੈ ਕਿ ਇਸ ਦਿਨ 'ਤੇ ਬੀ.ਬੀ.ਸੀ. ਨੇ ਇਹ ਸੁਰਖੀ ਲਾ ਕੇ ਭਾਜਪਾ ਦੇ ਇਰਾਦੇ ਦਾ ਭਾਂਡਾ ਭੰਨਿਆ ਹੈ "ਖਿਡਾਰੀਆਂ ਦੀ ਛਾਤੀ 'ਤੇ ਲੱਗੇ ਤਗਮੇ ਦੇਸ਼ ਦੀ ਸ਼ਾਨ ਹੁੰਦੇ ਹਨ, ਸਰਕਾਰ ਉਨ੍ਹਾਂ ਦੀ ਆਵਾਜ਼ ਨੂੰ ਆਪਣੇ ਬੂਟਾਂ ਹੇਠ ਦਬਾ ਰਹੀ ਹੈ"।

**ਨਵੀਂ ਸਾਂਸਦ ਵਿਚ ਭਗਵੇਂ ਅਖੌਤੀ ਸਾਧੂਆਂ ਦਾ ਬੋਲ ਬਾਲਾ**

ਜਦੋਂ ਕਿਸੇ ਦੇਸ਼ ਦੇ ਖਿਡਾਰੀ ਵੀ ਰਾਜ ਕਰ ਰਹੀ ਪਾਰਟੀ ਖਿਲਾਫ ਵਿਦਰੋਹ ਨਾਲ ਭਰ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ, ਹਾਲਾਤ ਬਹੁਤ ਨਿਰਾਸ਼ਾਜਨਕ ਹਨ। ਸਾਂਸਦ ਦੇ ਉਦਘਾਟਨ 'ਤੇ ਜੋ ਕੁਝ ਪੁਲਿਸ ਪ੍ਰਸ਼ਾਸਨ ਨੇ ਪਹਿਲਵਾਨਾਂ ਨਾਲ ਕੀਤਾ ਅਤੇ ਜਿਸ ਤਰ੍ਹਾਂ ਦਾ ਵਿਖਾਵਾ ਨਰਿੰਦਰ ਮੋਦੀ ਨੇ ਸਾਂਸਦ ਵਿਚ ਕੀਤਾ ਹੈ, ਉਸ ਸਬੰਧੀ ਅਦਾਕਾਰਾ ਪੂਜਾ ਭੱਟ ਦੀ ਟਵੀਟ ਪੜ੍ਹਨ ਕਰਨ ਵਾਲੀ ਹੈ-

ਪੂਜਾ ਭੱਟ ਨੇ ਆਪਣੀ ਟਵੀਟ ਵਿਚ ਲਿਖਿਆ ਹੈ, 'Male priests respectfully escorted through Parliament. Female Athletes man handed on the streets. Joy? Sorrow? Pride?Shame? What are we meant to stay with or feel?'

ਇਸ ਟਵੀਟ ਵਿਚ ਪੂਜਾ ਨੇ ਕਿਹਾ ਹੈ ਕਿ 'ਦੇਸ਼ ਦੀ ਨਵੀਂ ਸਾਂਸਦ ਵਿਚ ਭਗਵੇਂ ਪੁਜਾਰੀਆਂ ਨੂੰ ਤਾਂ ਬੜੇ ਮਾਣ ਨਾਲ ਅੰਦਰ ਲਿਜਾਇਆ ਜਾ ਰਿਹਾ ਸੀ, ਜਦਕਿ ਮਹਿਲਾ ਖਿਡਾਰਨਾਂ ਨੂੰ ਸੜਕਾਂ 'ਤੇ ਘੜੀਸ ਕੇ ਉਨ੍ਹਾਂ ਦੀ ਹੱਤਕ ਕੀਤੀ ਜਾ ਰਹੀ ਸੀ। ਹੁਣ ਦੱਸੋ ਕਿ ਅਸੀਂ ਇਹ ਸਭ ਕੁਝ ਦੇਖ ਕੇ ਕੀ ਖੁਸ਼ੀ ਮਨਾਈਏ? ਦੁੱਖ ਪ੍ਰਗਟ ਕਰੀਏ? ਮਾਣ ਮਹਿਸੂਸ ਕਰੀਏ ਜਾਂ ਕਿ ਸ਼ਰਮ ਮਹਿਸੂਸ ਕਰੀਏ?'

ਇਸੇ ਸਬੰਧ ਵਿਚ ਦੇਸ਼ ਦੇ ਹੋਰ ਅਹਿਮ ਲੋਕਾਂ ਨੇ ਵੀ ਟਵੀਟ ਕੀਤੇ ਹਨ ਪਰ ਪੂਜਾ ਭੱਟ ਦਾ ਇਹ ਟਵੀਟ ਭਾਜਪਾ ਦੇ ਇਰਾਦੇ ਅਤੇ ਕਰਤੂਤ ਦਾ ਭਾਂਡਾ ਭੰਨਦੇ ਹਨ।

ਸੋਸ਼ਲ ਮੀਡੀਏ 'ਤੇ ਕਿਸੇ ਨੇ ਆਜ਼ਾਦ ਭਾਰਤ ਦੇ ਆਗੂਆਂ ਦੀ 1947 ਦੀ ਤਸਵੀਰ ਦਿਖਾਈ ਹੈ, ਜਿਸ ਵਿਚ ਦੋ ਦਰਜਨ ਦੇ ਕਰੀਬ ਸਿੱਖ, ਹਿੰਦੂ, ਮੁਸਲਮਾਨਾਂ, ਦਲਿਤਾਂ ਅਤੇ ਦੇਸ਼ ਦੇ ਹੋਰ ਆਗੂਆਂ ਦੇ ਚਿਹਰੇ ਨਜ਼ਰ ਆਉਂਦੇ ਹਨ ਅਤੇ ਦੂਜੇ ਪਾਸੇ ਨਵੀਂ ਸਾਂਸਦ ਦੇ ਉਦਘਾਟਨ ਸਬੰਧੀ ਮੋਦੀ ਦੇ ਆਲੇ-ਦੁਆਲੇ ਦੋ ਦਰਜਨ ਤੋਂ ਵੱਧ ਭਗਵੇਂ ਅਤੇ ਨਾਂਗੇ ਪੁਜਾਰੀ ਖੜ੍ਹੇ ਹਨ। ਇਹ ਕਾਰਵਾਈ ਵੀ ਦੱਸਦੀ ਹੈ ਕਿ ਇਹ ਸਾਂਸਦ ਕੇਵਲ ਹਿੰਦੂ ਧਰਮ ਦੇ ਬੋਲਬਾਲੇ ਲਈ ਹੈ, ਜਿਥੇ ਕਿ ਪਹਿਲਵਾਨ ਬੀਬੀਆਂ ਦਾ ਸਰੀਰਕ ਸ਼ੋਸ਼ਣ ਕਰਨ ਵਾਲੇ ਬ੍ਰਿਜ ਭੂਸ਼ਣ ਵਰਗੇ ਭਾਜਪਾਈ ਵੀ ਬੈਠਣਗੇ, ਜਿਸ ਦੇ ਕੁਕਰਮ 'ਤੇ ਭਾਜਪਾ ਪਰਦਾਪੋਸ਼ੀ ਕਰ ਰਹੀ ਹੈ।

ਇਨ੍ਹਾਂ ਭਗਵਿਆਂ ਦੀ ਤਸਵੀਰ ਅਤੇ ਪੁਲਿਸ ਦੀ ਧੱਕਾਸ਼ਾਹੀ ਦੌਰਾਨ ਸੜਕ 'ਤੇ ਡਿੱਗੀਆਂ ਪਹਿਲਵਾਨ ਔਰਤਾਂ ਦੀਆਂ ਤਸਵੀਰਾਂ ਨਾਲ ਅਦਾਕਾਰਾ ਸਵਾਰਾ ਭਾਸਕਰ ਨੇ ਟਵੀਟ ਕੀਤੀ ਹੈ, 'Here you go India. Here is what we voted for!' ਇਹ ਟਵੀਟ ਵੀ ਭਾਜਪਾ ਦੇ ਇਰਾਦਿਆਂ ਨੂੰ ਸਾਖਸ਼ਾਤ ਕਰਦੀ ਹੈ ਕਿ ਕੀ ਵਾਕਈ ਦੇਸ਼ ਦੇ ਸ਼ਹਿਰੀਆਂ ਨੇ ਅਜਿਹੇ ਰਾਜ ਪ੍ਰਬੰਧ ਲਈ ਭਾਜਪਾ ਨੂੰ ਵੋਟਾਂ ਪਾਈਆਂ ਸਨ, ਜਿਥੇ ਕਿ ਦੇਸ਼ ਦੀਆਂ ਖਿਡਾਰਨਾਂ ਨੂੰ ਸੜਕਾਂ 'ਤੇ ਦਰੜਿਆ ਜਾ ਰਿਹਾ ਹੈ ਅਤੇ ਨਾਂਗੇ ਸਾਧੂਆਂ ਨੂੰ ਸਾਂਸਦ ਵਿਚ ਸਤਿਕਾਰਿਆ ਜਾ ਰਿਹਾ ਹੈ।

ਅੱਜ ਪੰਜਾਬ ਵਿਚ ਸ਼ਾਇਦ ਹੀ ਕੋਈ ਦਿਨ ਲੰਘਦਾ ਹੋਵੇ, ਜਦੋਂ ਕਿਸੇ ਨਾ ਕਿਸੇ ਗੁਰਦੁਆਰੇ ਵਿਚ ਬੇਅਦਬੀ ਨਾ ਕੀਤੀ ਜਾਂਦੀ ਹੋਵੇ। ਦੁਨੀਆਂ ਦੇ ਸਭ ਤੋਂ ਵੱਡੇ ਲੋਕ ਰਾਜ ਦੀ ਪੁਲਿਸ ਅਤੇ ਪ੍ਰਸ਼ਾਸਨ ਇਸ ਕੁਕਰਮ ਪ੍ਰਤੀ ਮਹਿਜ਼ ਦਰਸ਼ਕ ਬਣੀ ਹੋਈ ਹੈ। ਜਿਨ੍ਹਾਂ ਸਿੱਖਾਂ ਨੇ ਭਾਰਤ ਨੂੰ ਮੁਗਲਾਂ ਅਤੇ ਫਿਰੰਗੀਆਂ ਦੀ ਗੁਲਾਮੀ ਤੋਂ ਮੁਕਤ ਕੀਤਾ ਅੱਜ ਹਰ ਪੱਧਰ 'ਤੇ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਬੰਦੀ ਸਿੱਖਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਜਾਣ 'ਤੇ ਵੀ ਉਨ੍ਹਾਂ ਨੂੰ ਛੱਡਿਆ ਨਹੀਂ ਜਾ ਰਿਹਾ। ਸਿੱਖੀ ਦਾ ਪ੍ਰਚਾਰ ਕਰਨ ਵਾਲੇ ਅਤੇ ਆਜ਼ਾਦੀ ਮੰਗ ਰਹੇ ਨੌਜਵਾਨਾਂ 'ਤੇ ਦੇਸ਼ ਧ੍ਰੋਹੀ ਦੇ ਕੇਸ ਬਣਾ ਕੇ ਉਨ੍ਹਾਂ ਨੂੰ ਡਿਬਰੂਗੜ੍ਹ ਦੀ ਜੇਲ੍ਹ ਵਿਚ ਜਲਾਵਤਨ ਕੀਤਾ ਗਿਆ ਹੈ। ਪੰਜਾਬ ਦੇ ਪਾਣੀ ਕੇਂਦਰ ਨੇ ਜ਼ਬਰਦਸਤੀ ਖੋਹ ਕੇ ਪੰਜਾਬ ਨੂੰ ਰੇਗਿਸਤਾਨ ਬਣਨ ਦੇ ਰਾਹ ਪਾ ਦਿੱਤਾ ਹੈ। ਸਿੱਖ ਕੌਮ ਵਿਚ ਅੰਦਰ ਹੀ ਅੰਦਰ ਜਿਥੇ ਗੁਲਾਮੀ ਦਾ ਅਹਿਸਾਸ ਵੱਧਦਾ ਜਾ ਰਿਹਾ ਹੈ, ਉਥੇ ਅਜ਼ਾਦੀ ਦੀ ਉਮੰਗ ਵੀ ਬੁਲੰਦ ਹੁੰਦੀ ਜਾ ਰਹੀ ਹੈ। ਜਿਵੇਂ ਸਿੱਖਾਂ ਦੀ ਅਗਵਾਈ ਨੇ ਕਿਸਾਨੀ ਮੋਰਚਾ ਫਤਹਿ ਕੀਤਾ ਹੈ, ਜਾਪਦੈ ਕਿ ਘੱਟਗਿਣਤੀਆਂ ਦੀ ਆਜ਼ਾਦੀ ਲਈ ਵੀ ਇਨ੍ਹਾਂ ਭਗਵਿਆਂ ਖਿਲਾਫ ਸ਼ਾਇਦ ਸਿੱਖ ਸ਼ਕਤੀ ਨੂੰ ਹੀ ਅਗਵਾਈ ਕਰਨੀ ਪਵੇਗੀ।

# ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ, ਪਿੰਡ ਘੁਲਾਲ (ਸਮਰਾਲਾ)


**ਤਰਸਵਿੰਦਰ ਸਿੰਘ ਬੜੈਚ**
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)







ਪਿੰਡ ਘੁਲਾਲ ਲੁਧਿਆਣਾ ਜ਼ਿਲ੍ਹੇ ਵਿਚ ਪੈਂਦਾ ਹੈ। ਇਹ ਪਿੰਡ ਚੰਡੀਗੜ੍ਹ-ਲੁਧਿਆਣਾ ਰਾਸ਼ਟਰੀ ਮਾਰਗ 95 ਤੋਂ ਥੋੜ੍ਹਾ ਪਿੱਛੇ ਹਟ ਕੇ ਪੱਛਮ ਵੱਲ ਵਸਿਆ ਹੋਇਆ ਹੈ। ਪਿੰਡ ਦਾ ਮੁੱਖ ਦੁਆਰ ਰਾਸ਼ਟਰੀ ਮਾਰਗ 95 ਵੱਲ੍ਹ ਹੈ। ਅਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਇਸ ਪਿੰਡ ਵਿਚੋਂ ਦੀ ਲੰਘਦਾ ਹੈ। ਇਸ ਧਰਤੀ ਨੂੰ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੀ ਚਰਨਛੋਹ ਪ੍ਰਾਪਤ ਹੈ। ਗੁਰਦੁਆਰਾ ਮੰਜੀ ਸਾਹਿਬ ਛੇਵੇਂ ਪਿਤਾ ਜੀ ਦੀ ਚਰਨਛੋਹ ਧਰਤੀ 'ਤੇ ਬਣਿਆ ਹੋਇਆ ਹੈ। ਇਸ ਦਾ ਇਤਿਹਾਸ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਬਠਿੰਡਾ ਦੀ ਜੰਗ ਤੋਂ ਬਾਅਦ ਮਾਲਵੇ ਦੀ ਯਾਤਰਾ ਨਾਲ ਜੁੜਿਆ ਹੋਇਆ ਹੈ। ਗੁਰੂ ਜੀ 1685 ਬਿਕਰਮੀ ਵਿਚ ਗੁਰੂਸਰ ਮਹਾਰਾਜ ਬਠਿੰਡਾ ਦੀ ਜੰਗ ਤੋਂ ਬਾਅਦ ਮਾਲਵੇ ਦੀ ਯਾਤਰਾ ਕਰਦੇ ਹੋਏ ਕੀਰਤਪੁਰ ਸਾਹਿਬ ਨੂੰ ਜਾਂਦੇ ਹੋਏ ਇਸ ਅਸਥਾਨ 'ਤੇ ਕੁੱਝ ਸਮੇਂ ਵਾਸਤੇ ਠਹਿਰੇ ਸਨ। ਇਹ ਪਿੰਡ ਉਸ ਸਮੇਂ ਪੂਰਾ ਆਬਾਦ ਨਹੀਂ ਸੀ, ਜਦੋਂ ਗੁਰੂ ਹਰਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਜੀ ਇਥੇ ਆ ਕੇ ਠਹਿਰੇ ਸਨ। ਇਲਾਕੇ ਦੀਆਂ ਸੰਗਤਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਥੇ ਇੱਕ ਸ਼ੇਰ ਆਉਂਦਾ ਹੈ, ਜੋ ਕਾਫੀ ਨੁਕਸਾਨ ਕਰਦਾ ਹੈ। ਕਿਰਪਾ ਕਰਕੇ ਇਸ ਸ਼ੇਰ ਦਾ ਸ਼ਿਕਾਰ ਕੀਤਾ ਜਾਵੇ। ਗੁਰੂ ਜੀ ਨੇ ਸੰਗਤਾਂ ਦੀ ਬੇਨਤੀ ਮੰਨ ਕੇ ਸ਼ੇਰ ਦਾ ਸ਼ਿਕਾਰ ਕੀਤਾ ਸੀ।

ਸੰਨ 1965 ਵਿਚ ਇਹ ਜ਼ਮੀਨ ਕਰਤਾਰ ਸਿੰਘ ਨਾਂਅ ਦੇ ਇੱਕ ਬੰਦ ਦੇ ਹਿੱਸੇ ਆਈ। 17 ਅਪ੍ਰੈਲ 1965 ਵਾਲੇ ਦਿਨ ਕਰਤਾਰ ਸਿੰਘ ਜਦੋਂ ਇਸ ਜ਼ਮੀਨ ਵਿਚ ਹੱਲ ਵਾਹ ਰਿਹਾ ਸੀ, ਤਾਂ ਅਚਾਨਕ ਕਰਤਾਰ ਸਿੰਘ ਦੇ ਹਲ ਦਾ ਫਾਲਾ ਮੰਜੀ ਸਾਹਿਬ ਵਿਚ ਲੱਗਾ, ਜਦੋਂ ਉਸ ਨੇ ਜਗ੍ਹਾਂ ਪੁੱਟ ਕੇ ਵੇਖੀ, ਤਾਂ ਪਵਿੱਤਰ ਮੰਜੀ ਸਾਹਿਬ ਦੇ ਦਰਸ਼ਨ ਹੋਏ। ਬਾਬਾ ਪਿਆਰਾ ਸਿੰਘ ਝਾੜ ਸਾਹਿਬ ਵਾਲਿਆਂ ਤੋਂ ਇਸ ਗੁਰਧਾਮ ਦੀ ਨੀਂਹ ਰਖਵਾ ਕੇ ਦਰਬਾਰ ਸਾਹਿਬ ਦੀ ਉਸਾਰੀ ਕੀਤੀ ਗਈ, ਜਿੱਥੇ ਹਰ ਮਹੀਨੇ ਪੂਰਨਮਾਸ਼ੀ ਵਾਲੇ ਦਿਨ ਭਾਰੀ ਜੋੜ ਮੇਲਾ ਲੱਗਦਾ ਹੈ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ। ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰੀ ਭਰਦੀਆਂ ਹਨ। ਗੁਰਦੁਆਰੇ ਵਿਚ ਪਾਰਕਿੰਗ ਦਾ ਖੁੱਲ੍ਹਾ ਪ੍ਰਬੰਧ ਹੈ। ਮੁਲਾਜ਼ਮਾਂ ਦੇ ਰਹਿਣ ਲਈ ਕਮਰੇ ਵੀ ਬਣੇ ਹੋਏ ਹਨ ਤੇ ਖੱਬੇ ਹੱਥ ਲੰਗਰ ਹਾਲ ਵੀ ਬਣਿਆ ਹੋਇਆ ਹੈ। ਸੱਜੇ ਹੱਥ ਇੱਕ ਪੁਰਾਤਨ ਬੇਰੀ ਦਾ ਦਰੱਖਤ ਵੀ ਖੜ੍ਹਾ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਹੀ ਪੁਰਾਤਨ ਹੈ। ਇਹ ਪਿੰਡ ਲੁਧਿਆਣਾ ਜ਼ਿਲ੍ਹੇ ਦੀ ਸਮਰਾਲਾ ਤਹਿਸੀਲ ਦਾ ਇਤਿਹਾਸਕ ਪਿੰਡ ਹੈ, ਜਿਹੜਾ ਸਮਰਾਲੇ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਲੁਧਿਆਣਾ-ਚੰਡੀਗੜ੍ਹ ਰਾਸ਼ਟਰੀ ਮਾਰਗ 95 ਸੜਕ ਤੋਂ ਥੋੜ੍ਹਾ ਪਿੱਛੇ ਹੱਟ ਕੇ ਵਸਿਆ ਹੋਇਆ ਹੈ। ਨੀਲੋਂ ਨਹਿਰੀ ਰੈਸਟ ਹਾਊਸ ਤੋਂ ਇਸਦੀ ਦੂਰੀ ਚਾਰ ਕਿਲੋਮੀਟਰ ਹੈ।

## ਯੁੱਧ ਹਿੰਦ ਪੰਜਾਬ ਦਾ

**(ਬਲੂ ਸਟਾਰ ਉਪਰੇਸ਼ਨ)**

ਤਪਦੀ ਪਈ ਰੁੱਤ ਉੱਤੋਂ ਜੂਨ ਦਾ ਮਹੀਨਾ ਸੀ,
ਕੜਕਦੀ ਧੁੱਪ ਤਿਪ-ਤਿਪ ਚੋਂਦਾ ਪਸੀਨਾ ਸੀ।
ਸੰਗਤ 'ਕੱਠੀ ਸ਼ਹੀਦੀ ਪੁਰਬ ਮਨਾਉਂਦੀ ਸੀ,
ਜ਼ਾਲਮਾਂ ਨੂੰ ਨਾ ਇਹੋ ਗੱਲ ਕਦੇ ਭਾਉਂਦੀ ਸੀ।

ਚਾਰੇ ਪਾਸੇ ਰਾਤੋ-ਰਾਤ ਕਰਫਿਊ ਸੀ ਲਾ 'ਤਾ,
ਨੂੜਕੇ ਪੰਜਾਬ ਚੱਕਰਵਿਊ 'ਚ ਸੀ ਫਸਾ 'ਤਾ।
ਚੁਫ਼ੇਰੇ ਪੁਲਿਸ ਨੇ ਪਾ ਲਈਆਂ ਛਾਉਣੀਆਂ,
ਪਰ ਜਨਤਾ ਹੈਰਾਨ ਤੱਕ ਇਹ ਅਨਹੋਣੀਆਂ।

ਕੇਸਗੜ੍ਹ ਸਣੇ ਸੌ ਗੁਰਦਵਾਰੇ ਸੀ ਘੇਰ ਲਏ,
ਹਰਮੰਦਿਰ ਸਾਹਿਬ ਨਾਕਾ ਲਾ ਕੇ ਵੈਰ ਲਏ।
ਜੰਗ ਸਿੰਘਾਂ ਨਾਲ਼ ਕਰਨ ਦੀ ਤਿਆਰੀ ਸੀ,
ਇੰਦਰਾ ਦੀ ਤਾਂ ਸਮਝੋ ਗਈ ਮੱਤ ਮਾਰੀ ਸੀ।

ਚੁੱਕ ਰੂਸ, ਇੰਗਲੈਂਡ ਦੀ 'ਚ ਝੱਟ ਆਈ ਸੀ,
ਘਰ ਦੇ ਹੀ ਭੇਤੀਆਂ ਨੇ ਸੱਦਕੇ ਬੁਲਾਈ ਸੀ।
ਬਲਦੀ 'ਤੇ ਤੇਲ ਰਕੀਬਾਂ ਆਣ ਪਾਇਆ ਸੀ,
ਬਲ਼ੀ ਦੇ ਬੱਕਰੇ ਅਣਭੋਲਾਂ ਨੂੰ ਬਣਾਇਆ ਸੀ।

ਨਾ ਕੋਈ ਚਿਤਾਵਨੀ ਅਗਾਊਂ ਸੁਣਾਈ ਕਿਤੇ,
ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕੱਟ ਦਿੱਤੇ।
ਸੰਗਤਾਂ ਨੇ ਪਰਿਕਰਮਾ 'ਚ ਜਾਪ ਸ਼ੁਰੂ ਕਰ 'ਤੇ,
ਵਾਹਿਗੁਰੂ ਵਾਹਿਗੁਰੂ ਦੇ ਅਲਾਪ ਸ਼ੁਰੂ ਕਰ 'ਤੇ।

ਕੀ ਭਾਣਾ ਵਰਤੇਗਾ ਨਾ ਇਲਮ ਕਿਸੇ ਤਾਂਈ ਸੀ,
ਜਪੁਜੀ ਸੁਖਮਨੀ ਦੀ ਧੁਨ ਦਿੰਦੀ ਸੁਣਾਈ ਸੀ।
ਤਾੜ-ਤਾੜ ਦੀਆਂ ਆਵਾਜ਼ਾਂ ਇੱਕਦਮ ਆਈਆਂ,
ਬੁਛਾੜ ਗੋਲ਼ੀਆਂ ਨੇ ਝੱਟ ਭਾਜੜਾਂ ਸੀ ਪਾਈਆਂ।

ਲਾਸ਼ਾਂ ਦੇ ਸਕਿੰਟਾਂ ਵਿਚ ਹੀ ਲੱਗ ਗਏ ਢੇਰ ਸੀ,
ਲੱਥਪੱਥ ਪਰਿਕਰਮਾ ਲਾਲ ਰੰਗੇ ਗਏ ਫੇਰ ਸੀ।
ਹੋਈ ਬੰਬਾਰੀ ਬਾਹਲ਼ੀ ਉੱਡਦੇ ਗਏ ਸੀ ਲੋਥੜੇ,
ਬੁੱਢੇ, ਜਵਾਨ, ਬੱਚੇ ਮਰੇ ਉਤੇੜ ਜਿਨ੍ਹਾਂ ਦੇ ਪੋਤੜੇ।

ਹਾਹਾਕਾਰ ਮਚੀ ਸਰੋਵਰ ਲਾਸ਼ਾਂ ਨਾਲ਼ ਭਰਿਆ,
ਅਕਾਲ ਤਖ਼ਤ, ਹਰਿਮੰਦਰ ਛਲਣੀ ਸੀ ਕਰਿਆ।
ਸੁਬੇਗ ਸਿੰਘ ਸੰਤ ਜਰਨੈਲ ਸਿੰਘ ਸ਼ਹੀਦ ਹੋਏ,
ਹੰਝੂਆਂ ਦੇ ਬੁੱਕ ਭਰ ਸਿੱਖ ਸੰਗਤਾਂ ਨੇ ਫੇਰ ਰੋਏ।

ਅਨਮੋਲ ਹੀਰੇ ਕੌਮ ਦੇ ਅੰਜਾਈਂ ਮੌਤੇ ਰੁੜ੍ਹ ਗਏ,
ਨਵੇਂ ਵਿਭੀਸ਼ਨ ਪਿੱਛੋਂ ਵਜ਼ੀਰੀਆਂ 'ਤੇ ਡੁੱਲ੍ਹ ਗਏ।
ਚਾਰ ਦਿਨ ਚਾਰ ਰਾਤਾਂ ਬੀਤਦੀ ਅਣਹੋਣੀ ਰਹੀ,
ਮਰੀਆਂ ਜ਼ਮੀਰਾਂ ਬੰਦ ਜ਼ੁਬਾਨੋਂ ਅਣਕਹੀ ਰਹੀ।

ਤੱਕ ਕੇ ਸਿੱਖਾਂ ਦੇ ਸੀਨੇ ਤਪੇ ਵਾਂਗਰਾਂ ਤੰਦੂਰ ਸੀ,
ਅੱਖਾਂ 'ਚ ਖ਼ੂਨ ਪਰ ਚੇਹਰਾ ਹੋਇਆ ਬੇਨੂਰ ਸੀ।
ਬੇਸ਼ਕੀਮਤੀ ਤੋਸ਼ਾਖ਼ਾਨਾ ਹੋਏ ਸੜ ਕੇ ਸੁਆਹ ਸੀ,
ਸਿੱਖ ਕੇਂਦਰੀ ਲਾਇਬਰੇਰੀ ਸੜ ਹੋਈ ਤਬਾਹ ਸੀ।
ਵਿਰਸੇ ਦਾ ਅਨਮੋਲ ਖ਼ਜ਼ਾਨਾ ਫੌਜਾਂ ਸੀ ਲੁੱਟਿਆ,
ਨਾ ਕੋਈ ਖੁਰਾ ਖੋਜ ਹੈ ਕਿੱਥੇ ਲਿਜਾ ਕੇ ਸੁੱਟਿਆ।
ਕਰਕੇ ਭੰਡੀ ਪ੍ਰਚਾਰ ਵੈਰੀ ਵਤਨ ਦਾ ਬਣਾ ਦਿੱਤਾ,
ਜਿਹਦੇ ਧਰਮ ਬਚਾਏ, ਉਨ੍ਹਾਂ ਫੈਸਲਾ ਸੁਣਾ ਦਿੱਤਾ।

ਹਿੰਦ ਅਤੇ ਪੰਜਾਬ ਵਾਲ਼ਾ ਯੁੱਧ ਇੰਝ ਹੋਇਆ ਸੀ,
ਆਪਣਿਆਂ ਨੇ ਆਪਣੇ ਬੇਰਹਿਮ ਹੋ ਕੋਹਿਆ ਸੀ।
ਵੋਟਾਂ ਵੇਲ਼ੇ ਸਿੱਖਾਂ ਨੂੰ ਸਿਆਸਤੀ ਯਾਦ ਕਰਾਂਵਦੇ,
ਪਰ ਵੋਟਾਂ ਪੁਆ ਕੇ ਝੱਟ ਫਿਰ ਉੱਤੇ ਮਿੱਟੀ ਪਾਂਵਦੇ।

-ਸੇਵਾ ਸਿੰਘ "ਨੂਰਪੁਰੀ"
(Punjab Mail USA)



## ਇਸ਼ਕਾ ਸਲਾਮ ਤੈਨੂੰ...

ਜੇ ਸਿਰ ਕਿਸੇ ਚੜ੍ਹ ਜਾਏ ਪਰਬਤ ਵੀ ਚੀਰ ਦੇਵੇ,
ਸਾੜ ਕੋਈ ਥਲਾਂ ਵਿਚ ਆਪਣਾ ਸਰੀਰ ਦੇਵੇ।

ਸ਼ਹਿਜ਼ਾਦਿਆਂ ਦੇ ਪਾਸੋਂ ਮੱਝਾਂ ਚਰਾ ਦਏ ਤੂੰ,
ਕੰਨਾਂ 'ਚ ਪਾ ਕੇ ਮੁੰਦਰਾਂ ਦਰ ਦਰ ਮੰਗਾ ਦਏ ਤੂੰ।

ਦੇਂਦੀ ਹੈ ਦੁਨੀਆਂ ਰੱਬ ਤੋਂ ਦੂਜਾ ਮੁਕਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।

ਦਿੱਤੀ ਕਿਸੇ ਆਹੂਤੀ ਕੱਚੇ ਘੜੇ 'ਤੇ ਤਰਕੇ,
ਯਾਰਾਂ ਤਾਈਂ ਖਲਾਇਆ ਪੱਟਾਂ ਦਾ ਮਾਸ ਧਰ ਕੇ।

ਦੇਖੇ ਨਾ ਕੋਈ ਦਿਨ ਨੂੰ ਦੇਖੇ ਨਾ ਰਾਤ ਕੋਈ,
ਦੇਖੇ ਨਾ ਤੂੰ ਉਮਰ ਨੂੰ ਪਰਖੇ ਨਾ ਜਾਤ ਕੋਈ।

ਚੜ੍ਹ ਕੇ ਕਿਸੇ ਨੇ ਸੂਲੀ ਦਿੱਤਾ ਅੰਜ਼ਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।

ਘਰ-ਬਾਰ ਧਰਮ ਰਿਸ਼ਤੇ ਸਭ ਕੁਝ ਭੁਲਾ ਦਏਂ ਤੂੰ,
ਸ਼ੋਹਰਤ ਸਿਹਤ ਤੇ ਦੌਲਤ ਸਭ ਕੁਝ ਗਵਾ ਦਏ ਤੂੰ।

ਤੂੰ ਹੀ ਤੂੰ ਹੀ ਤੂੰ ਹੀ ਤੂੰ ਅਪਣੀ ਨਾ ਸਾਰ ਕੋਈ,
ਨਹੀਂ ਡਰ ਓਲ੍ਹਾਮਿਆਂ ਦਾ ਦੇਵੇ ਹਜ਼ਾਰ ਕੋਈ।

ਆਪਣੇ ਲਹੂ ਦਾ ਆਸ਼ਕ ਦੇਂਦੇ ਨੇ ਜਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।

ਤੇਰੀ ਗਲੀ 'ਚ ਆਉਣਾ ਸਿਰ ਨੂੰ ਤਲੀ 'ਤੇ ਧਰਨਾ,
ਖੁਦ 'ਚੋਂ ਖੁਦੀ ਗਵਾ ਕੇ ਪੈਂਦਾ ਹੈ ਜੀਂਦੇ ਮਰਨਾ।

ਪਾਗਲ ਕਹੇ ਜ਼ਮਾਨਾ ਹੱਸ-ਹੱਸ ਕੇ ਟਾਲ ਦੇਣਾ,
ਖੁਦ ਹੌਕਿਆਂ ਦੀ ਅੱਗ ਵਿਚ ਸਧਰਾਂ ਨੂੰ ਬਾਲ਼ ਦੇਣਾ

ਦੁਨੀਆਂ ਦੀ ਹਰ ਨਿਆਮਤ ਸਭ ਕੁਝ ਹਰਾਸ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ।

ਇਕ ਧਾਰ ਆਪਣੇ ਤੋਂ ਦੁਨੀਆਂ ਨੂੰ ਹੇਚ ਜਾਣੇ,
ਛੱਡ ਕੇ ਤੇ ਬਾਦ ਸ਼ਾਹੀਆਂ ਦਰ-ਦਰ ਦੀ ਖਾਕ ਛਾਣੇ।

ਬੁੱਲ੍ਹੇ ਦੇ ਵਾਂਗੋ ਨੱਚ-ਨੱਚ ਤੈਨੂੰ ਕੋਈ ਮਨਾਏ,
ਦੁਨੀਆਂ ਤੋਂ ਹੋ ਬਰਕਤ ਤੇਰੇ ਹੀ ਗੀਤ ਗਾਏ।

ਆਖਣ ਸਿਆਣੇ 'ਦਰਦੀ' ਸਭ ਬੇਲਗਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ, ਇਸ਼ਕਾ ਸਲਾਮ ਤੈਨੂੰ

-ਸਤਨਾਮ ਸਿੰਘ ਦਰਦੀ ਚਾਨੀਆਂ-
ਜਲੰਧਰ, 92569-73526
(Punjab Mail USA)



## ਸ਼ਹੀਦੀ

**ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ**

ਸ਼ਹੀਦੀ ਕੋਈ ਸਾਧਾਰਨ ਮੌਤ ਦਾ ਨਾਮ ਨਹੀਂ
ਸ਼ਹੀਦੀ ਦੀ ਪਦਵੀ ਬਹੁਤ ਉੱਚੀ ਹੁੰਦੀ ਏ
ਸ਼ਹੀਦੀ ਦਾ ਸੰਬੰਧ ਅਣਖ, ਹੱਕ, ਸੱਚ, ਇਨਸਾਫ,
ਆਜ਼ਾਦੀ, ਕੁਰਬਾਨੀ ਦੇ ਜਜ਼ਬੇ, ਸੂਰਬੀਰਤਾ, ਨੈਤਿਕਤਾ
ਅਤੇ ਜਿਊਂਦੀ ਜਾਗਦੀ ਜ਼ਮੀਰ ਨਾਲ ਹੁੰਦਾ ਏ
ਸ਼ਹੀਦ, ਹੱਕ, ਸੱਚ, ਇਨਸਾਫ ਤੇ ਆਜ਼ਾਦੀ ਲਈ
ਸ਼ਹਾਦਤ ਦਾ ਜਾਮ ਤਾਂ ਪੀ ਸਕਦਾ ਏ
ਪਰ ਅਨਿਆਂ, ਅੱਤਿਆਚਾਰ, ਪੱਖਪਾਤ,
ਤੇ ਝੂਠ ਅੱਗੇ ਝੁੱਕ ਨਹੀਂ ਸਕਦਾ
ਸ਼ਹੀਦ ਆਪਣੇ ਆਪ ਨੂੰ ਕੁਰਬਾਨ ਤਾਂ ਕਰ ਸਕਦਾ ਏ
ਪਰ ਆਪਣੇ ਆਦਰਸ਼ ਤੇ ਵਿਚਾਰਧਾਰਾ ਤੋਂ ਪਿੱਛੇ ਨਹੀਂ ਹੱਟ ਸਕਦਾ
ਸ਼ਹੀਦ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦਾ ਏ
ਸ਼ਹੀਦ ਕੌਮ ਦਾ ਸਰਮਾਇਆ ਹੋਇਆ ਕਰਦਾ ਏ
ਕੌਮਾਂ ਸਦਾ ਜਿਊਂਦੀਆਂ ਉਹ ਰਹਿੰਦੀਆਂ ਨੇ
ਜਿਹੜੀਆਂ ਕੌਮਾਂ ਸ਼ਹੀਦਾਂ ਦਾ ਮਾਣ ਕਰਦੀਆਂ ਨੇ
ਕੌਮਾਂ ਸਦਾ ਜਿਊਂਦੀਆਂ ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ
ਕੌਮਾਂ ਬਣਦੀਆਂ ਨਹੀਂ ਪੈਸੇ ਤੇ ਸੋਨੇ ਨਾਲ
ਕੌਮਾਂ ਬਣਦੀਆਂ ਮਹਾਨ ਬੰਦਿਆਂ ਦੇ
ਮਹਾਨ ਕੰਮਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨਾਲ
ਉਹ ਕੌਮਾਂ ਪਾ ਲੈਂਦੀਆਂ ਨੇ ਮੰਜ਼ਿਲਾਂ ਨੂੰ
ਜਿਹੜੀਆਂ ਖਹਿ ਜਾਂਦੀਆਂ ਨਾਲ ਮੁਸੀਬਤਾਂ ਦੇ
ਕਾਨੀ ਸਦਾ ਹੀ ਰਹੀ ਲਿਖਦੀ ਖ਼ੂੰਨੀ ਪੱਤਰੇ
ਸਮਾਂ ਸੂਝ ਦੀਆਂ ਛੁਰੀਆਂ ਉਲਾਰਦਾ ਰਿਹਾ
ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ
ਵਤਨ ਪਰ ਮਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955
(Punjab Mail USA)



## "ਆਸ਼ੇ ਪਿੱਛੇ ਪਾ ਲਿਆ ਹੜੰਬਾ ਜੱਟ ਨੇ"

ਤੰਗਲੀ ਹੈ ਮੋਢੇ ਉੱਤੇ ਧਰੀ ਜੱਟ ਨੇ
ਖੇਤਾਂ ਵੱਲ ਚੱਲਿਆ
ਤੰਗਲੀ ਹੈ ਮੋਢੇ ਉੱਤੇ ਧਰੀ ਜੱਟ ਨੇ
ਖੇਤਾਂ ਵੱਲ ਚੱਲਿਆ
ਹੱਥ ਵਿਚ ਦਾਤੀ ਸਿਰ ਮਾਰਿਆ ਮੜਾਸਾ
ਕਹਿੰਦਾ ਚੱਲ ਬੱਲਿਆ
ਠੰਡੇ ਠੰਡੇ ਪੂਰਾ ਪ੍ਰੀਵਾਰ ਚੱਲਿਆ
ਵੱਢਣ ਲਈ ਕਣਕਾਂ।
ਆਸ਼ੇ ਪਿੱਛੇ ਪਾ ਲਿਆ ਹੜੰਬਾ ਜੱਟ ਨੇ
ਕੱਢਣ ਲਈ ਕਣਕਾਂ।
ਖੇਤਾਂ ਵਿਚ ਕਣਕ ਸੁਨਿਹਰੀ ਰੰਗ ਦੀ
ਤੱਕ ਜੱਟ ਹਸਦਾ
ਹੱਥ ਜੋੜ ਕਰੇ ਸ਼ੁਕਰਾਨਾਂ ਰੱਬ ਦਾ
ਜਦੋਂ ਕੋਲੋਂ ਲਖਦਾ
ਗੁਰੂ ਘਰੇ ਭਰਕੇ ਟਰਾਲੀ ਜਾਂਵਦਾ
ਛੱਡਣ ਲਈ ਕਣਕਾਂ।
ਜੱਟ ਨੇ ਹੜੰਬਾ..........।
ਪੰਜ ਕਿੱਲੇ ਕੱਢਣੇ ਕੰਬਾਈਨ ਨਾਲ ਨੇ
ਨਹੀਓਂ ਕਾਹਲੀ ਕਰਨੀ
ਪਸ਼ੂਆਂ ਲਈ ਤੂੜੀ ਵੀ ਬਨਾਉਣੀਂ ਜੱਟ ਨੇ
ਹੈ ਸਵਾਤ ਭਰਨੀ
ਰੋਟੀ ਲੈ ਕੇ ਚੱਲੀ ਅੱਜ ਜੱਟੀ ਖੇਤ ਨੂੰ
ਪੈਂਦੀਆਂ ਨੇ ਛਣਕਾਂ।
ਜੱਟ ਨੇ ਹੜੰਬਾ..............।
ਤੂੜੀ ਤੰਦ ਸਾਂਭ ਦਾਣਾ ਫੱਕਾ ਸਾਂਭ ਕੇ
ਚੱਲ ਪਿਆ ਮੇਲੇ ਨੂੰ
ਧੂਮਾਂ ਪਾਇਆ ਚਾਦਰਾ ਤੇ ਜੁੱਤੀ ਕੱਢਮੀਂ
ਭੁੱਲਿਆ ਝਮੇਲੇ ਨੂੰ
"ਗਿੱਲ ਮਲਕੀਤ" ਨਹੀਓਂ ਝੱਲ ਹੁੰਦੀਆਂ
ਜੱਟ ਦੀਆਂ ਮੜਕਾਂ।
ਆਸ਼ੇ ਪਿੱਛੇ ਪਾ ਲਿਆ ਹੜੰਬਾ ਜੱਟ ਨੇ
ਕੱਢਣ ਲਈ ਕਣਕਾਂ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
94174-90943
(Punjab Mail USA)



## 3 ਜੂਨ ਵਿਸ਼ਵ ਸਾਈਕਲ ਦਿਵਸ 'ਤੇ ਵਿਸ਼ੇਸ਼



ਸਾਈਕਲ ਦੀ ਤੂੰ ਕਰ ਅਸਵਾਰੀ,
ਹੈ ਕੋਈ ਖਰਚਾ ਨਾ ਬਿਮਾਰੀ।

ਨਾ ਹੀ ਲੁੱਟ ਤੇ ਖੋਹ ਦਾ ਗ਼ਮ,
ਨਾ ਹੀ ਪੁਲਸੀਏ ਲਾਹੁਣ ਚੰਮ।

ਨਾ ਲਾਈਸੈਂਸ ਤੇ ਨ ਕੋਈ ਕਾਗ਼ਤ,
ਬਹੁਤ ਥੋੜੀ ਹੈ ਇਸ ਦੀ ਲਾਗ਼ਤ।

ਪੁੱਤ ਮੇਰਾ ਨਾ ਆਇਆ ਤੀਕਣ,
ਫ਼ਿਕਰ ਕਰੇ ਨ ਮਾਂ ਕੋਈ ਈਕਣ।

ਸਾਬੀ ਜੌਨੀ ਛੱਡ ਦੇ ਗੱਲ,
ਇਹ ਸੱਭ ਹੈ ਦੁਨਿਆਵੀ ਛੱਲ।

ਆਖੇ ਲੱਗ ਕੇ ਲੈ ਲਾ ਸਾਈਕਲ,
ਸਿਹਤ ਬਣਾ ਲੈ ਵਾਂਗਰ ਮਾਈਕਲ।

ਪੱਟ ਡੌਲੇ ਤਾਂ ਈਕੂੰ ਫਰਕਣ,
ਵਾਰ ਗਾਉਂਦੇ ਜਿਉਂ ਢਾਡੀ ਗਰਜਣ।


ਨਾਲੇ ਬਣੇ ਸਿਹਤ ਔਰ ਸ਼ਾਨ,
ਦੇਖ ਜਿਸਮ ਵਿਚ ਪੈਂਦੀ ਜਾਨ।

ਇਹ ਗੱਡੀ ਬਿਨ ਤੇਲ ਤੋਂ ਚੱਲਦੀ,
ਦੇਖ ਜਵਾਨੀ ਫੁੱਲਦੀ ਫੱਲਦੀ।

ਸਾਈਕਲ ਦੀ ਤੂੰ.... ....।

ਲੇਖਕ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)




REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove
Bradshaw
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567